93 ਵਾਂ ਸਾਲ
ਅੰਕ 9
ਕੁਲ ਅੰਕ
#946

ਪ੍ਰੀਤ ਲੜੀ

Since 1933
Preet Lari Magazine
The Oldest Punjabi Literary Journal

ਸਤੰਬਰ 2026|₹50

MAJ. GEN. Sir S. S. SOKHEY —A REMARKABLE SCIENTIFIC LIFE

A LIFE DEVOTED TO SAVING LIVES, BUILDING INDIA'S SCIENTIFIC INDEPENDENCE

(handwritten document is with his very capable inheritor- Dr. Miss JS Sokhey Ex Dir. CRI, Kasauli, his great-grandniece, Pkla.)



15 Dec,1987, Amritsar - 24 October, 1971, Delhi

FREE INDIA HAS YET TO ACKNOWLEDGE- *India owes him for the establishment of the Drug Industry*

Maj. Gen. Sir S. S. Sokhey's life - the story of modern medicine and public health in India!

1. His work helped lay foundations of India's **indigenous drug and vaccine industry.**

2. Helped Make Essential Medicines Affordable.

3. His Pioneering Work on PLAGUE SAVED LIVES.

4. Transformed HAFFKINE INSTITUTE- annual income rose from ₹3 lakh to ₹30 lakh.

5. BUILT TEAM OF INDIAN SCIENTISTS creating an Indian scientific community.

6. DEVELOPED VACCINES , SERA OF INTERNATIONAL IMPORTANCE- Plague and cholera vaccines, tetanus, diphtheria, gas gangrene. Produced a freeze-dried anti-snake-venom serum effective against the 4 major poisonous snakes of India.

7. UNDERSTOOD INDIA Needed TO Manufacture Drugs- Not Just Import Them. Repeatedly asked Indian Government to establish manufacturing plants for antibiotics, essential drugs.

Travelled to North America, Europe to study penicillin production and prepare detailed plans, returning with blueprints, equipment lists, production methods and economic calculations.

8. HIS PLANS EVENTUALLY HELPED MAKE INDIA'S ANTIBIOTIC INDUSTRY An antibiotic plant in India was built using his blueprints..

9. Broke Through the SECRECY Surrounding ANTIBIOTIC MANUFACTURE. This Information was shared with Czechoslovakia, Poland, China, Soviet Union and others.

10. HIS SCIENTIFIC PHILOSOPHY WaS Rooted in SOCIAL JUSTICE As medical student in Edinburgh, attended to poor women giving birth in their homes. Encountered their extreme poverty! Later studied Economics! Became Convinced Socialism was the answer to social inequalities.

11. RUSSIAN REVOLUTION INFLUENCED HIM Read extensively about Lenin and the revolution and came to believe that fundamental social transformation was possible.

12. CAREER EXCEPTIONALLY DISTINGUISHED - In 1913, competed for Indian Medical Service- passing 1st- standing ahead of all British candidates. Went to Britain in 1908, aged 20, to study medicine- after BSc from Punjab University. Later studied biochemistry at Harvard Medical School and Toronto University. Worked at Cambridge under Sir Gowland Hopkins. Spent 25 highly productive years at Haffkine.

13. BECAME INTERNATIONAL PUBLIC-HEALTH FIGURE In 1950, was Assistant Dir. -Gen. Technical Services in WHO.

14. His Relationship with the SOVIET UNION became Important To India's PHARMACEUTICAL FUTURE. Reported to Nehru about keen cooperation of Soviet scientists.

15. Cared Deeply About ORDINARY WORKERS. Saw to their comfort and dignity.

16. HIS HONOURS British Government knighted him, promoted him to Major General in 1946. Received International Lenin Peace Prize in 1953.

17. WHAT a life! Young Indian, left Lahore in 1908, encountered Europe, witnessed poverty, discovered socialism, went through 1st World War. (Became Lt. in 1913, served in France. Promoted Captain in 1916. After the war served in Mesopotamia till 1921. Returned to India. Knighted in 1946, promoted Maj-General.) *became a pioneering medical scientist, rebuilt a major Indian research institution, worked for WHO, ultimately helped create conditions for India's pharmaceutical self-reliance.*

ਖ਼ੁਸ਼ ਕਰਦੀਆਂ ਕੁਝ ਖ਼ਬਰਾਂ

ਪੂਨਮ ਸਿੰਘ

ਅਜ਼ਾਦੀ ਦੇ 80ਵੇਂ ਸਾਲ ਵਿਚ, ਵਕਤ ਦੀ ਸਭ ਤੋਂ ਚੰਗੀ ਖ਼ਬਰ ਤਾਂ ਹੈ ਮਹਾਰਾਸ਼ਟਰ ਦੇ ਤੁਕਾ ਰਾਮ ਮੁੰਢੇ ਆਈਏਐੱਸ (ਜਨਮ 1975) ਕਮਿਸ਼ਨਰ ਆਫ਼ ਮਹਾਰਾਸ਼ਟ੍ਰ ਫੌਡ ਐਂਡ ਡ੍ਰੱਗ ਐਡਮਿਨਿਸਟ੍ਰੇਸ਼ਨ Commissioner of Maharashtra Food and Drug Administration ਦਾ ਹੋਣਾ ਅਤੇ ਉਨ੍ਹਾਂ ਵੱਲੋਂ ਕੀਤਾ ਜਾ ਰਿਹਾ ਇਨਕਲਾਬੀ ਕੰਮ! ਖਾਣ ਪਾਣ ਅਤੇ ਦਵਾ ਦਾਰੂ ਨਾਲ ਜੁੜੀਆਂ ਸਨਅਤਾਂ ਅਤੇ ਵਿਕਰੀ ਕੇਂਦਰਾਂ ਨੂੰ ਸ਼ੁੱਧਤਾ ਅਤੇ ਸਾਫ਼ ਸਫ਼ਾਈ ਵੱਲੋਂ ਕਰੜੀ ਸਖ਼ਤਾਈ ਨਾਲ ਚੰਗੀਆਂ ਭਾਜੜਾਂ ਪਾ ਰਹੇ ਹਨ। ਇਓਂ ਹੈ ਜਿਵੇਂ ਸਾਰੇ ਦੇਸ਼ ਨੇ ਰਾਹਤ ਦਾ ਸਾਹ ਲਿਆ ਹੋਏ। ਛੋਟੀ ਉਮਰ ਤੋਂ ਸਬਜ਼ੀ ਵੇਚਦੇ ਆਏ ਤੁਕਾ ਰਾਮ ਮੁੰਢੇ ਨੇ ਮੁਕਾਬਲੇ ਦੇ ਔਖੇ ਇਮਤਿਹਾਨ ਨੂੰ ਪਾਰ ਹੀ ਨਹੀਂ ਕੀਤਾ (2005), ਉਸ ਦੇ ਚੰਗੇ ਹੱਕਦਾਰ ਬਣਨ ਦਾ ਨਮੂਨਾ ਪੇਸ਼ ਕਰ ਰਹੇ ਹਨ।

ਪੰਜਾਬੀਆਂ ਲਈ ਸ਼ੁਭ ਖ਼ਬਰ ਵਾਂਗ ਲੱਗਾ ਹੈ ਇੱਕ ਨਵਾਂ ਲੱਭਾ 'ਰੈਪ' ਗਾਇਕ- ਭੋਪਾਲ ਤੋਂ ਅਮਰੀਕ ਸਿੰਘ; ਜਿਸ ਨੂੰ ਵੇਖ-ਸੁਣ ਕੇ 'ਬਾਦਸ਼ਾਹ' ਰੈਪਰ ਨੇ ਵੀ ਭਿੱਜੀਆਂ ਅੱਖਾਂ ਨਾਲ ਖੜ੍ਹੇ ਹੋ ਕੇ ਕਿਹਾ- "ਖ਼ੂਬਸੂਰਤ ਤਾਂ ਕਈ ਕੁਝ ਨੂੰ ਕਹਿ ਦਈਦਾ ਹੈ- ਇਹ ਕੀ ਹੈ ਇਸ ਵਾਸਤੇ ਮੇਰੇ ਕੋਲ ਕੋਈ ਸ਼ਬਦ ਨਹੀਂ !" ਅਤੇ ਵੇਖਣ-ਸੁਣਨ ਵਾਲਿਆਂ ਵਿਚੋਂ ਕਿਸੇ ਨੇ ਕਿਹਾ- "ਇਹ ਗੀਤ ਨਹੀਂ ਹੈ!! ਇਹ ਤਾਂ ਖ਼ੁਦ ਵਿਚ ਨਿਰੀ ਭਾਵਨਾ ਹੈ!" ਇਸਦਾ ਲਿਖਿਆ ਰੈਪ ਹੋਰ 'ਰੈਪਾਂ' ਵਾਂਗ ਰੋਹ ਅਤੇ ਵਿਦ੍ਰੋਹ ਵਾਲਾ ਤਾਂ ਹੈ - ਪਰ ਵਿਸ਼ਾ ਹੈ: ਸਾਡੇ ਵਿਚ ਆਈ ਹੋਈ ਅਣਮਨੁੱਖੀ- ਅਹਿਸਾਸ ਦੀ ਕਮੀ! ਕਿਸੇ ਦਾ ਦੁੱਖ ਸਚਮੁਚ ਦਿਲ 'ਤੇ ਲਾ ਕੇ ਸਮਝ ਸਕਣ ਵਾਲੀ; ਨਵੀਂ ਨਵੀਂ ਲੱਗੀ ਡੂੰਘੀ ਸੱਟ ਵਾਂਗ ਤਕਲੀਫ਼ਦੇਹ...ਵਿਸ਼ਾ ਬਹੁਤ ਹੀ ਸਾਦਾ ਹੈ- ਰੋਟੀ ਜੂਠੀ ਛੱਡਣੀ, ਅਤੇ ਉਸੇ ਨੂੰ ਤਰਸਣ ਵਾਲੇ ਦੀ ਭੁੱਖ...। ਢਾਬੇ 'ਤੇ ਰੋਟੀ ਖਾ ਕੇ ਕੋਈ ਜੂਠ ਛੱਡ ਕੇ ਚਲਾ ਗਿਆ ਹੈ, ਮਾਲਿਕ 'ਆਖ' ਰਿਹਾ ਹੈ- ਅਹੁ ਵੇਖ ਬਾਹਰ ਖਲੋਤੇ ਭੁੱਖ ਦੇ ਮਾਰੇ ਨੂੰ, ਤੂੰ ਇਹ ਕਿਵੇਂ ਛੱਡ ਗਿਆ? ਇਸ ਗੱਲ ਨੂੰ ਹੀ ਏਨੇ ਭੋਲੇ ਅਹਿਸਾਸ ਨਾਲ ਬੋਲਦਾ-ਗਾਉਂਦਾ ਹੈ ਕਿ ਸੁਨਣ ਵਾਲਿਆਂ ਦੇ ਦਿਲ ਦੀਆਂ ਡੂੰਘੀਆਂ ਗੁੱਝੀਆਂ ਗੁਨਾਹ-ਅਹਿਸਾਸ ਵਾਲੇ ਚਿੰਤਨ ਨੂੰ ਸਮਝੋ ਅੱਗ ਲੱਗ ਜਾਂਦੀ ਹੈ, ਅਤੇ ਉਹ ਰੋਂਦਾ ਰੋਂਦਾ ਜਾਪਦਾ ਇਸ ਅੱਗ ਨੂੰ ਬਾਲੀ ਜਾਂਦਾ ਰੈਪ 'ਝੂਠ' ਵੀ ਹੈ, ਬਾਲੀ ਜਾਂਦਾ ਹੈ...ਸ਼ਾਇਦ ਇਹ ਇੱਕ ਕਿਸੇ ਨਵੇਂ ਯੁੱਗ ਦੀ ਸਭ ਤੋਂ ਨਵੀਂ ਜਵਾਨ ਪੀੜ੍ਹੀ ਦੇ ਰੰਗ-ਰਉਂ ਦਾ ਸੁਨੇਹਾ ਹੈ। ਸ਼ੁਭ ਹੈ।

ਇੱਕ ਹੋਰ ਚੰਗੀ ਖ਼ਬਰ, ਪੰਜਾਬੀਆਂ ਲਈ- ਹਨ ਨਵੀਆਂ ਬਣ ਰਹੀਆਂ ਪੰਜਾਬੀ ਫਿਲਮਾਂ! 2025 ਦੀ ਬਣੀ "ਰਾਵੀ ਦੇ ਕੰਢੇ" ਵੇਖੀ ਹੈ- ਅਤੇ ਇਸਦੀ ਕੋਮਲਤਾ ਅਤੇ ਸੰਗੀਤਕਤਾ। ਅਤੇ ਵੱਡੇ ਫ਼ਨਕਾਰ ਪੰਕਜ ਕਪੂਰ ਦੀ ਐਕਟਿੰਗ! ਉਸਦੇ ਵਿਖਾਏ ਬਜ਼ੁਰਗ ਦੇ ਦੁਨਿਆਵੀ ਬੋਝ ਨੂੰ ਇੱਕ ਠਰ੍ਹਮੇ ਨਾਲ ਵਿਖਾਇਆ ਗਿਆ ਹੈ-ਅਤੇ ਉਸ ਰਾਹੀਂ 1950ਵਿਆਂ ਵਿਚ ਆਧੁਨਿਕਤਾ ਦੇ ਆਉਣ ਨੂੰ। ਗੀਤ ਅਤੇ ਡਾਇਲਾਗ ਬਹੁਤ ਪਿਆਰੇ ਹਨ- ਅਤੇ ਪਿਆਰੀ ਹੈ ਕੁਦਰਤੀ ਐਕਟਿੰਗ ਕਰਨ ਵਾਲੀ ਅਰਵਿੰਦਰ ਕੌਰ! ਉਸ ਦੇ ਭਵਿੱਖ ਲਈ ਖ਼ਾਸ ਸ਼ੁਭ ਕਾਮਨਾਵਾਂ!

ਇਹ ਕੀ? ਕੇਰਲਾ (ਕੇਰਲਮ) ਪੁਰਾਤਨ ਦੁਨੀਆ ਦਾ ਕੇਂਦਰ ਹੁੰਦਾ ਸੀ? ਵਿਲੀਅਮ ਡੈਲਰਿੰਪਲ (ਜਨਮ 1965), ਸਕੌਟਲੈਂਡ ਮੂਲ ਦੇ ਨਾਮਵਰ ਇਤਿਹਾਸਕਾਰ, ਲੇਖਕ, ਕਲਾ ਇਤਿਹਾਸਕਾਰ, ਭਾਰਤੀ ਉਪਮਹਾਂਦੀਪ ਦੇ ਇਤਿਹਾਸ, ਸਭਿਆਚਾਰ, ਮੁਗ਼ਲ ਸਾਮਰਾਜ, ਈਸਟ ਇੰਡਿਆ ਕੰਪਨੀ ਉੱਤੇ ਮੁਹਾਰਤ ਰੱਖਦੇ, "ਜੈਪੁਰ ਡਾਇਲੌਗਜ" ਦੇ ਸਹਿ-ਬਾਨੀ; 1984 ਵਿਚ ਪਹਿਲੀ ਵਾਰ ਭਾਰਤ ਆਏ- ਅਤੇ 1989 ਤੋਂ ਲਗਾਤਾਰ ਇੱਥੇ ਰਹਿ ਰਹੇ ਹਨ, ਮਹਿਰੌਲੀ। ਡੈਲਰਿੰਪਲ ਦਹਾਕਿਆਂ ਤੋਂ ਭਾਰਤ ਬਾਰੇ ਆਪਣੀ ਖੋਜ ਨਾਲ ਹੈਰਾਨ ਕਰਦੇ ਆ ਰਹੇ ਹਨ। ਇਨ੍ਹਾਂ 12-13 ਕਿਤਾਬਾਂ ਲਿਖੀਆਂ ਹਨ। ਨਵੀਂ ਕਿਤਾਬ "ਦ ਗੋਲਡਨ ਰੋਡ: ਹਾਓ ਏਨਸ਼ੀਐਂਟ ਇੰਡੀਆ ਟ੍ਰਾਂਸਫੌਰਮਡ ਦ ਵੱਰਲਡ (ਮਾਰਕ ਲਿੰਟਨ ਹਿਸਟ੍ਰੀ ਪ੍ਰਾਈਜ਼ 2026) ਨੇ ਨਵੀ ਚਰਚਾ ਛੇੜੀ ਹੈ। ਇਸ ਦੀ ਮੋਟੀ ਮੋਟੀ ਰੂਪਰੇਖਾ: ਕੇਰਲ 200 ਈਸਾ ਪੂਰਬ-1100 ਈਸਵੀ ਤੱਕ ਪੁਰਾਤਨ ਵਿਸ਼ਵੀ ਵਪਾਰ ਦੇ ਐਨ ਕੇਂਦਰ ਵਿਚ ਸੀ! ਕੇਰਲਾ ਹੀ ਭਾਰਤ ਦੀ ਮੁੱਖ ਸਮੁੰਦਰੀ-ਵਪਾਰਕ-ਆਵਾਜਾਈ ਦਾ ਧੁਰਾ ਸੀ- ਪੱਟਨਮ ਨਾਂ ਦਾ ਨਿੱਕਾ ਜਿਹਾ ਪਿੰਡ ਬੰਦਰਗਾਹ ਸੀ (ਓਦੋਂ ਮਿਊਜ਼ਿਰਿਸ ਕਹਾਉਂਦੀ) - ਰੋਮਨ ਸਾਮਰਾਜ ਨੂੰ ਭਾਰਤ ਨਾਲ ਜੋੜਦੀ। ਚੀਨ ਦੇ ਜ਼ਮੀਨ-ਰਾਹ "ਰੇਸ਼ਮੀ ਸੜਕ" ਵਾਲੀ ਸਾਰੀ ਰਵਾਇਤੀ ਤੌਰ ਉੱਤੇ ਪਾਈ ਕਹਾਣੀ ਨੂੰ ਚੁਣੌਤੀ ਦਿੱਤੀ ਹੈ, ਕਿ ਉਹ ਤਾਂ ਬਾਅਦ ਦੀ ਗੱਲ ਸੀ। ਇਸ ਬਹੁਤ ਵਿਸ਼ਾਲ ਰੋਮਨ ਵਪਾਰ ਦਾ ਸਬੂਤ ਹੈ ਉਹ ਰੋਮਨ ਸਿੱਕੇ ਜਿਹੜੇ ਜਾਂ ਰੋਮ ਦੇ ਆਸ ਪਾਸ ਲੱਭੇ ਹਨ -ਜਾਂ ਫੇਰ ਕੇਰਲ ਵਿਚ! ਤਿੱਬਤ ਦੀ ਸੰਘਣੀ ਬਰਫ਼ ਕਰਕੇ ਜੰਮਦੀ ਮੌਨਸੂਨ ਦੀ ਸਲਾਨਾ ਹਵਾ ਦੇ ਪੱਕੇ ਆਸਰੇ ਨਾਲ ਸਮੁੰਦਰੀ ਬੇੜੇ ਸਿਰਫ਼ ਛੇ ਹਫ਼ਤਿਆਂ ਵਿਚ ਉੱਡਦੇ ਹੀ ਜਾਂਦੇ ਹੋਏ ਮੱਧ ਸਾਗਰ ਪੁੱਜ ਜਾਂਦੇ; ਵਪਾਰੀ ਕੁਝ ਹਫ਼ਤੇ ਰੋਮ ਲਾ, ਕਲਾਵਾਂ ਮਾਣ, ਵਾਪਸੀ-ਹਵਾਵਾਂ ਨਾਲ ਛੇ ਹਫ਼ਤਿਆਂ ਵਿਚ, ਯਾਨੀ ਸਾਲ ਦੇ ਵਿਚ ਵਿਚ, ਪਰਤ ਆਉਂਦੇ।ਇੱਕ 'ਗੇੜਾ' ਹੀ ਉਨ੍ਹਾਂ ਨੂੰ ਬਹੁਤ, ਬਹੁਤ ਅਮੀਰ ਬਣਾਅ ਦਿੰਦਾ: ਅਸਲ ਵਿਚ ਅਮੀਰ ਰੋਮਵਾਸੀ ਭਾਰਤੀ ਚੀਜ਼ ਵਸਤ ਉੱਤੇ ਲੋੜੋਂ ਵੱਧ ਖਰਚਦੇ ਸਨ- ਹੋੜ ਲੱਗੀ ਸੀ ਭਾਰਤੀ ਚੀਜ਼-ਵਸਤ ਦਾ ਵਿਖਾਵਾ ਕਰਨ ਦੀ! ਕੇਰਲ ਵਿਚ ਬਹੁਤ ਸਾਰਾ ਸੋਨਾ ਆ ਗਿਆ- ਜਿਸ ਨਾਲ ਰੋਮਨ ਖ਼ਜ਼ਾਨੇ ਨੂੰ ਵੱਡਾ ਨੁਕਸਾਨ ਹੁੰਦਾ। ਕੇਰਲ ਤੋਂ ਜਾਂਦੀ ਕਾਲੀ ਮਿਰਚ, ਹਾਥੀ ਦੰਦ, ਵਧੀਆ ਸ਼ਾਨਦਾਰ ਸੂਤੀ ਕੱਪੜਾ। ਰੋਮ ਤੋਂ ਆਉਂਦਾ ਸੋਨਾ, ਸ਼ੀਸ਼ਾ, ਅੰਗੂਰੀ ਸ਼ਰਾਬ। ਏਸੇ ਤਰ੍ਹਾਂ ਤਾਂ ਈਸਾ ਮਸੀਹ ਦਾ ਸੁਨੇਹਾ ਲੈ ਕੇ, ਹੋਰ ਥਾਵਾਂ ਤੋਂ ਪਹਿਲਾਂ, ਸੇਂਟ ਟੌਮਸ, ਮਾਲਾਬਾਰ ਸਮੁੰਦਰੀ ਤੱਟ ਉੱਤਰੇ ਸਨ।

ਕਿਹਾ: ਭਾਰਤ ਦੀ ਸਭ ਤੋਂ ਹੀ ਵੱਡੀ ਅਤੇ ਕਾਇਆਕਲਪ ਕਰਨ ਵਾਲੀ ਸਫ਼ਲ ਦੇਣ ਤਾਂ ਹੈ -ਬੌਧ ਧਰਮ- 'ਸਿਫ਼ਰ' ਅਤੇ ਹੋਰ ਧਰਮਾਂ ਦੀਆਂ ਦੇਣਾਂ ਤੋਂ ਵੀ ਵੱਧ- "ਪਰ ਇਸ ਉੱਤੇ ਮਾਣ ਕਰਨ ਵਾਲੇ ਹੁਣ ਭਾਰਤ ਵਿਚ ਬੜੈ ਘੱਟ ਰਹਿ ਗਏ ਹਨ"।

DYS DYS DYS RFJ KFLI inR pisrmOr

THE OLDEST
LITERARY
PUNJABI MAGAZINE
IN THE WORLD

ਅੰਕ # 9
ਕੁਲ ਅੰਕ 946
ਸਤੰਬਰ 2026

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਯਾਦ ਵਿਚ ਅਤੇ ਸ੍ਰੀ ਪੀ ਐੱਚ ਵੈਸ਼ਨਵ (IAS) ਮਰਹੂਮ ਦੇ ਅਨੂਠੇ ਉਤਸ਼ਾਹ ਦੇਣ ਸਦਕਾ ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/ Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੋਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT, NON-PROFIT PUBLICATION. WE RELY ON THE SUPPORT OF OUR READERS AND PATRONS. TO ENQUIRE ABOUT WAYS YOU CAN COLLABORATE AND SUPPORT PREET LARI, PLEASE CONTACT PREETLARHI@GMAIL.COM

₹ 50	ਮੁੱਲ
₹ 600	ਸਾਲਾਨਾ ਚੰਦਾ
₹ 25,000	ਜੀਵਨ ਸਾਥ (ਭਾਰਤ)
₹ 4,000	ਵਿਦੇਸ਼ ਸਲਾਨਾ
₹ 8,000	ਵਿਦੇਸ਼ ਸੰਸਥਾਵਾਂ ਸਲਾਨਾ

https://preetlari.in
Preet Lari's Blog

@preetlarimagazine on Instagram

facebook.com/groups/
preetlari magazine

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

FOR BANK TRANSFER,
OUR BANK ACCOUNT :
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
FOR UPI/GOOGLEPAY
9876263725

CONTACT:
PREET LARI,
VILLAGE PREET NAGAR
(DISTT AMRITSAR) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ।"

ਮੁੱਖ ਸਫ਼ਾ– Chaitali Chanda- The Bounty of Spring-30 x 30 in--acrylic on canvas-'26 With thanks from Verandah Art Gallery, Kolkata

ਸੁਮੀਤ ਸਿੰਘ–
73ਵੇਂ ਜਨਮ ਦਿਨ 'ਤੇ ਯਾਦ ਕਰਦੇ ਹਾਂ।

ਸੰਪਾਦਕਾ, ਪ੍ਰੀਤ ਲੜੀ

ਸ	ਸੰਪਾਦਕੀ	ਕ	ਕਹਾਣੀ
ਭ	ਭਖਦਾ	ਯ	ਯਾਦ
ਕਿ	ਕਵਿਤਾ	ਜ	ਜਾਣਕਾਰੀ
ਨਾ	ਨਾਟਕ	ਹ	ਹਾਸ ਰਸ
ਦ	ਦਾਰ ਜੀ ਨੂੰ ਯਾਦ ਕਰਦਿਆਂ	ਬ	ਬਾਲਾਂ ਲਈ
ਨ	ਨਵੀਂ ਕਿਤਾਬ	ਹੁੰ	ਹੁੰਗਾਰੇ
ਲ	ਲੜੀਵਾਰ	E	English Matter
ਮੁ	ਮੁਲਾਕਾਤ		

ਗੁਰਬਖ਼ਸ਼ ਸਿੰਘ, ਨਵਤੇਜ ਸਿੰਘ

03 ਸੰ ਖ਼ੁਸ਼ ਕਰਦੀਆਂ ਕੁਝ ਖ਼ਬਰਾਂ — ਪੂਨਮ ਸਿੰਘ
44 ਦ ਸਮਾਧ ਤੇ ਪੀਰ ਸਬਾਕ, ਲੋਕਾਂ ਨਾਲ ਮੇਰੀ ਪਹਿਲੀ ਛੁਹ ਦੇ ਦਾਤੇ — ਗੁਰਬਖ਼ਸ਼ ਸਿੰਘ
02 E Let us know him - Maj-Gen Sir SS Sokhey- builder of modern Indian Drug Industry
06 ਖ ਰਾਹਤ ਇੰਦੌਰੀ ਦੀ ਸ਼ਾਇਰੀ
2 ਕਿ ਸਾਹ ਲੈਂਦੇ ਖੰਡਰ — ਸੱਯਦ ਆਸਿਫ਼ ਸ਼ਾਹਕਾਰ

29 ਕ ਨਣਦ-ਭਰਜਾਈ — ਰਾਮ ਸਰੂਪ ਅਣਖੀ
07 ਕ ਬੇ-ਨਾਮ ਰਿਸ਼ਤੇ — ਡਾ. ਰਾਜੇਂਦ੍ਰ ਕੁਮਾਰ ਕਨੌਜੀਆ(ਅਨੁ: ਪੂਨਮ ਸਿੰਘ)
13 ਕ ਨਰੰਗੀ ਦਾਦੀ — ਸਤਿਆਨਾਰਾਇਣ ਪਟੇਲ (ਇੰਦੌਰ)
19 ਕ ਪਾਣੀਆਂ ਦੇ ਵਹਿਣ — ਜਗਜੀਤ ਸਿੰਘ ਲੋਹਟਬੱਦੀ

24 ਕਿ ਆਪਣਾ ਆਪਾ ਕਿਸ ਨੂੰ ਯਾਦ ਹੈ? — ਪਰਮਿੰਦਰ ਸਿੰਘ ਅਜ਼ੀਜ਼
41 ਕਿ ਚੰਗਾ ਹੋਇਆ ਹੋਰ ਸੌਂ ਲਿਆ — ਪੂਨਮ ਸਿੰਘ

25-28 ਨਿੱਕਿਆਂ ਦੀ ਨੁੱਕਰ

22 ਯ ਓਦੋਂ ਜਵਾਨ ਹੁਣ ਜੌਨੂ! — ਅਵਤਾਰ ਐਸ. ਸੰਘਾ, ਅਸਟ੍ਰੇਲੀਆ
23 ਯ ਪ੍ਰੀਤ ਲੜੀ ਮੇਰੇ ਲਈ ਮਾਂ, ਅਧਿਆਪਕ, ਮਿੱਤਰ, ਆਗੂ — ਦਵਿੰਦਰ ਦਮਨ
24 ਯ ਜਦੋਂ ਮੈਂ ਸੰਪਾਦਕ ਨਵਤੇਜ ਸਿੰਘ ਤੋਂ ਕੁਝ ਵੱਧ ਲਿਖਵਾਇਆ ਸੀ! — ਨਰਿੰਦਰ ਕੌਰ ਕਾਹਲੋਂ, ਅਮਰੀਕਾ
33 ਜ ਮਹਾਨ ਕ੍ਰਾਂਤੀਕਾਰੀ ਅਜੀਤ ਸਿੰਘ ਦੀ ਸਮਾਧ – ਪੰਚਪੁਲਾ, ਡਲਹੌਜ਼ੀ / ਬਲਵਿੰਦਰ ਬਾਲਮ
37 ਯ ਧਰਤੀ 'ਤੇ ਇੱਕ ਫ਼ਰਿਸ਼ਤੇ ਦੀ ਯਾਦ ਵਿੱਚ — ਮੁਨੀਰ ਹੁਸ਼ਿਆਰਪੁਰੀਆ
39 ਯ ਬੰਬੇ / ਮੁੰਬਈ, ਮਹਾਨਗਰ/ ਮਾਯਾਨਗਰੀ — ਅਮਰਬੀਰ ਸਿੰਘ ਚੀਮਾ

35 ਖ ਮੀਨਾ ਕੁਮਾਰੀ ਦੀ ਡਾਇਰੀ-1
38 ਜ ਸੱਚਰ ਦੀ ਕਲਮ ਤੋਂ -ਦੂਜਿਆਂ ਦੀ ਗੱਲ ਵੀ ਸੁਣਨੀ — ਭਗਵੰਤ ਪਾਲ ਸਿੰਘ ਸੱਚਰ
40 ਲ ਰੇਡੀਓ ਦੀਆਂ ਯਾਦਾਂ -31 — ਦੇਵਿੰਦਰ ਮਹਿੰਦਰੂ
41 ਲ ਰੌਸ਼ਨ ਅੱਖਰ – ਪੰਜਾਬ, ਵਾਰਿਸ ਤੇ ਹੀਰ (ਹਾਰੂਨ ਖ਼ਾਲਿਦ) — ਡਾ. ਨਵਦੀਪ ਕੌਰ
43 ਜ ਪੰਛੀ-ਗੀਤਾਂ ਵਿੱਚ ਮਨੁੱਖ-ਭਾਸ਼ਾ ਦੀ ਝਲਕ? — ਡਾ. ਵਿਜੈ ਗਰਗ

47 E Sardar Ajit Singh- freedom fighter who held on till the day of Independence
49 E Femina means - 'one who breastfeeds' !!
50 E "OVER TEA" (delicious anecdotes of bygone decades of Punjab) -by Inderjit Singh Jaijee

ਰਾਹਤ ਇੰਦੌਰੀ ਦੀ ਸ਼ਾਇਰੀ

ਹਾਥ ਖ਼ਾਲੀ ਹੈਂ ਤਿਰੇ ਸ਼ਹਿਰ ਸੇ ਜਾਤੇ ਜਾਤੇ
ਜਾਨ ਹੋਤੀ ਤੋ ਮੇਰੀ ਜਾਨ ਲੁਟਾਤੇ ਜਾਤੇ

ਅਬ ਤੋ ਹਰ ਹਾਥ ਕਾ ਪੱਥਰ ਹਮੇਂ ਪਹਚਾਨਤਾ ਹੈ
ਉਮ੍ਰ ਗੁਜ਼ਰੀ ਹੈ ਤਿਰੇ ਸ਼ਹਿਰ ਮੇਂ ਆਤੇ ਜਾਤੇ

ਅਬਕੇ ਮਾਯੂਸ ਹੁਆ ਯਾਰੋਂ ਕੋ ਰੁਖ਼ਸਤ ਕਰ ਕੇ
ਜਾ ਰਹੇ ਥੇ ਤੋ ਕੋਈ ਜ਼ਖ਼ਮ ਲਗਾਤੇ ਜਾਤੇ

ਰੇਂਗਨੇ ਕੀ ਭੀ ਇਜਾਜ਼ਤ ਨਹੀਂ ਹਮਕੋ ਵਰਨਾ
ਹਮ ਜਿਧਰ ਜਾਤੇ ਨਏ ਫੂਲ ਖਿਲਾਤੇ ਜਾਤੇ

ਮੈਂ ਤੋ ਜਲਤੇ ਹੁਏ ਸਹਿਰਾਓਂ ਕਾ ਇਕ ਪੱਥਰ ਥਾ
ਤੁਮ ਤੋ ਦਰਯਾ ਥੇ ਮੇਰੀ ਪਯਾਸ ਬੁਝਾਤੇ ਜਾਤੇ

ਮੁਝ ਕੋ ਰੋਨੇ ਕਾ ਸਲੀਕਾ ਭੀ ਨਹੀਂ ਹੈ ਸ਼ਾਯਦ
ਲੋਗ ਹੰਸਤੇ ਹੈਂ ਮੁਝੇ ਦੇਖ ਕੇ ਆਤੇ ਜਾਤੇ

ਹਮ ਸੇ ਪਹਿਲੇ ਭੀ ਮੁਸਾਫ਼ਿਰ ਕਈ ਗੁਜ਼ਰੇ ਹੋਂਗੇ
ਕਮ ਸੇ ਕਮ ਰਾਹ ਕੇ ਪੱਥਰ ਤੋ ਉਠਾਤੇ ਜਾਤੇ

ਤੇਰੀ ਮਹਫਿਲ਼ ਸੇ ਜੋ ਨਿਕਲਾ ਤੋ ਯੇ ਮੰਜ਼ਰ ਦੇਖਾ
ਮੁਝੇ ਲੋਗੋਂ ਨੇ ਬੁਲਾਯਾ ਮੁਝੇ ਛੂ ਕਰ ਦੇਖਾ

ਸੂਰਜ ਸਿਤਾਰੇ ਚਾਂਦ ਮਿਰੇ ਸਾਥ ਮੇਂ ਰਹੇ
ਜਬ ਤਕ ਤੁਮਹਾਰੇ ਹਾਥ ਮਿਰੇ ਹਾਥ ਮੇਂ ਰਹੇ

ਮੈਨੇ ਅਪਨੀ ਖੁਸ਼ਕ ਆਂਖੋਂ ਸੇ ਲਹੂ ਛਲਕਾ ਦੀਆ
ਇਕ ਸਮੁੰਦਰ ਕਹਿ ਰਹਾ ਥਾ ਮੁਝਕੋ ਪਾਨੀ ਚਾਹੀਏ

ਮੈਂ ਪਰਬਤੋਂ ਕੋ ਖੋਜਤਾ ਰਹਾ ਔਰ ਚੰਦ ਲੋਕ
ਗੀਲੀ ਜ਼ਮੀਨ ਖੋਦ ਕੇ ਫ਼ਰਹਾਦ ਹੋ ਗਏ

ਬੋਤਲੇਂ ਖੋਲ ਕਰ ਤੋ ਪੀ ਬਰਸੋਂ
ਆਜ ਦਿਲ ਖੋਲ ਕਰ ਭੀ ਪੀ ਜਾਏਂ

ਹਮਾਰੇ ਪੀਰ 'ਤਕ਼ੀ-ਮੀਰ' ਨੇ ਕਹਾ ਥਾ ਕਭੀ
ਮੀਯਾਂ ਯੇ 'ਆਸ਼ਿਕੀ' ਇੱਜ਼ਤ ਬਿਗਾੜ ਦੇਤੀ ਹੈ

ਰਾਤ ਕੀ ਧੜਕਨ ਜਬ ਤਕ ਜਾਰੀ ਰਹਿਤੀ ਹੈ
ਸੋਤੇ ਨਹੀਂ ਹਮ ਜ਼ਿੰਮੇਦਾਰੀ ਰਹਿਤੀ ਹੈ

ਸੋਏ ਰਹਤੇ ਹੈਂ ਓੜ੍ਹ ਕਰ ਖ਼ੁਦ ਕੋ
ਅਬ ਜ਼ਰੂਰਤ ਨਹੀਂ ਰਜ਼ਾਈ ਕੀ

ਇਕ ਮੁਲਾਕ਼ਾਤ ਕਾ ਜਾਦੂ ਕਿ ਉਤਰਤਾ ਹੀ ਨਹੀਂ
ਤਿਰੀ ਖ਼ੁਸ਼ਬੂ ਮਿਰੀ ਚਾਦਰ ਸੇ ਨਹੀਂ ਜਾਤੀ ਹੈ

ਰੋਜ਼ ਪੱਥਰ ਕੀ ਹਿਮਾਯਤ ਮੇਂ ਗ਼ਜ਼ਲ ਲਿਖਤੇ ਹੈਂ
ਰੋਜ਼ ਸ਼ੀਸ਼ੋਂ ਸੇ ਕੋਈ ਕਾਮ ਨਿਕਲ ਪੜਤਾ ਹੈ

ਮਜ਼ਾ ਚਖਾ ਕੇ ਹੀ ਮਾਨਾ ਹੂੰ ਮੈਂ ਭੀ ਦੁਨੀਆ ਕੋ
ਸਮਝ ਰਹੀ ਥੀ ਕਿ ਐਸੇ ਹੀ ਜਾਨੇ ਦੂੰਗਾ

ਤੁਝ ਸੇ ਮਿਲਨੇ ਕੀ ਤਮੰਨਾ ਭੀ ਬਹੁਤ ਹੈ ਲੇਕਿਨ
ਆਨੇ ਜਾਨੇ ਮੇਂ ਕਿਰਾਯਾ ਭੀ ਬਹੁਤ ਲਗਤਾ ਹੈ

ਮੈਂ ਆ ਕਰ ਦੁਸ਼ਮਨੋਂ ਮੇਂ ਬਸ ਗਯਾ ਹੂੰ
ਯਹਾਂ ਹਮਦਰਦ ਹੈਂ ਦੋ-ਚਾਰ ਮੇਰੇ

ਸ਼ਹਿਰ ਕਯਾ ਦੇਖੇਂ ਕਿ ਹਰ ਮੰਜ਼ਰ ਮੇਂ ਜਾਲੇ ਪੜ ਗਏ
ਐਸੀ ਗਰਮੀ ਹੈ ਕਿ ਪੀਲੇ ਫੂਲ ਕਾਲੇ ਪੜ ਗਏ

ਖ਼ਯਾਲ ਥਾ ਕਿ ਯੇ ਪਥਰਾਵ ਰੋਕ ਦੇਂ ਚਲ ਕਰ
ਜੋ ਹੋਸ਼ ਆਯਾ ਤੋ ਦੇਖਾ ਲਹੂ ਲਹੂ ਹਮ ਥੇ

ਕਾਲਜ ਕੇ ਬੱਚੇ ਚੁਪ ਹੈਂ ਕਾਗ਼ਜ਼ ਕੀ ਏਕ ਨਾਵ ਲੀਏ
ਚਾਰੋਂ ਤਰਫ਼ ਦਰਯਾ ਕੀ ਸੂਰਤ ਫੈਲੀ ਹੁਈ ਬੇਕਾਰੀ ਹੈ

ਸਿਤਾਰੋ ਆਓ ਮਿਰੀ ਰਾਹ ਮੇਂ ਬਿਖਰ ਜਾਓ
ਯੇ ਮੇਰਾ ਹੁਕਮ ਹੈ ਹਾਲਾਂਕਿ ਕੁਛ ਨਹੀਂ ਹੂੰ ਮੈਂ

ਚਰਾਗ਼ੋਂ ਕਾ ਘਰਾਨਾ ਚਲ ਰਹਾ ਹੈ
ਹਵਾ ਸੇ ਦੋਸਤਾਨਾ ਚਲ ਰਹਾ ਹੈ

ਅਬ ਇਤਨੀ ਸਾਰੀ ਸ਼ਬੋਂ ਕਾ ਹਿਸਾਬ ਕੌਨ ਰਖੇ
ਬੜੇ ਸਵਾਬ ਕਮਾਏ ਗਏ ਜਵਾਨੀ ਮੇਂ

ਬੇ-ਨਾਮ ਰਿਸ਼ਤੇ

ਰਾਜੇਂਦਰ ਕੁਮਾਰ ਕਨੌਜੀਆ



ਮੈਂ ਰਾਮ ਕੁਮਾਰ, ਪੱਤਰਕਾਰਤਾ ਦਾ ਗ੍ਰੈਜੂਏਟ, ਇੱਕ ਦੈਨਿਕ ਅਖ਼ਬਾਰ ਵਿੱਚ ਸਾਹਿਤ ਉਪ-ਸੰਪਾਦਕ।

ਇਹ ਕਹਾਣੀ ਮੇਰੇ ਜੀਵਨ ਵਿੱਚ ਹੀ ਵਾਪਰੀ ਅਤੇ ਫੇਰ ਅੱਜ ਤੱਕ ਮਨ 'ਚ ਹੀ ਕਿਤੇ ਨਾ ਕਿਤੇ ਕੁਰਬਲ ਕੁਰਬਲ ਕਰਦੀ ਰਹਿੰਦੀ ਹੈ।

ਅਸਲ ਵਿਚ ਕੁਝ ਰਿਸ਼ਤੇ ਬੱਸ ਹੁੰਦੇ ਹੀ ਹਨ। ਨਾ ਸਹੀ-ਤਰ੍ਹਾਂ ਕੋਈ ਨਾਂ ਦਿੱਤਾ ਜਾ ਸਕੇ, ਨਾ ਕੋਈ ਤੈਅ ਹੋਈ ਪਛਾਣ ਹੀ ਬਣ ਸਕੇ। ਬੱਸ ਇੱਕ ਅਹਿਸਾਸ ਜਿਊਂਦਾ ਰਹੇ ਕਿ ਕੁਝ ਤਾਂ ਹੈ ਜਿਹੜਾ ਮਨ ਕਰਦਾ ਹੈ—ਉਸਨੂੰ ਵੇਖੀਏ, ਮਿਲੀਏ, ਗੱਲ ਬਾਤ ਕਰੀਏ, ਸਮਝੀਏ ਸਮਝਾਈਏ ਜਾਂ ਫਿਰ ਗੁੰਮ-ਗੁਆਚਿਆਂ ਹੀ ਅਸਲ ਵਿਚ, ਪੁੱਛੀਏ-ਦੱਸੀਏ।

ਪੁੱਛੀਏ ਕਿ ਏਨੇ ਦਿਨ ਕਿੱਥੇ ਸੀ, ਜਿੱਥੇ ਵੀ ਸੀ ਓਥੇ ਕਿਵੇਂ ਸੀ। ਚੰਗੇ ਨਹੀਂ ਸੀ ਤਾਂ ਸਾਡੀਆਂ ਮੁਸੀਬਤਾਂ ਘੱਟ ਨਹੀਂ ਜਾਂ ਫਿਰ ਜੇ ਚੰਗੇ ਭਲੇ ਸੀ ਤਾਂ ਸਾਡੇ ਕੋਲੋਂ ਕਿਉਂ ਨਹੀਂ ਪੁੱਛਿਆ ਕਿ ਕਿਵੇਂ ਹੋ।

ਆਖ਼ਰ ਕੁਝ ਨਾ ਹੋ ਕੇ ਵੀ ਇੱਕ ਰਿਸ਼ਤਾ ਸੀ ਨਾ। ਮੇਰਾ ਅੰਦਾਜ਼ਾ ਸੀ ਕਿ ਐਸੀ ਕੋਈ ਗੱਲ ਨਹੀਂ ਪੁੱਛੇਗੀ ਤਿੱਲੋ ਭੈਣ, ਐਸੀ ਕੀ ਵੈਸੀ ਵੀ ਕੋਈ ਗੱਲ ਨਹੀਂ ਪੁੱਛੇਗੀ ਜੋ ਬਹੁਤੀ ਹੀ ਜ਼ਰੂਰੀ ਨਹੀਂ। ਫੇਰ ਇਸ ਗੱਲ ਦੀ ਕੋਈ ਅਹਿਮੀਅਤ ਹੀ ਨਹੀਂ ਕਿ ਮੈਂ ਚਾਣਚੱਕ ਇਹ ਕਿਰਾਏ ਦਾ ਕਮਰਾ ਇਓਂ ਝਟਾ-ਪਟੀ ਵਿੱਚ ਛੱਡ ਦੇਣਾ ਚਾਹੁੰਦਾ ਹਾਂ।

"ਮੈਂ ਅਗਲੇ ਮਹੀਨੇ ਇਹ ਕਮਰਾ ਛੱਡ ਦੇਣਾ ਚਾਹੁੰਦਾ ਹਾਂ।" ਜਦੋਂ ਮੈਂ ਇਹ ਗੱਲ ਉਨ੍ਹਾਂ ਦੇ ਪਿਤਾ ਅਵਧੇਸ਼ ਜੀ ਨੂੰ ਦੱਸ ਰਿਹਾ ਸੀ, ਉਹ ਓਥੇ ਹੀ ਸਨ।

ਮੇਰੀ ਇਸ ਗੱਲ 'ਤੇ ਅਵਧੇਸ਼ ਜੀ ਦੇ ਮੂੰਹ ਵਿੱਚ ਨੱਪਿਆ ਪਾਨ ਤਕਰੀਬਨ ਡਿੱਗਣ-ਡਿੱਗਣ ਨੂੰ ਹੋ ਗਿਆ। ਚਾਚੀ ਦੇ ਹੱਥ ਦੀ ਕੜਛੀ ਸਬਜ਼ੀ ਦੇ ਪਤੀਲੇ ਵਿੱਚੋਂ ਬਾਹਰ ਛਣ-ਛਣਨ ਕਰਦੀ ਜਾ ਪਈ।

ਪਰ ਭੈਣ ਨੇ ਚੁੱਪਚਾਪ ਟੂਟੀ 'ਤੇ ਖੜ੍ਹੀ ਨੇ ਧੋਤੇ ਕੱਪੜਿਆਂ ਵਿੱਚੋਂ ਪਾਣੀ ਨਚੋੜਿਆ ਅਤੇ ਗਿੱਝੇ ਪੈਰੀਂ ਛੱਤ 'ਤੇ ਉਨ੍ਹਾਂ ਨੂੰ ਸੁਕਾਉਣ ਚਲੀ ਗਈ।

ਤਿੱਲੋ ਭੈਣ ਯਾਨੀ ਤਿੱਲੋਤਮਾ, ਮੇਰੇ ਮਕਾਨ ਮਾਲਕ ਅਵਧੇਸ਼ ਜੀ ਦੀ ਵੱਡੀ ਧੀ। ਛੋਟੀ ਧੀ ਸੁਲੋਚਨਾ। ਜਿੱਥੇ ਇੱਕ ਪਾਸੇ ਤਿੱਲੋ ਭੈਣ ਸ਼ਾਂਤ, ਠਹਿਰੀ ਹੋਈ ਅਤੇ ਗੰਭੀਰ, ਓਥੇ ਸੁਲੋਚਨਾ ਉਤਸ਼ਾਹ, ਉਮੰਗ ਨਾਲ ਭਰੀ ਜ਼ਿੰਦਾਦਿਲ ਅਤੇ ਜੁਝਾਰੂ।

ਮੁਹੱਲੇ ਵਿੱਚ ਦੱਬੀ ਜ਼ੁਬਾਨ ਵਿਚ ਸੁਲੋਚਨਾ ਦੇ ਨਾਂ 'ਤੇ ਹੀ ਸਾਰੀਆਂ ਦੀਆਂ ਸਾਰੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਕਿ ਕਦੇ ਕਿਸੇ ਦੀ ਕਾਰ ਤਾਂ ਕਦੇ ਕਿਸੇ ਦੀ ਮੋਟਰਸਾਈਕਲ ਦੀ ਪਿਛਲੀ ਸੀਟ 'ਤੇ ਹੀ ਲੱਭਦੀ ਹੈ, ਲੋਕਾਂ ਦਾਮੰਨਣਾ ਇਹ ਸੀ ਕਿ ਇਹ ਆਪਣਾ ਕੰਮ ਕੱਢਣ ਵਿੱਚ ਮਾਹਿਰ ਹੈ।

ਮੇਰੇ ਵੱਲੋਂ ਕਮਰਾ ਖਾਲੀ ਕਰਨ ਦੀ ਗੱਲ 'ਤੇ ਅਵਧੇਸ਼ ਜੀ ਅਤੇ ਚਾਚੀ ਦੋਵੇਂ ਕਿੰਨਾ ਚਿਰ ਮੇਰੇ ਨਾਲ ਗੱਲ ਕਰਦੇ ਰਹੇ, ਕਿੱਥੇ ਜਾਏਂਗਾ, ਕਿਵੇਂ ਰਹੇਂਗਾ ਵਗੈਰਾ ਵਗੈਰਾ।

ਸ਼ਹਿਰੋਂ ਦੂਰ ਕਸਬੇ 'ਚ ਬਣਿਆ ਨਿੱਕਾ ਜਿਹਾ ਘਰ, ਕਸਬੇ 'ਚ ਸਰਕਾਰੀ ਸਕੂਲ, ਪ੍ਰਾਇਮਰੀ ਹੈਲਥ ਸੈਂਟਰ, ਪੁਲਸ ਚੌਕੀ ਤੇ ਪੰਚਾਇਤ ਘਰ। ਅਕਸਰ ਹਸਪਤਾਲ ਤੋਂ ਡਾਕਟਰਾਂ ਤੇ ਮਰੀਜ਼ਾਂ ਵਿਚਕਾਰ ਹੱਥੋਪਾਈ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ, ਫੇਰ ਹੜਤਾਲ, ਕੰਮ ਬੰਦ, ਫੇਰ ਕਈ ਹਫ਼ਤੇ ਪਰੇਸ਼ਾਨੀ। ਅਜੇ ਪਿਛਲੇ ਦਿਨੀਂ ਹੀ ਹਸਪਤਾਲ 'ਚ ਬੱਚਾ ਬਦਲ ਜਾਣ ਦੀ ਖ਼ਬਰ ਜ਼ੋਰ-ਸ਼ੋਰ ਨਾਲ ਫੈਲੀ ਸੀ, ਸਾਰੇ ਦਾ ਸਾਰੇ ਲੋਕਲ ਮੀਡੀਆ ਵਾਲੇ ਤੇ ਅਖ਼ਬਾਰੀ ਪੱਤਰਕਾਰ ਖ਼ਬਰ ਦੇ ਪਿੱਛੇ ਪੈ ਗਏ।

ਮੈਂ ਮੰਜੇ 'ਤੇ ਲੰਮਾ ਤਾਂ ਪੈ ਗਿਆ ਪਰ ਅੱਖਾਂ ਵਿੱਚੋਂ ਨੀਂਦ ਗਾਇਬ ਸੀ। ਮੰਨਿਆ ਕਿ ਮੈਂ ਤਿੱਲੋ ਭੈਣ ਦਾ ਸਤਿਕਾਰ ਕਰਦਾ ਹਾਂ... ਉਹ ਮੇਰੇ ਕਮਰੇ ਵਿੱਚ ਪਈ ਰਹਿੰਦੀ ਸੀ...... ਕਦੇ ਨਾਵਲ ਪੜ੍ਹਦੀ ਪੜ੍ਹਦੀ ਉਹ ਮੇਰੇ ਮੰਜੇ 'ਤੇ ਹੀ ਸੌਂ ਜਾਂਦੀ ਸੀ... ਪਰ ਇਹ ਵੀ ਇੱਕ ਸੱਚ ਹੈ ਕਿ ਮੈਂ ਉਸ ਵੇਲੇ ਕਮਰੇ ਤੋਂ ਬਾਹਰ ਰਹਿੰਦਾ ਸੀ— ਕਦੇ ਛੱਤ 'ਤੇ ਤੇ ਕਦੇ ਵਰਾਂਡੇ ਵਿੱਚ.......ਕਦੇ ਕਦੇ ਪਿਆਰ ਨਾਲ ਉਹ ਮੈਨੂੰ 'ਹਗ' ਕਰ ਲੈਂਦੀ... ਬਸ ਇਸ ਤੋਂ ਅੱਗੇ ਕੁਝ ਵੀ ਨਹੀਂ।

ਓਦੋਂ ਮੈਂ ਸਾਹਿਤ ਸਮਾਚਾਰ ਦਾ ਸਫ਼ਾ ਵੇਖਦਾ ਸੀ, ਸਾਹਿਤ ਦੇ ਓਸ ਦੌਰ 'ਚ ਵਾਪਰ ਰਹੀਆਂ ਸਾਰੀਆਂ ਘਟਨਾਵਾਂ, ਲੋਕ-ਅਰਪਣ, ਮੂੰਹ-ਵਿਖਾਈਆਂ ਦੀਆਂ ਖ਼ਬਰਾਂ ਇਕੱਠੀਆਂ ਕਰਦਾ, ਉਨ੍ਹਾਂ ਨੂੰ ਸਜਾਅ-ਸੰਵਾਰ ਕੇ ਪੇਸ਼ ਕਰਦਾ। ਸ਼ਹਿਰ ਵਿੱਚ ਉਂਝ ਤਾਂ ਕੋਈ ਵੱਡਾ ਸਾਹਿਤਕਾਰ ਨਹੀਂ ਸੀ ਪਰ ਜਿੱਥੇ ਵੀ ਸਨ, ਜਿਹੋ ਜਿਹੇ ਵੀ ਸਨ, ਆਪੋ ਵਿੱਚ ਹੀ ਇਕੱਠੇ ਹੋ ਕੇ ਇੱਕ ਦੂਜੇ ਦੀ ਪਿੱਠ ਥਾਪੜਦੇ, ਰੋਟੀਆਂ ਪਾੜਦੇ ਤੇ ਦੇਸ਼, ਸਮਿਆਂ 'ਤੇ ਚਿੰਤਾ ਕਰਦੇ ਕਰਦੇ ਆਪਣੇ ਘਰਾਂ ਨੂੰ ਪਰਤ ਜਾਂਦੇ। ਕਸਬੇ ਦੀਆਂ ਖ਼ਬਰਾਂ ਦੀ ਰਿਪੋਰਟਿੰਗ ਮੇਰਾ ਦੋਸਤ ਸੁਧੀਰ ਕਰਦਾ, ਜੋ ਓਥੇ ਨੇੜੇ ਹੀ ਕਮਰਾ ਲੈ ਕੇ ਰਹਿੰਦਾ ਸੀ।

ਬੇ-ਨਾਮ ਰਿਸ਼ਤੇ

ਮੈਂ ਵੀ ਮਾੜਾ ਮੋਟਾ ਲਿਖਦਾ ਰਹਿੰਦਾ, ਕਦੇ ਕੋਈ ਸ਼ੇ'ਰੋ-ਸ਼ਾਇਰੀ, ਕਦੇ ਕੁਝ ਕਹਾਣੀਆਂ। ਕੁਝ ਛਪਦੀਆਂ, ਕੁਝ ਵਾਪਸ ਆ ਜਾਂਦੀਆਂ ਤੇ ਧੰਨਵਾਦ ਸਹਿਤ ਕੁਝ ਪਤਾ ਨਹੀਂ ਕਿਸ ਟੋਏ 'ਚ ਸਮਾਅ ਜਾਂਦੀਆਂ।

ਮੇਰੀ ਉਮਰ ਕੋਈ ਪੱਚੀ ਸਾਲ ਸੀ, ਮੈਂ ਸੋਚਦਾ ਸੀ ਸ਼ਾਇਦ ਇੱਕ ਦਿਨ ਕੋਈ ਵੱਡਾ ਰਾਈਟਰ ਬਣਾਂਗਾ, ਕਿਸੇ ਰਸਾਲੇ ਦਾ ਸੰਪਾਦਨ ਕਰਾਂਗਾ, ਢੇਰਾਂ ਦੇ ਢੇਰ ਇਨਾਮ, ਵਧਾਈਆਂ।

ਨਵੀਂ ਡਾਇਰੀ ਮਿਲਦੀ, ਸਾਲ ਬਦਲਦਿਆਂ-ਬਦਲਦਿਆਂ ਪੁਰਾਣੀ ਹੋ ਜਾਂਦੀ, ਭਰ ਜਾਂਦੀ, ਫੇਰ ਨਵੇਂ ਸਾਲ 'ਚ ਨਵੀਂ ਡਾਇਰੀ ਆਉਂਦੀ ..... ਇੱਕ ਸਿਲਸਿਲਾ ਚੱਲਦਾ ਰਹਿੰਦਾ, ਇਸੇ ਦਰਮਿਆਨ ਥੋੜ੍ਹੇ ਪੈਸੇ ਜੋੜ ਕੇ ਮੈਂ ਇੱਕ ਛੋਟਾ ਜਿਹਾ ਕੈਮਰਾ ਖਰੀਦ ਲਿਆ... ਸਮਾਰੋਹਾਂ....ਕੁਦਰਤ, ਚਿਹਰਿਆਂ ਦੀਆਂ ਫ਼ੋਟੋਆਂ ਖਿੱਚਦਾ ਤੇ ਛਪਣ 'ਤੇ ਪੈਸੇ ਵੀ ਮਿਲਣ ਲੱਗੇ। ਸੰਘਰਸ਼ ਦੇ ਉਨ੍ਹਾਂ ਦਿਨਾਂ 'ਚ ਵੀ ਕੁਝ ਕੱਪੜੇ, ਪੈਸੇ ਵਗੈਰਾ ਮਾਂ-ਪਿਤਾਜੀ ਨੂੰ ਘਰ ਵੀ ਭੇਜਣ ਲੱਗ ਪਿਆ ਸੀ, ਕੁੱਲ ਮਿਲਾਅ ਕੇ ਤਸੱਲੀ ਮਿਲ ਰਹੀ ਸੀ।

ਉਹ ਐਮਰਜੈਂਸੀ ਦਾ ਦੌਰ ਸੀ। ਪੱਚੀ ਜੂਨ ਉੱਨੀ ਸੌ ਪਚੱਤਰ ਦੀ ਅੱਧੀ ਰਾਤ, ਓਦੋਂ ਦੀ ਕਾਂਗਰਸ ਸਰਕਾਰ ਦੀ ਮੁਖੀ, ਭਾਰਤ ਦੀ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਿਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਂਸੀ ਐਲਾਨ ਦਿੱਤੀ ਸੀ। ਅੱਧੀ ਰਾਤ ਨੂੰ ਜਦੋਂ ਦੇਸ਼ ਸੌਂ ਰਿਹਾ ਸੀ, ਓਦੋਂ ਹੀ ਓਸ ਵੇਲੇ ਦੇ ਰਾਸ਼ਟਰਪਤੀ ਸ਼੍ਰੀ ਫ਼ਖ਼ਰੁਦੀਨ ਅਲੀ ਅਹਿਮਦ ਨੇ ਸਰਕਾਰ ਦੀ ਸਿਫ਼ਾਰਸ਼ 'ਤੇ ਸੰਵਿਧਾਨ ਦੀ ਧਾਰਾ ਤਿੰਨ ਸੌ ਬਵਿੰਜਾ ਅਧੀਨ ਦੇਸ਼ ਨੂੰ ਐਮਰਜੈਂਸੀ ਵਿੱਚ ਝੋਕ ਦਿੱਤਾ ਸੀ।

ਦੇਸ਼ ਦੀ ਨੀਂਦ ਵੀ ਨਹੀਂ ਖੁੱਲ੍ਹੀ ਸੀ ਕਿ ਇੱਕ ਰਾਜਨੀਤਕ ਧੋਖਾ ਹੋ ਗਿਆ ਸੀ। ਸਾਰੀਆਂ ਦੀਆਂ ਸਾਰੀਆਂ ਮੀਡੀਆ ਸੰਸਥਾਵਾਂ ਦੇ ਕੰਮ ਕਾਜ 'ਤੇ ਫ਼ੌਰਨ, ਓਸੇ ਵੇਲੇ ਤੋਂ ਹੀ ਅਸਰ ਕਰਦੀਆਂ ਬਹੁਤ ਸਾਰੀਆਂ ਪਬੰਦੀਆਂ ਲਾ ਦਿੱਤੀਆਂ ਗਈਆਂ। ਬਹੁਤ ਸਾਰੇ ਸਿਆਸੀ ਆਗੂ ਜਾਂ ਤਾਂ ਗ੍ਰਿਫ਼ਤਾਰੀ ਦੇ ਡਰੋਂ ਲੁਕ ਗਏ, ਜਾਂ ਫੜੇ ਗਏ। ਖ਼ਬਰਾਂ ਲਿਖਣ, ਉਨ੍ਹਾਂ ਨੂੰ ਛਾਪਣ, ਸਰਕਾਰ ਦੇ ਖ਼ਿਲਾਫ਼ ਲਿਖਣ, ਬੋਲਣ, ਸਭਾ ਕਰਨ 'ਤੇ ਪਾਬੰਦੀ ਲੱਗ ਗਈ। ਕੋਈ ਸੁਣਵਾਈ ਨਹੀਂ, ਜੇਲ੍ਹਾਂ ਭਰ ਦਿੱਤੀਆਂ ਗਈਆਂ। ਸਰਕਾਰ ਆਪਣੀ ਸ਼ਕਤੀ ਵਿਖਾਉਣੀ ਚਾਹੁੰਦੀ ਸੀ। ਮੁਖ਼ਾਲਫ਼ਤ ਦੇ ਸਾਰੇ ਸੁਰ ਚੁੱਪ ਕਰਾਅ ਦਿੱਤੇ ਗਏ। ਰਿਪੋਰਟਿੰਗ 'ਤੇ ਪਹਿਰਾ ਹੋ ਗਿਆ। ਸੰਪਾਦਕ ਵੀ ਖ਼ਬਰਾਂ ਨੂੰ ਬਹੁਤ ਸੋਚ-ਵਿਚਾਰ ਕੇ ਛਾਪਣ ਲੱਗੇ। ਅਜਿਹੇ ਵਿੱਚ ਮੇਰਾ ਕੰਮ ਹੋਰ ਵੀ ਔਖਾ ਹੋ ਗਿਆ।

ਤਿੱਲੋ ਭੈਣ ਐੱਮ ਏ ਕਰ ਰਹੀ ਸੀ, ਸੁਲੋਚਨਾ ਬਾਰ੍ਹਵੀਂ ਵਿੱਚ ਸੀ। ਤਿੱਲੋ ਭੈਣ ਕੋਈ ਅਠਾਈ-ਉਨੱਤੀ ਸਾਲ ਦੀ ਸਊਲੀ ਕੁੜੀ ਸੀ, ਪੂਰੀ ਸੰਭਲੀ ਹੋਈ ਅਤੇ ਵਿਹਾਰੀ। ਮੈਂ ਤਿੱਲੋ ਭੈਣ ਨੂੰ ਭੈਣ ਹੀ ਕਹਿੰਦਾ, ਉਹ ਮੇਰੇ ਖਾਣ-ਪੀਣ ਦਾ ਬੜਾ ਖ਼ਿਆਲ ਰੱਖਦੀ। ਕਦੇ ਕੋਈ ਚੰਗੀ ਦਾਲ-ਸਬਜ਼ੀ ਬਣਦੀ ਤਾਂ ਮੇਰੇ ਕਮਰੇ 'ਚ ਪਈ ਮਿਲਦੀ, ਤੇ ਕਦੇ ਖੀਰ ਕਦੇ ਆਲੂ ਦੇ ਪਰੌਂਠੇ।

ਮੈਂ ਵੀ ਤਿੱਲੋ ਭੈਣ ਦੇ ਸਾਰੇ ਕੰਮ ਕਰ ਦਿੰਦਾ, ਕਦੇ ਪੋਸਟ ਆਫ਼ਿਸ ਤੋਂ ਲਿਫ਼ਾਫ਼ੇ, ਪੋਸਟਕਾਰਡ, ਟਿਕਟ ਲੈ ਆਉਂਦਾ, ਤਾਂ ਕਦੇ ਕੁਮਾਰ ਸਾਨੂ ਦੀ ਕੋਈ ਕੈਸੇਟ—'*ਸੋਚੇਂਗੇ ਤੁਮ੍ਹੇਂ ਪਿਆਰ ਕਰੇਂ ਕਿ ਨਹੀਂ*", ਜਾਂ ਫਿਰ ਆਂਵਲੇ, ਰੀਠੇ, ਫਲ-ਮਿਠਾਈਆਂ, ਦਹੀਂ। ਉਂਝ ਆਮ ਤੌਰ 'ਤੇ ਆਪਣਾ ਕੰਮ ਉਹ ਆਪ ਕਰਨਾ ਪਸੰਦ ਕਰਦੀ, ਫੇਰ ਵੀ ਕੁਝ ਕੰਮ ਮੈਂ ਕਰਦਾ।

ਤਿੱਲੋ ਭੈਣ ਦੀ ਮਾਂ ਵਿਮਲਾ ਆਂਟੀ ਇੱਕ ਕੁਸ਼ਲ ਸੁਆਣੀ ਸਨ, ਘਰ ਦਾ ਸਾਰਾ ਕੰਮ ਨਬੇੜਦੇ ਰਹਿੰਦੀ, ਅੰਕਲ ਆਪਣੇ ਰੋਜ਼ਗਾਰ ਵਿੱਚ ਲੱਗੇ ਰਹਿੰਦੇ, ਉਨ੍ਹਾਂ ਕੋਲ ਚਾਰਬਾਗ਼ ਵਿੱਚ ਚਿਕਨ-ਜ਼ਰੀ ਦੇ ਕੱਪੜਿਆਂ ਦੀ ਦੁਕਾਨ ਸੀ, ਜੋ ਬੜੀ ਹੀ ਮਸ਼ਹੂਰ ਸੀ, ਅੰਕਲ ਰੁੱਝੇ ਰਹਿੰਦੇ, ਉਹ ਸਵੇਰੇ ਦੁਕਾਨ 'ਤੇ ਜਾਂਦੇ ਤਾਂ ਫੇਰ ਦੇਰ ਰਾਤ ਨੂੰ ਹੀ ਘਰ ਵਾਪਸ ਆਉਂਦੇ, ਆਮ ਤੌਰ 'ਤੇ ਜਦੋਂ ਸਾਰੇ ਜਣੇ ਸੌਂ ਜਾਂਦੇ।

ਮੈਂ ਸ਼ਿਫ਼ਟ ਵਿੱਚ ਕੰਮ ਕਰਦਾ। ਮੇਰੇ ਕਮਰੇ ਵਿੱਚ ਵੱਖ ਵੱਖ ਕਿਤਾਬਾਂ, ਸਾਹਿਤਕ ਰਸਾਲਿਆਂ ਤੇ ਨਿਊਜ਼ਪੇਪਰਾਂ ਦਾ ਢੇਰ ਲੱਗਾ ਰਹਿੰਦਾ। ਤਿੱਲੋ ਭੈਣ ਕੋਈ ਕਿਤਾਬਾਂ ਲੈ ਜਾਂਦੀ ਜਾਂ ਫੇਰ ਮੇਰੇ ਕਮਰੇ ਵਿੱਚ ਪੜ੍ਹਦੀ-ਪੜ੍ਹਦੀ ਸੌਂ ਜਾਂਦੀ, ਅਜਿਹੇ 'ਚ ਮੈਂ ਵਰਾਂਡੇ ਵਿਚ ਜਾਂ ਛੱਤ 'ਤੇ ਸੌਂਦਾ।

ਅਜਿਹੇ ਵਿੱਚ ਕਦੇ ਕਿਸੇ ਦੇ ਮਨ ਵਿੱਚ ਕੋਈ ਗ਼ਲਤ ਵਿਚਾਰ ਜਾਂ ਕੋਈ ਗ਼ਲਤਫ਼ਹਿਮੀ ਕਦੇ ਵੀ ਨਾ ਹੋਈ।

ਇੱਕ ਦਿਨ ਸੁਬਹ-ਸਵੇਰੇ ਹੀ ਆਂਟੀ ਜੀ ਨੇ ਮੈਨੂੰ ਦੱਸਿਆ ਕਿ ਤਿੱਲੋ ਭੈਣ ਦਾ ਵਿਆਹ ਤੈਅ ਹੋ ਗਿਆ ਹੈ। ਪਰਿਵਾਰ ਖ਼ੁਸ਼ ਸੀ, ਮੈਂ ਵੀ ਬਹੁਤ ਖ਼ੁਸ਼ ਸੀ ਕਿ ਚਲੋ, ਅਵਧੇਸ਼ ਅੰਕਲ ਦੀ ਚਿੰਤਾ ਕੁਝੀ ਦੂਰ ਹੋਏਗੀ।

ਹੌਲੀ-ਹੌਲੀ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ, ਕੱਪੜੇ, ਗਹਿਣੇ, ਬਰਤਨ, ਵਿਆਹ ਵਿੱਚ ਰਿਸ਼ਤੇਦਾਰਾਂ ਨੂੰ ਦਿੱਤੇ ਜਾਣ ਵਾਲੇ ਕੱਪੜੇ, ਗਿਫ਼ਟ, ਫ਼ਰਨੀਚਰ, ਅਲਮਾਰੀ, ਸੋਫ਼ਾ ਸੈੱਟ ਵਗੈਰਾ।

ਸਭ ਕੁਝ ਮੇਰੇ ਕਮਰੇ ਵਿੱਚ ਭਰਿਆ ਜਾਣ ਲੱਗਾ। ਮੈਂ ਅੰਕਲ ਜੀ ਨੂੰ ਪੁੱਛਿਆ ਕਿ ਕੁਝ ਦਿਨ ਮੈਂ ਆਪਣੇ ਦੋਸਤ ਦੇ ਘਰ ਰਹਿ ਲਵਾਂਗਾ, ਪਹਿਲਾਂ ਤਾਂ ਉਹ ਮੰਨੇ ਨਹੀਂ, ਫੇਰ ਸਮਝ ਗਏ ਕਿ ਮੈਂ ਸਹੀ ਕਹਿ ਰਿਹਾ ਹਾਂ।

ਮੈਂ ਸੁਧੀਰ ਦੇ ਕਮਰੇ ਵਿਚ ਰਹਿਣ ਲੱਗਾ।

ਉਨ੍ਹਾਂ ਦੇ ਵਿਆਹ ਤੋਂ ਦੋ ਦਿਨ ਪਹਿਲਾਂ ਹੀ ਮੈਨੂੰ ਜੈਪੁਰ ਜਾਣਾ ਪਿਆ, ਲਿਟਰੇਚਰ ਫ਼ੈਸਟੀਵਲ ਨੂੰ ਕਵਰ ਕਰਨ, ਓਥੇ ਮੈਨੂੰ ਚਾਰ ਪੰਜ ਦਿਨ ਲੱਗ ਗਏ। ਮੈਂ ਵੀ ਬੇਫ਼ਿਕਰ ਸੀ ਕਿ ਚਲੋ, ਚੰਗਾ ਹੀ ਹੋਇਆ ਉਨ੍ਹਾਂ ਦਾ ਵਿਆਹ ਹੋ ਗਿਆ। ਤਿੱਲੋ ਭੈਣ ਆਪਣੇ ਘਰ ਚਲੀ ਗਈ, ਵਿਆਹ ਵੀ ਚੰਗਾ ਹੋ ਗਿਆ। ਸੁਣਿਆ ਸੀ ਲੜਕਾ ਵੀ ਕਿਸੇ ਸਰਕਾਰੀ ਹਸਪਤਾਲ 'ਚ ਡਾਕਟਰ ਹੈ, ਇਕਲੌਤੀ ਔਲਾਦ ਹੈ। ਚਲੋ, ਤਿੱਲੋ ਭੈਣ ਮੌਜਾਂ ਕਰੇਗੀ।

ਮੈਂ ਆਪਣੇ ਕਮਰੇ ਵਿੱਚ ਵਾਪਸ ਆ ਗਿਆ, ਕੁਝ ਸਾਫ਼-ਸਫ਼ਾਈ ਕਰ ਕੇ ਉਸ ਥਾਂ ਨੂੰ ਰਹਿਣ ਲਾਇਕ ਬਣਾਅ ਦਿੱਤਾ, ਆਪਣੇ ਕੰਮ-ਧੰਦੇ ਵਿੱਚ ਲੱਗ

ਰਾਜੇਂਦ੍ਰ ਕੁਮਾਰ ਕਨੌਜੀਆ
ਅਨੁ: ਪੂਨਮ ਸਿੰਘ

ਗਿਆ।
ਕੁਝ ਦਿਨ ਬੀਤ ਗਏ ਸਨ, ਘਰ ਵਿੱਚ ਆਮ ਤੌਰ ’ਤੇ ਸੰਨਾਟਾ ਰਹਿੰਦਾ..... ਮੇਰੇ ਕਮਰੇ ਵਿੱਚ ਵੀ ਚੀਜ਼ਾਂ ਓਸੇ ਤਰ੍ਹਾਂ ਦੀਆਂ ਓਸੇ ਤਰ੍ਹਾਂ ਪਈਆਂ ਰਹਿੰਦੀਆਂ, ਕੋਈ ਉਨ੍ਹਾਂ ਨੂੰ ਛੇੜਦਾ ਨਾ। ਸਭ ਕੁਝ ਥਾਂ-ਸਿਰ ਰਹਿੰਦਾ। ਹੁਣ ਨਾ ਤਾਂ ਮੈਨੂੰ ਕੁਝ ਚੰਗਾ ਖਾਣ ਨੂੰ ਮਿਲਦਾ, ਨਾ ਹੀ ਕੋਈ ਗੱਲ ਕਰਦਾ। ਪਤਾ ਨਹੀਂ ਮੈਨੂੰ ਕਿਉਂ ਲੱਗਣ ਲੱਗ ਪਿਆ ਸੀ ਕਿ ਇਹ ਸੰਨਾਟਾ ਕੁਝ ਜ਼ਿਆਦਾ ਹੀ ਗੰਭੀਰ ਹੈ, ਕੁਝ ਹੈ ਜੋ ਪੱਕ ਰਿਹਾ ਹੈ, ਮੇਰੇ ਨਾਲ ਕੋਈ ਗੱਲ ਕਿਉਂ ਨਹੀਂ ਕਰਦਾ।

ਸੁਲੋਚਨਾ ਦੇ ਬੋਰਡ ਦੇ ਇਮਤਿਹਾਨ ਚੱਲ ਰਹੇ ਸਨ.... ਉਹ ਪੜ੍ਹਦੀ ਰਹਿੰਦੀ ਸੀ ਪਰ ਮੈਨੂੰ ਉਹ ਛੱਤ ’ਤੇ ਗੁਮਸੁਮ ਬੈਠੀ ਮਿਲ ਜਾਂਦੀ। ਮੈਨੂੰ ਵੇਖਦਿਆਂ ਹੀ ਹੇਠਾਂ ਉਤਰ ਜਾਂਦੀ।
ਇੱਕ ਦਿਨ ਮੈਂ ਸਵੇਰੇ ਸਵੇਰੇ ਹੀ ਹੇਠਾਂ ਉਤਰ ਗਿਆ, ਅੰਕਲ ਜੀ ਜਾ ਚੁੱਕੇ ਸਨ, ਆਂਟੀ ਜੀ ਖਾਣਾ ਬਣਾਅ ਰਹੇ ਸਨ।
ਮੈਂ ਸਿੱਧਾ ਰਸੋਈ ’ਚ ਹੀ ਚਲਾ ਗਿਆ।
‘‘ਕਿਹੋ ਜਿਹਾ ਰਿਹਾ ਵਿਆਹ, ਆਂਟੀ ਜੀ?’’
‘‘ਬਹੁਤ ਚੰਗਾ,’’ ਆਂਟੀ ਨੇ ਬਿਨਾਂ ਮੈਨੂੰ ਦੇਖੇ ਕਿਹਾ।
‘‘ਮੈਂ ਤਾਂ ਸਭ ਕੁਝ ਮਿਸ ਕਰ ਗਿਆ। ਭੈਣ ਖ਼ੁਸ਼ ਤਾਂ ਸੀ ਨਾ?’’
‘‘ਹਾਂ ਬਿਲਕੁਲ... ਉਹ ਬਹੁਤ ਖੁਸ਼ ਸੀ।’’
‘‘ਮੈਨੂੰ ਯਾਦ ਕਰ ਰਹੀ ਸੀ ਕਿ ਨਹੀਂ?’’ ਮੈਂ ਸ਼ਾਇਦ ਬਹੁਤੇ ਹੀ ਭਰੋਸੇ ਵਿੱਚ ਕਹਿ ਦਿੱਤਾ ਸੀ।
‘‘ਉਹ ਤਾਂ ਮੈਨੂੰ ਪਤਾ ਨਹੀਂ,’’ ਆਂਟੀ ਜੀ ਨੇ ਹੌਲੀ ਜਿਹੀ ਕਿਹਾ।
‘‘ਕਿਵੇਂ ਹਨ ਉਹ ਓਥੇ?’’
‘‘ਬਹੁਤ ਚੰਗੀ। ਖੁਸ਼-ਖੁਸ਼ਹਾਲ, ਇਕੱਲੀ ਨੂੰਹ ਹੈ, ਲੜਕਾ ਡਾਕਟਰ ਹੈ, ਹੋਰ ਕੀ ਚਾਹੀਦਾ।’’ ਇਸ ਵਾਰ ਆਂਟੀ ਜੀ ਨੇ ਥੋੜ੍ਹਾ ਜ਼ੋਰ ਦੀ ਕਿਹਾ।

ਏਨੇ ਨੂੰ ਉਨ੍ਹਾਂ ਡੱਬੇ ਵਿੱਚੋਂ ਕੱਢ ਕੇ ਚਾਰ ਲੱਡੂ ਪਲੇਟ ਵਿੱਚ ਧਰ ਕੇ ਅੱਗੇ ਰੱਖ ਦਿੱਤੇ।
‘‘ਲੈ, ਲੱਡੂ ਖਾ ਲੈ।’’

‘‘ਚਲੋ, ਚੰਗਾ ਹੀ ਹੋਇਆ। ਤਿੱਲੋ ਭੈਣ ਅਕਸਰ ਖ਼ਮੋਸ਼ ਰਹਿੰਦੀ ਹੁੰਦੀ ਸੀ। ਅਗਲੀ ਵਾਰ ਦਿੱਲੀ ਗਿਆ ਤਾਂ ਜ਼ਰੂਰ ਮਿਲਾਂਗਾ।’’
‘‘ਨਹੀਂ ਨਹੀਂ...... ਅਜੇ ਨਹੀਂ , ਅਜੇ ਨਵਾਂ ਨਵਾਂ ਵਿਆਹ ਹੈ। ਅਜਿਹੇ ਵਿੱਚ ਕਿਸੇ ਓਪਰੇ ਦਾ ਓਥੇ ਜਾਣਾ ਠੀਕ ਨਹੀਂ।’’ ਜਾਣ ਬੁੱਝ ਕੇ ਉਨ੍ਹਾਂ ਓਪਰੇ ਸ਼ਬਦ ਨੂੰ ਜ਼ੋਰ ਦੇ ਕੇ ਕਿਹਾ।

ਪਹਿਲੀ ਵਾਰ ਮੈਨੂੰ ਲੱਡੂ ਕੌੜੇ ਲੱਗ ਰਹੇ ਸੀ, ਮੈਂ ਬੋਝਲ ਕਦਮਾਂ ਨਾਲ ਆਪਣੇ ਕਮਰੇ ਵੱਲ ਜਾਣ ਲੱਗਾ।

ਹੁਣ ਮੇਰੇ ਨਾਲ ਕੋਈ ਬਹੁਤੀ ਗੱਲ ਨਾ ਕਰਦਾ, ਮੈਂ ਉਨ੍ਹਾਂ ਨੂੰ ਆਉਂਦਿਆਂ-ਜਾਂਦਿਆਂ ਮਿਲ ਲੈਂਦਾ ਬਸ, ਆਂਟੀ ਆਪਣੇ ਕੰਮ ਵਿੱਚ ਲੱਗੇ ਰਹਿੰਦੇ, ਅੰਕਲ ਜੀ ਸਵੇਰੇ ਹੀ ਨਿਕਲ ਜਾਂਦੇ, ਸੁਲੋਚਨਾ ਮੈਨੂੰ ਕਿਤੇ ਦਿਸਦੀ ਨਾ। ਮੈਂ ਪੁੱਛਦਾ ਵੀ ਨਾ।

ਇੱਕ ਦਿਨ ਅਚਾਨਕ ਅੱਧੀ ਰਾਤ ਦੇ ਆਸ ਪਾਸ ਕਿਸੇ ਨੇ ਮੇਰੇ ਕਮਰੇ ਦਾ ਦਰਵਾਜ਼ਾ ਖੜਕਾਇਆ। ਮੈਂ ਸੌਂ ਚੁੱਕਾ ਸੀ। ਜਦੋਂ ਕਿਸੇ ਨੇ ਦੁਬਾਰਾ ਦਰਵਾਜ਼ਾ ਖੜਕਾਇਆ ਤਾਂ ਮੈਨੂੰ ਜਾਗਣਾ ਪਿਆ।
‘‘ਕੌਣ........!’’
‘‘ਮੈਂ........’’
ਮੈਂ ਕੱਪੜੇ ਠੀਕ ਕੀਤੇ, ਚਸ਼ਮਾ ਲਾਇਆ, ਦਰਵਾਜ਼ਾ ਖੋਲ੍ਹਿਆ।
ਇੱਕ ਛਾਂ ਮੈਨੂੰ ਤਕਰੀਬਨ ਧੱਕਾ ਮਾਰ ਮੇਰੇ ਕਮਰੇ ਵਿੱਚ ਆ ਵੜੀ।
ਮੈਂ ਪਲਟ ਕੇ ਵੇਖਿਆ ਤਾਂ ਸਾਹਮਣੇ ਸੁਲੋਚਨਾ ਖੜ੍ਹੀ ਸੀ। ਉਸ ਦੁਪੱਟੇ ਨਾਲ ਆਪਣਾ ਮੂੰਹ ਢਕਿਆ ਹੋਇਆ ਸੀ।
‘‘ਕੀ ਗੱਲ ਹੈ? ਏਨੀ ਰਾਤ ਮੇਰੇ ਕਮਰੇ ਵਿੱਚ ਕਿਉਂ ਆਈ ਹੈਂ, ਚੱਲ ਵਾਪਸ,’’ ਮੈਂ ਜ਼ੋਰ ਨਾਲ ਡਾਂਟਿਆ।
‘‘ਵੀਰ, ਇੱਕ ਕੰਮ ਕਰੋਗੇ... ਬੋਲੋ ਹਾਂ।’’
‘‘ਏਨੀ ਰਾਤ ਨੂੰ, ਕੀ ਕੰਮ ਹੈ ਮੇਰੇ ਨਾਲ? ਬਾਹਰ ਜਾ ਹੁਣੇ।’’
‘‘ਮੈਨੂੰ ਕੁਝ ਪੈਸੇ ਚਾਹੀਦੇ ਨੇ, ਦੇ ਦਿਓ ਪਲੀਜ਼।’’ ਉਹ ਫੁਸਫੁਸਾਈ।
‘‘ਇਸ ਵੇਲੇ ਕੀ ਕਰੇਂਗੀ ਪੈਸਿਆਂ ਦਾ? ਮੈਂ ਆਂਟੀ ਜੀ ਨੂੰ ਬੁਲਾਅ ਲਵਾਂਗਾ।’’
‘‘ਮੈਂ ਕਾਲਜ ਵਿੱਚ ਸਵੇਰੇ ਫ਼ੀਸ ਦੇਣੀ ਹੈ। ਘਰ ਵਿੱਚ ਹੈ ਹੀ ਨਹੀਂ। ਦੋ ਹਜ਼ਾਰ ਹੀ ਦੇ ਦਿਓ, ਵੀਰ, ਪਲੀਜ਼।’’

ਮੈਂ ਪਰਸ ਚੁੱਕਿਆ ਹੀ ਸੀ ਕਿ ਉਸ ਨੇ ਉਸ ਵਿੱਚ ਪਿਆ ਹਜ਼ਾਰ ਦਾ ਨੋਟ ਚੁੱਕ ਲਿਆ। ਮੈਂ ਕੁਝ ਕਰ ਸਕਦਾ, ਇਸ ਤੋਂ ਪਹਿਲਾਂ ਹੀ ਉਹ ਹੇਠਾਂ ਉੱਤਰ ਗਈ। ਹੇਠਾਂ ਜਾਂਦੀ ਜਾਂਦੀ ਰੁਕ ਗਈ, ਅੱਧੀਆਂ ਪੌੜੀਆਂ ’ਤੇ ਰੁਕ ਕੇ ਬੋਲੀ—
‘‘ਤਿੱਲੋ ਦੇ ਤਾਂ ਸਾਰੇ ਕੰਮ ਕਰਦੇ ਸੀ, ਕਮਰੇ ’ਚ ਪਈ ਰਹਿੰਦੀ ਸੀ। ਤਿੱਲੋ ਭੈਣ ’ਤੇ ਤਾਂ ਬਹੁਤ ਫ਼ਿਦਾ ਸੀ ਤੁਸੀ, ਮੇਰੇ ਵਿੱਚ ਕੀ ਘਾਟ ਹੈ? ਕੀ ਮੈਂ ਉਨ੍ਹਾਂ ਤੋਂ ਗਈ ਗੁਜ਼ਰੀ ਹਾਂ।’’ ਉਹ ਮੇਰੇ ’ਤੇ ਹੱਸਦੀ ਹੋਈ ਹੇਠਾਂ ਉਤਰ ਗਈ।
ਮੇਰੇ ਕੰਨਾਂ ਵਿੱਚ ਇਹ ਸ਼ਬਦ ਜਿਵੇਂ ਪਿਘਲੇ ਸ਼ੀਸ਼ੇ ਵਾਂਗ ਲਹਿ ਰਹੇ ਸਨ। ਪੈਰ ਕੰਬ ਰਹੇ ਸਨ। ਮੇਰੀ ਕਿਹੋ ਜਿਹੀ ਤਸਵੀਰ ਬਣਾਅ ਦਿੱਤੀ ਇਸ ਨੇ, ਸ਼ਾਇਦ ਆਂਟੀ ਜੀ ਨੂੰ ਵੀ ਇਹੋ ਜਿਹਾ ਹੀ ਲੱਗਾ ਹੋਵੇ।
ਮੈਂ ਮੰਜੇ ’ਤੇ ਲੰਮਾ ਪੈ ਤਾਂ ਗਿਆ ਪਰ ਅੱਖਾਂ ਵਿੱਚੋਂ ਨੀਂਦ ਗਾਇਬ ਸੀ। ਮੰਨਿਆ ਕਿ ਮੈਂ ਤਿੱਲੋ ਭੈਣ ਦਾ ਸਤਿਕਾਰ ਕਰਦਾ ਹਾਂ... ਉਹ ਮੇਰੇ ਕਮਰੇ ਵਿੱਚ ਪਈ ਰਹਿੰਦੀ ਸੀ... ... ਕਦੇ ਨਾਵਲ ਪੜ੍ਹਦੀ ਪੜ੍ਹਦੀ ਉਹ ਮੇਰੇ ਮੰਜੇ ’ਤੇ ਹੀ ਸੌਂ ਜਾਂਦੀ ਸੀ... ਪਰ ਇਹ ਵੀ ਇੱਕ ਸੱਚ ਹੈ ਕਿ ਮੈਂ ਉਸ ਵੇਲੇ ਕਮਰੇ ਤੋਂ ਬਾਹਰ ਰਹਿੰਦਾ ਸੀ— ਕਦੇ ਛੱਤ ’ਤੇ ਤੇ ਕਦੇ ਵਰਾਂਡੇ ਵਿੱਚ.......ਕਦੇ ਕਦੇ ਪਿਆਰ ਨਾਲ ਉਹ ਮੈਨੂੰ ‘ਹਗ’ ਕਰ ਲੈਂਦੀ... ਬਸ ਇਸ ਤੋਂ ਅੱਗੇ ਕੁਝ ਵੀ ਨਹੀਂ।

ਪਿਛਲੀਆਂ ਗਰਮੀਆਂ ਦੇ ਦਿਨ ਸਨ। ਮੈਂ ਆਪਣਾ ਆਰਟੀਕਲ ਲਿਖ ਰਿਹਾ ਸੀ— ਦੇਸ਼ ਵਿੱਚ, ਸਮਾਜ ਵਿੱਚ ਵਧਦੀ ਨਫ਼ਰਤ, ਵੈਰ-ਭਾਵ ਅਤੇ ਉਨ੍ਹਾਂ ਕੁਝ ਲੋਕਾਂ ਬਾਰੇ ਜੋ ਅੱਜ ਵੀ ਸਮਾਜ ਵਿੱਚ ਨਾਰਾਂ, ਪੱਛੜਿਆਂ ਅਤੇ ਘੱਟ-ਗਿਣਤੀਆਂ ਦੇ ਬਰਾਬਰ ਹੱਕਾਂ ਬਾਰੇ ਕੁਝ ਲਿਖ ਰਹੇ ਹਨ, ਬੋਲ ਰਹੇ ਹਨ। ਸਮਾਜ ਵਿੱਚ ਵੰਡ ਪੱਕੀ ਹੀ

ਬੇ-ਨਾਮ ਰਿਸ਼ਤੇ

ਜ਼ਰੂਰੀ ਨਹੀਂ।
ਮੇਰੇ ਕਮਰੇ ਦੀ ਛੱਤ ਨੂੰ ਪੌੜੀ ਨਹੀਂ ਸੀ। ਮੈਂ ਲੱਕੜ ਦੀ ਪੌੜੀ ਦੇ ਸਹਾਰੇ ਉੱਪਰ-ਥੱਲੇ ਆਉਂਦਾ ਜਾਂਦਾ ਸੀ। ਛੱਤ ’ਤੇ ਇੱਕ ਚੁਬਾਰਾ ਸੀ, ਜਿੱਥੇ ਘਰ ਦਾ ਸਾਰਾ ਕੂੜ ਕਬਾੜ— ਜਿਵੇਂ ਪੁਰਾਣੀ ਸਾਈਕਲ, ਗੱਤੇ, ਟੀਨ, ਅਖ਼ਬਾਰ ਵਗੈਰਾ—ਰੱਖਿਆ ਜਾਂਦਾ।
ਛੱਤ ’ਤੇ ਪਾਣੀ ਦੀ ਟੈਂਕੀ ਲੱਗੀ ਸੀ, ਜਿੱਥੇ ਇੱਕ ਪੱਕਾ ਚਬੂਤਰਾ ਬਣਿਆ ਸੀ, ਜਿੱਥੇ ਬੈਠਿਆ ਜਾ ਸਕਦਾ ਸੀ। ਮੈਂ ਅਕਸਰ ਓਥੇ ਹੀ ਬੈਠ ਕੇ, ਖੁੱਲ੍ਹੀ ਹਵਾ, ਘੱਟ ਰੌਲ਼ੇ, ਇਕਾਂਤ ਵਿੱਚ ਲਿਖਦਾ।
ਲਿਖਣਾ ਬੜੀ ਇਕਾਗਰਤਾ ਨਾਲ ਹੀ ਹੋ ਸਕਦਾ ਹੁੰਦਾ ਹੈ, ਇਹ ਥਾਂ ਮੇਰੀ ਖ਼ਾਸ ਸੀ ਕਿਉਂਕਿ ਇੱਕ ਤਾਂ ਘੱਟ ਰੌਲ਼ਾ, ਸਾਫ਼ ਹਵਾ ਅਤੇ ਕੋਈ ਇੱਥੇ ਆਉਂਦਾ-ਜਾਂਦਾ ਵੀ ਨਹੀਂ ਸੀ।
ਓਸ ਦਿਨ ਮੈਂ ਡਾਇਰੀ ਚੁੱਕੀ, ਪੈਨ ਲਿਆ, ਨਾਲ ਪਾਣੀ ਦੀ ਬੋਤਲ ਲੈ ਕੇ ਉੱਪਰ ਚੜ੍ਹਿਆ ਹੀ ਸੀ ਕਿ ਕਿਸੇ ਦੇ ਰੋਣ ਦੀ ਅਵਾਜ਼ ਆਈ।
ਮੈਂ ਸਹਿਮ ਗਿਆ.... ਸਧੇ ਹੋਏ ਕਦਮਾਂ ਨਾਲ ਮੈਂ ਚੁਬਾਰੇ ਵੱਲ ਤੁਰ ਪਿਆ।
ਅਵਾਜ਼ ਅੰਦਰੋਂ ਆ ਰਹੀ ਸੀ। ਦਰਵਾਜ਼ਾ ਬੰਦ ਸੀ। ਪਹਿਲਾਂ ਮੈਂ ਸੋਚਿਆ— ਛੱਡੋ, ਵਾਪਸ ਚਲਦਾ ਹਾਂ। ਮੈਨੂੰ ਕੀ?
ਪਰ ਲੱਗਾ, ਨਹੀਂ, ਇਹ ਤਾਂ ਗ਼ਲਤ ਹੈ। ਪਤਾ ਨਹੀਂ ਕੌਣ ਹੈ, ਉਸਨੂੰ ਕੀ ਤਕਲੀਫ਼ ਹੈ। ਦੇਖਾਂ ਤਾਂ ਸਹੀ। ਸ਼ਾਇਦ ਮੈਂ ਉਸਦੀ ਕੁਝ ਮਦਦ ਕਰ ਸਕਾਂ।
ਕਮਰੇ ਦੇ ਦਰਵਾਜ਼ੇ ’ਤੇ ਹੱਥ ਰੱਖਿਆ। ਦਰਵਾਜ਼ਾ ਅੰਦਰੋਂ ਬੰਦ ਨਹੀਂ ਸੀ.....ਪਾਟ ਖੁੱਲ੍ਹ ਗਏ। ਅਚਾਨਕ ਅੰਦਰੋਂ ਆ ਰਹੀ ਅਵਾਜ਼ ਸ਼ਾਂਤ ਹੋ ਗਈ। ਅੰਦਰ ਰੌਸ਼ਨੀ ਤਾਂ ਸੀ, ਪਰ ਹਲਕੀ, ਮਟਮੈਲੀ ਜਿਹੀ।
“ਕੌਣ ਹੈ.......?” ਮੈਂ ਅਵਾਜ਼ ਮਾਰੀ ਅਤੇ ਜਿਹੜੀ ਅਵਾਜ਼ ਆਈ ਸੀ ਉਸ ਵੱਲ ਤੁਰ ਪਿਆ। ਆਵਾਜ਼ ਨੇੜਿਓਂ ਹੀ ਆ ਰਹੀ ਸੀ।

ਜਿਵੇਂ ਹੀ ਮੈਂ ਉਸ ਪਾਸੇ ਪਹੁੰਚਿਆ, ਮੇਰੇ ਪੈਰਾਂ ਹੇਠੋਂ ਜਿਵੇਂ ਜ਼ਮੀਨ ਖਿਸਕ ਗਈ। ਭੂਚਾਲ ਆ ਗਿਆ। ਛੱਤ ਜਿਵੇਂ ਕੰਬਣ ਲੱਗੀ।
“ਓਅਅ, ਤੁਸੀਂ...!”
“ਹਾਂ, ਮੈਂ!”
ਸਾਹਮਣੇ ਤਿੱਲੋ ਭੈਣ ਬਿਲਕੁਲ ਮੇਰੇ ਵੱਲ ਪਿੱਠ ਕਰੀ, ਪਸੀਨੇ ਨਾਲ ਤਰ-ਬ-ਤਰ ਬੈਠੀ ਹੈ।
“ਓਅਅ, ਸੌਰੀ। ਮੈਂ ਗਲਤੀ ਨਾਲ ਆ ਗਿਆ। ਮੈਂ ਵਾਪਸ ਜਾ ਰਿਹਾ ਹਾਂ। ਪਰ ਤੁਹਾਨੂੰ ਕੀ ਹੋਇਆ? ਇਹ ਕਿਉਂ?”
“ਕੁਝ ਨਹੀਂ, ਮੈਂ ਬਿਲਕੁਲ ਠੀਕ ਹਾਂ,” ਉਹ ਪਕਿਆਈ ਨਾਲ ਬੋਲ ਪਈ।
“ਮੈਂ ਹੇਠਾਂ ਜਾ ਰਿਹਾ ਹਾਂ।”
ਮੈਂ ਜਿਵੇਂ ਹੀ ਮੁੜਿਆ, ਉਨ੍ਹਾਂ ਮੇਰਾ ਹੱਥ ਫੜ ਲਿਆ।
“ਬੈਠੋ... ਡਰੋ ਨਾ। ਬਸ ਮੇਰਾ ਮਨ ਦੁਖੀ ਹੈ। ਮੇਰੀ ਉਮਰ ਹੋ ਰਹੀ ਹੈ। ਮਾਂ-ਬਾਬੂ ਜੀ ਚਾਹੁੰਦੇ ਹਨ ਕਿ ਮੈਂ ਵਿਆਹ ਕਰ ਕੇ ਆਪਣੇ ਸਹੁਰੇ ਘਰ ਚਲੀ ਜਾਵਾਂ, ਉਨ੍ਹਾਂ ਦੀ ਜ਼ਿੰਮੇਵਾਰੀ ਘਟ ਜਾਏ। ਮੈਂ ਵੀ ਚਾਹੁੰਦੀ ਹਾਂ...... ਪਰ ਲੋਕ ਆਉਂਦੇ ਨੇ, ਮੈਨੂੰ ਦੇਖ ਕੇ, ਗੱਲ ਕਰ ਕੇ ਵਾਪਸ ਚਲੇ ਜਾਂਦੇ ਨੇ। ਕਹਿੰਦੇ ਹਨ ਵਾਪਸ ਜਾ ਕੇ ਦੱਸਾਂਗੇ ਪਰ ਕੋਈ ਜਵਾਬ ਨਹੀਂ ਆਉਂਦਾ। ਬਾਬੂ ਜੀ ਦੇ ਕਾਰੋਬਾਰ ਵਿੱਚ ਲਗਾਤਾਰ ਘਾਟਾ ਚੱਲ ਰਿਹਾ ਹੈ.... ਦੋ ਧੀਆਂ ਦੇ ਪਿਤਾ ਕਿਵੇਂ ਕਰਨ ਦਾਜ ਦਾ ਇੰਤਜ਼ਾਮ.....ਮੈਂ ਜਾਣਦੀ ਹਾਂ, ਮੈਂ ਖ਼ੂਬਸੂਰਤ ਨਹੀਂ, ਕਿ ਕੋਈ ਮੈਨੂੰ ਦੇਖੇ ਅਤੇ ਝੱਟ ਪਸੰਦ ਕਰ ਲਏ.... ਵਿਆਹ ਲਈ ਹਾਂ ਕਹਿ ਦੇਵੇ।” ਉਹ ਰੋਣ ਲੱਗ ਪਈ।
“ਤਾਂ ਇਹ ਕੀ ਕਰ ਰਹੇ ਹੋ, ਤੁਸੀਂ?” ਮੈਂ ਪੁੱਛਿਆ।
“ਬਸ ਐਵੇਂ ਹੀ... ਪਹਿਲਾਂ ਮਰਨਾ ਚਾਹੁੰਦੀ ਸੀ... ਫਿਰ ਮੇਰਾ ਮਨ ਬਦਲ ਗਿਆ... ਤੁਸੀਂ ਜਦੋਂ ਇੱਥੇ ਰਹਿਣ ਆਏ ਤਾਂ ਮੈਨੂੰ ਲੱਗਾ ਜਿਵੇਂ ਈਸ਼ਵਰ ਨੇ ਤੁਹਾਨੂੰ ਮੇਰੇ ਦੋਸਤ ਦੇ ਰੂਪ ਵਿੱਚ ਇੱਥੇ ਭੇਜਿਆ ਹੈ।”
ਉਹ ਬੋਲੀ ਜਾ ਰਹੇ ਸਨ—
“ਕੀ ਤੁਸੀਂ ਮੈਨੂੰ ਪਸੰਦ ਕਰਦੇ ਹੋ? ਸੱਚ ਬੋਲੋ।”
ਉਨ੍ਹਾਂ ਮੇਰਾ ਹੱਥ ਫੜ ਲਿਆ।
“ਇਹ ਦੇਖੋ, ਕੀ ਕਮੀ ਹੈ ਮੇਰੇ ਵਿੱਚ? ਕਿਸੇ ਤੋਂ ਘੱਟ ਖ਼ੂਬਸੂਰਤ ਨਹੀਂ ਹਾਂ ਮੈਂ। ਕਿਉਂ ਰਿਜੈਕਟ ਕਰਦੇ ਹਨ ਸਭ ਮੈਨੂੰ? ਤੁਸੀਂ ਵੀ ਬਿਨਾਂ ਕਿਸੇ ਰਿਸ਼ਤੇ ਦੇ ਮੈਨੂੰ ਭੈਣ ਬਣਾਅ ਦਿੱਤਾ। ਦੇਖੋ ਮੇਰੇ ਵੱਲ, ਚੰਗੀ ਤਰ੍ਹਾਂ ਦੇਖੋ। ਕੀ ਮੈਂ ਖ਼ੂਬਸੂਰਤ ਨਹੀਂ?” ਉਹ ਜ਼ੋਰ ਨਾਲ ਚੀਕੇ।
“ਨਹੀਂ ਭੈਣ, ਮੈਂ ਤੁਹਾਨੂੰ ਆਪਣੀ ਵੱਡੀ ਭੈਣ ਮੰਨਦਾ ਹਾਂ। ਇਹ ਮੇਰੀ ਗ਼ਲਤੀ ਹੈ ਕਿ ਮੈਂ ਇਸ ਸਮੇਂ ਇੱਥੇ ਆ ਗਿਆ। ਮੈਨੂੰ ਜਾਣ ਦਿਓ, ਅਨਰਥ ਹੋ ਜਾਏਗਾ, ਤੁਸੀਂ ਵੀ ਇੱਥੋਂ ਜਾਓ।”
ਮੈਂ ਤਕਰੀਬਨ ਚੀਕ ਪਿਆ।
ਮੈਂ ਉਨ੍ਹਾਂ ਦਾ ਹੱਥ ਛੁਡਾਇਆ, ਉਨ੍ਹਾਂ ਮੇਰੇ ਮੂੰਹ ’ਤੇ ਇੱਕ ਥੱਪੜ ਮਾਰਿਆ।
“ਬੇਵਕੂਫ਼”- ਉਨ੍ਹਾਂ ਦੇ ਚਿਹਰੇ ਤੋਂ, ਅੱਖਾਂ ਤੋਂ, ਸਰੀਰ ਤੋਂ ਜਿਵੇਂ ਅੱਗ ਨਿਕਲ ਰਹੀ ਸੀ।
ਮੈਂ ਘਾਬਰ ਕੇ ਹੇਠਾਂ ਉਤਰਨ ਲੱਗਾ ਸੀ। ਅਚਾਨਕ ਹੇਠਲੀ ਮੰਜ਼ਿਲ ਤੋਂ ਸੁਲੋਚਨਾ ਆਉਂਦੀ ਦਿਸੀ।

“ਭੈਣ ਕਿੱਥੇ ਹੈ, ਤੁਸੀਂ ਕਿੱਥੋਂ ਆ ਰਹੇ ਹੋ, ਏਨਾ ਪਸੀਨਾ ਕਿਉਂ ਆ ਰਿਹਾ ਹੈ ਤੁਹਾਨੂੰ? ਘਾਬਰੇ ਹੋਏ ਕਿਉਂ ਹੋ ਤੁਸੀਂ?”
“ਪਤਾ ਨਹੀਂ... ਕੁਝ ਵੀ ਨਹੀਂ,” ਮੈਂ ਘਾਬਰ ਕੇ ਬੋਲਿਆ।
ਤਿੱਲੋ ਦੀ ਹੌਲੀ-ਹੌਲੀ ਪੌੜੀਆਂ ਤੋਂ ਹੇਠਾਂ ਆ ਰਹੀ ਸੀ।
“ਤੁਸੀਂ ਦੋਵੇਂ ਉੱਪਰ ਕੀ ਕਰ ਰਹੇ ਸੀ? ਭੈਣ, ਤੁਸੀਂ ਵੀ ਪਸੀਨੇ-ਪਸੀਨੇ। ਮੈਂ ਮਾਂ ਨੂੰ ਦੱਸਾਂਗੀ,” ਉਹ ਲਗਭਗ ਫੁਸਫੁਸਾਈ। ਉਸ ਨੇ ਤਿੱਲੋ ਭੈਣ ਵੱਲਵੇਖਿਆ।
ਦੋਵੇਂ ਮੈਨੂੰ ਘੂਰਦੀਆਂ ਹੋਈਆਂ ਹੇਠਾਂ ਉਤਰ ਗਈਆਂ।
ਮੈਂ ਭੱਜ ਕੇ ਆਪਣੇ ਕਮਰੇ ਵਿੱਚ ਆ ਗਿਆ ਅਤੇ ਬਿਸਤਰੇ ’ਤੇ ਡਿੱਗ ਪਿਆ। ਜ਼ੋਰ-ਜ਼ੋਰ ਦੀ ਰੋਣ ਲੱਗਾ।
ਉਸ ਸਮੇਂ ਮੈਨੂੰ ਲੱਗ ਰਿਹਾ ਸੀ ਜਿਵੇਂ ਮੈਂ ਇੱਕ ਲਿਜ਼ਲਿਜ਼ਾ ਜਿਹਾ ਕਾਕਰੋਚ ਹਾਂ, ਜ਼ਮੀਨ ’ਤੇ ਪੁੱਠਾ ਪਿਆ ਹੋਇਆ। ਮੈਂ ਤਿੱਲੋ ਭੈਣ ਨੂੰ ਭੈਣ ਵਾਂਗ ਮੰਨਿਆ ਸੀ, ਪਰ ਕੀ ਪਤਾ ਕਿੱਥੇ, ਕਿਵੇਂ ਵਿਸ਼ਵਾਸ

ਰਾਜੇਂਦ੍ਰ ਕੁਮਾਰ ਕਨੌਜੀਆ

ਦੁਆਉਣ ਵਿੱਚ ਖੁੰਝ ਗਿਆ।
ਮੈਨੂੰ ਲੱਗਾ—ਕੀ ਮੂੰਹ ਵਿਖਾਵਾਂਗਾ ਉਨ੍ਹਾਂ ਨੂੰ..... ਅੱਜ ਦੀ ਘਟਨਾ ਤੋਂ ਬਾਅਦ ਤਿੱਲੋ ਭੈਣ ਅਤੇ ਸੁਲੋਚਨਾ ਨੂੰ ਅਤੇ ਕੀ ਪਤਾ, ਆਂਟੀ ਜੀ ਨੂੰ ਵੀ।
ਉਸ ਦਿਨ ਤੋਂ ਮੈਂ ਲਗਾਤਾਰ ਉਨ੍ਹਾਂ ਦੇ ਸਾਹਮਣੇ ਨਾ ਜਾਣ ਦਾ ਫ਼ੈਸਲਾ ਕੀਤਾ.... ਉਨ੍ਹਾਂ ਦੇ ਵਿਆਹ ਵਿੱਚ ਵੀ ਬਾਹਰ ਰਿਹਾ.... ਮੈਂ ਉਨ੍ਹਾਂ ਨੂੰ ਵੇਖ ਨਹੀਂ ਸਕਿਆ ਕਿ ਉਹ ਕਿਵੇਂ ਵਿਦਾ ਹੋਏ, ਕੀ ਹੋਇਆ ਉਨ੍ਹਾਂ ਦਾ।

ਹੌਲੀ-ਹੌਲੀ ਮੇਰੇ ਮਨ ਵਿੱਚੋਂ ਦੋਸ਼ੀ ਹੋਣ ਦੀ ਭਾਵਨਾ ਨਿੱਕਲ ਗਈ ਸੀ ਕਿ ਅੱਜ ਰਾਤ ਇਸ ਸੁਲੋਚਨਾ ਨੇ ਫੇਰ ਓਹੀ ਪੁਰਾਣੀ ਗੱਲ ਚੇਤੇ ਕਰਾਅ ਦਿੱਤੀ....... ਮੈਂ ਬੜੀ ਮੁਸ਼ਕਲ ਨਾਲ ਕੋਈ ਤਿੰਨ-ਚਾਰ ਵਜੇ ਹੀ ਸੌਂ ਸਕਿਆ।
ਤਦੇ ਅੱਧੀ ਰਾਤ ਮੇਰੇ ਕਮਰੇ ਦੇ ਦਰਵਾਜ਼ੇ ਨੂੰ ਕੋਈ ਬੜੀ ਜ਼ੋਰ ਦੀ ਖੜਕਾਉਣ ਲੱਗਾ। ਹੁਣ ਕੀ ਹੈ?
ਮੈਂ ਕਾਹਲੀ ਕਾਹਲੀ ਉੱਠਿਆ, ਦਰਵਾਜ਼ੇ ਕੋਲ ਆਇਆ, ਕੱਪੜੇ ਠੀਕ ਕੀਤੇ, ਦਰਵਾਜ਼ਾ ਖੋਲ੍ਹਿਆ।
ਦਰਵਾਜ਼ਾ ਖੁੱਲ੍ਹਦਿਆਂ ਹੀ ਕਿਸੇ ਨੇ ਮੈਨੂੰ ਤਕੜਾ ਧੱਕਾ ਮਾਰਿਆ। ਮੈਂ ਸੰਭਲਦਾ ਸੰਭਲਦਾ ਬਚਿਆ।
ਆਂਟੀ ਜੀ, ਅੰਕਲ ਜੀ ਸਨ, ਅਤੇ ਕੁਝ ਹੋਰ ਅਣ-ਜਾਣੇ ਵੀ।
''ਕੀ ਗੱਲ ਹੈ? ਇਹ ਕੀ ਬਦਤਮੀਜ਼ੀ ਹੈ!'' ਮੈਂ ਚੀਕਿਆ।
''ਬਦਤਮੀਜ਼ੀ? ਹੁਣੇ ਦੱਸਦਾਂ ਤੈਨੂੰ... ਮੇਰੀ ਧੀ ਕਿੱਥੇ ਹੈ? ਸੁਲੋਚਨਾ ਕਿੱਥੇ ਹੈ?'' ਅੰਕਲ ਜੀ ਨੇ ਮੇਰੇ ਉੱਤੇ ਹੱਥ ਚੁੱਕਿਆ। ਮੈਂ ਉਨ੍ਹਾਂ ਦਾ ਹੱਥ ਰਸਤੇ ਵਿੱਚ ਹੀ ਰੋਕ ਲਿਆ।
''ਕੀ ਮਖੌਲ ਕਰ ਰਹੇ ਹੋ ਤੁਸੀਂ? ਤੁਹਾਡੀ ਧੀ, ਸੁਲੋਚਨਾ, ਮੈਨੂੰ ਕੀ ਪਤਾ ਕਿੱਥੇ ਹੈ ਉਹ?''
ਓਦੋਂ ਤੱਕ ਆਂਟੀ ਜੀ ਸਾਹਮਣੇ ਆ ਚੁੱਕੇ ਸਨ।
''ਸੁੱਲੋ ਸਵੇਰ ਤੋਂ ਘਰ 'ਚ ਨਹੀਂ ਹੈ... ਰਾਤ ਤੋਂ ਕਿਤੇ ਗ਼ਾਇਬ ਹੈ।''
''ਸੁੱਲੋ... ਅੱਛਾ!''
''ਸੁੱਲੋ... ਓਅਅ ਅੱਛਾ...!''
''ਸੱਚ-ਸੱਚ ਦੱਸ ਦੇ... ਅਸੀਂ ਪੂਰੀ ਰਾਤ ਪਰੇਸ਼ਾਨ ਰਹੇ ਹਾਂ।''
ਤੱਦੇ ਤਿੱਲੋਤਮਾ ਭੈਣ ਪਤਾ ਨਹੀਂ ਕਿੱਥੋਂ ਜਿਵੇਂ ਪਰਗਟ ਹੋ ਗਈ।

ਉਹ ਬੋਲ ਰਹੀ ਸਨ ਅਤੇ ਮੈਂ ਉਨ੍ਹਾਂ ਨੂੰ ਦੇਖ ਰਿਹਾ ਸੀ। ਵਿਆਹ ਦਾ ਚੂੜਾ ਪਾਇਆ ਹੋਇਆ, ਹੱਥਾਂ 'ਤੇ ਮਹਿੰਦੀ ਰਚੀ ਹੋਈ, ਪੈਰਾਂ 'ਤੇ ਲਾਲ ਰੰਗ, ਚਿਹਰੇ 'ਤੇ ਇੱਕ ਲਾਲੀ ਝਲਕ ਰਹੀ ਸੀ। ਸਜੀ-ਧਜੀ ਦੁਲਹਨ ਮੇਰੇ ਸਾਹਮਣੇ ਖੜ੍ਹੀ ਸੀ।
''ਜੀ, ਮੈਂ ਨਹੀਂ ਜਾਣਦਾ... ਕੁਝ ਵੀ ਨਹੀਂ।''
''ਪਰ ਉਹ ਗਈ ਕਿੱਥੇ? ਅਸੀਂ ਸਭ ਉਸਨੂੰ ਲੱਭ ਰਹੇ ਹਾਂ। ਥੱਕ ਗਏ। ਹੁਣ ਤੁਸੀਂ ਹੀ ਬਚੇ ਸੀ, ਜਿਸ ਤੋਂ ਪੁੱਛਣਾ ਬਾਕੀ ਸੀ।''
ਤਿੱਲੋ ਭੈਣ ਦੀਆਂ ਗੱਲਾਂ ਵਿੱਚ ਨਿਰਾਸ਼ਾ ਸੀ।

''ਤਾਂ ਤੁਸੀਂ ਲੋਕ ਮੇਰੇ ਕਮਰੇ ਵਿੱਚ ਉਸਨੂੰ ਲੱਭਣ ਆ ਗਏ? ਤੁਸੀਂ ਤਾਂ ਜਾਣਦੇ ਹੋ, ਮੈਂ ਤੁਹਾਨੂੰ ਵੱਡੀ ਭੈਣ ਤੇ ਸੁਲੋਚਨਾ ਨੂੰ ਆਪਣੀ ਛੋਟੀ ਭੈਣ ਸਮਝਦਾ ਹਾਂ। ਸ਼ੁਰੂ ਤੋਂ ਇਹੀ ਮੰਨ ਕੇ ਮੈਂ ਇਸ ਕਮਰੇ ਵਿੱਚ ਰਿਹਾ ਹਾਂ। ਅਜਿਹੀ ਹੋਛੀ ਹਰਕਤ ਮੈਂ ਕਿਵੇਂ ਕਰ ਸਕਦਾ ਹਾਂ? ਤੁਸੀਂ ਖੁਦ ਜਾਣਦੇ ਹੋ।''

ਮੈਂ ਓਥੇ ਹੀ ਆਪਣੇ ਕਮਰੇ ਵਿੱਚ ਪਈ ਕੁਰਸੀ 'ਤੇ ਧੜੰਮ ਦੇਣੀ ਬੈਠ ਗਿਆ।

ਤਿੱਲੋ ਭੈਣ ਮੇਰੇ ਕਮਰੇ ਵਿਚ ਆ ਗਈ ਅਤੇ ਮੇਰੇ ਕੋਲ ਆ ਕੇ ਹੌਲੀ ਜਿਹੀ ਬੋਲੀ—

''ਉਸਦੀ ਝਾਂਜਰ ਤੁਹਾਡੇ ਕਮਰੇ ਅੱਗੇ ਡਿੱਗੀ ਮਿਲੀ ਹੈ, ਦਰਵਾਜ਼ੇ 'ਤੇ। ਉਸਦਾ ਫ਼ੋਨ, ਪਰਸ, ਕੱਪੜੇ-ਲੱਤੇ ਸਭ ਘਰ 'ਚ ਹੀ ਮਿਲ ਗਏ ਹਨ। ਹੁਣ ਬੋਲੋ, ਸ਼ੱਕ ਤੁਹਾਡੇ 'ਤੇ ਨਾ ਜਾਵੇ ਤਾਂ ਕਿਸ 'ਤੇ?''

''ਭੈਣ, ਤੁਸੀਂ ਸ਼ਾਇਦ ਮੈਨੂੰ ਭੁੱਲ ਗਏ ਹੋ... ਮੈਂ ਨਹੀਂ ਜਾਣਦਾ ਇਹ ਸਭ ਕੀ ਹੈ। ਪਰ ਜੇ ਸੁਲੋਚਨਾ ਗਾਇਬ ਹੈ ਤਾਂ ਘਰ 'ਚ ਤਾਂ ਲੱਭਣ ਨਾਲ ਮਿਲਣੀ ਨਹੀਂ। ਉਸਨੂੰ ਲਭਾਅ ਸਕਦੀ ਘਰ 'ਚ ਕੋਈ ਚਿੱਠੀ-ਚੁੱਠੀ ਤਾਂ ਨਹੀਂ ਛੱਡ ਗਈ? ਆਪਣੇ ਰਿਸ਼ਤੇਦਾਰਾਂ ਨੂੰ ਫ਼ੋਨ ਕਰੋ। ਉਸਦੇ ਸਕੂਲ ਦੇ ਦੋਸਤਾਂ ਸਭ ਤੋਂ ਪਤਾ ਕਰੋ। ਜ਼ਰੂਰੀ ਸਮਝੋ ਤਾਂ ਮੈਂ ਵੀ ਤੁਹਾਡੇ ਸਾਰਿਆਂ ਨਾਲ ਚੱਲ ਸਕਦਾ ਹਾਂ। ਪਰ ਮੇਰੇ 'ਤੇ ਵਿਸ਼ਵਾਸ ਰੱਖੋ, ਮੈਂ ਭੈਣ-ਭਰਾ ਦੇ ਨਾਂ ਨੂੰ ਬਦਨਾਮ ਨਹੀਂ ਕਰਾਂਗਾ।''

ਮੈਂ ਪਤਾ ਨਹੀਂ ਕਿਵੇਂ ਇਹ ਗੱਲ ਭੁੱਲ ਗਿਆ ਸੀ ਕਿ ਰਾਤੀਂ ਉਹ ਮੇਰੇ ਕਮਰੇ 'ਚ ਆਈ ਤਾਂ ਸੀ, ਪੈਸੇ ਮੰਗਣ।

''ਇਹ ਸਾਲਾ ਝੂਠ ਬੋਲ ਰਿਹਾ ਹੈ। ਪੁਲਿਸ ਸੱਦ ਲਓ, ਇਸਨੂੰ ਥਾਣੇ ਲੈ ਚੱਲੋ। ਜਵਾਨ ਲੜਕੇ ਨੂੰ ਕੁੜੀਆਂ ਵਾਲੇ ਘਰ ਵਿੱਚ ਟਿਕਾਉਣਾ ਹੀ ਨਹੀਂ ਚਾਹੀਦਾ ਸੀ। ਲਾਓ ਦੋ ਥੱਪੜ, ਹੁਣੇ ਸਭ ਬਕ ਦੇਵੇਗਾ ਇਹ।'' ਭੈਣ ਦੇ ਪਿੱਛਿਓਂ ਇੱਕ ਸੱਜਣ ਅਚਾਨਕ ਕਿਸੇ ਜਸੂਸ ਵਾਂਗ ਨਿੱਕਲ ਕੇ ਆ ਗਏ।

''ਇਹ ਤੁਹਾਡੇ ਜੀਜਾ ਜੀ ਹਨ।''
ਜਿਵੇਂ ਤਿੱਲੋ ਭੈਣ ਸਮਝ ਚੁੱਕੀ ਸੀ, ਉਸ ਨੇ ਸਭ ਸੰਭਾਲ ਲਿਆ।

''ਤਾਂ ਤੁਸੀਂ ਮੈਨੂੰ ਕੁੱਟੋਗੇ... ਤੁਹਾਨੂੰ ਕੀ ਪਤਾ, ਇਹ ਦੋਵੇਂ ਮੇਰੇ ਲਈ ਬਿਲਕੁਲ ਭੈਣਾਂ ਵਰਗੀਆਂ ਹਨ।'' ਮੈਂ ਤਕਰੀਬਨ ਚੀਕ ਕੇ ਕਿਹਾ।

''ਪਰ ਇਹ ਤੇਰੀਆਂ ਭੈਣਾਂ ਹੈ ਤਾਂ ਨਹੀਂ ਹਨ ਨਾ।'' ਇਹ ਪਤਾ ਨਹੀਂ ਕੌਣ ਸੀ, ਜਿਸਨੂੰ ਮੈਂ ਜਾਣਦਾ ਵੀ ਨਹੀਂ ਸੀ, ਉਹ ਇਸ ਤਰ੍ਹਾਂ ਬੋਲ ਰਿਹਾ ਸੀ।

ਹੁਣ ਤੱਕ ਇਹ ਸਾਰੇ ਜਣੇ ਮੇਰੇ ਕਮਰੇ, ਅਲਮਾਰੀ, ਵਾਸ਼ਰੂਮ, ਕਿਚਨ, ਇੱਥੋਂ ਤੱਕ ਕਿ ਮੇਰੇ ਪਲੰਗ ਹੇਠਾਂ ਦੀ ਵੀ ਤਲਾਸ਼ੀ ਲੈ ਚੁੱਕੇ ਸਨ।

ਕਿਤੇ ਕੁਝ ਨਾ ਲੱਭਾ।
ਅੰਕਲ, ਆਂਟੀ ਥੱਲੇ ਜਾ ਚੁੱਕੇ ਸਨ। ਤਿੱਲੋ ਭੈਣ ਦੇ ਪਤੀ ਨੂੰ ਵੇਖ ਕਿਤੇ

ਮੇਰਾ ਹਾਸਾ ਨਾ ਨਿੱਕਲ ਜਾਵੇ, ਮੈਂ ਆਪਣੇ ਆਪ ਨੂੰ ਸੰਭਾਲਿਆ।
"ਦੇਖੋ... ਤੁਸੀਂ ਲੋਕ ਮੇਰੇ 'ਤੇ ਆਪਣਾ ਸਮਾਂ ਖ਼ਰਾਬ ਨਾ ਕਰੋ। ਕਿਤੇ ਹੋਰ ਜਾ ਕੇ ਸੁਲੋਚਨਾ ਨੂੰ ਲੱਭੋ... ਲੋੜ ਪਈ ਤਾਂ ਮੈਂ ਵੀ ਤੁਹਾਡੇ ਨਾਲ ਚੱਲ ਸਕਦਾ ਹਾਂ ਅਤੇ ਭੈਣ, ਤੁਹਾਨੂੰ ਦੋਵ੍ਹਾਂ ਨੂੰ ਵਿਆਹ ਦੀਆਂ ਵਧਾਈਆਂ, ਤੇ ਜਿੱਥੋਂ ਤੱਕ ਝਾਂਝਰ ਦੀ ਗੱਲ ਹੈ, ਤਾਂ ਸੁਲੋਚਨਾ ਛੱਤ 'ਤੇ, ਮੇਰੇ ਕਮਰੇ 'ਚ ਆਉਂਦੀ-ਜਾਂਦੀ ਹੀ ਹੈ, ਰਹਿ ਗਈ ਹੋਵੇਗੀ।"

ਮੈਂ ਓਥੇ ਹੀ ਪਈ ਕੁਰਸੀ 'ਤੇ ਬੈਠ ਗਿਆ, ਉਹ ਲੋਕ ਹੇਠਾਂ ਜਾਣ ਲੱਗ ਪਏ।

ਮੈਂ ਸੋਚਣ ਲੱਗਾ... ਜਦੋਂ ਰਾਤੀਂ ਉਹ ਆਈ ਹੋਏਗੀ, ਓਦੋਂ ਹੀ ਸ਼ਾਇਦ ਪਰਦੇ ਵਿੱਚ ਉਸਦੀ ਝਾਂਜਰ ਅੜ ਗਈ ਹੋਵੇਗੀ।
ਤਦੇ ਆਂਟੀ ਚੀਖੀ— "ਤਿੱਲੋ, ਭੱਜ ਕੇ ਆ!"
"ਕੀ ਹੋਇਆ ਮਾਂ?" ਤਿੱਲੋ ਭੈਣ ਕਾਹਲੀ ਕਾਹਲੀ ਪੌੜੀਆਂ ਉੱਤਰਦਿਆਂ ਬੋਲ ਪਈ।

"ਇੱਕ ਚਿੱਠੀ ਛੱਡ ਗਈ ਐ, ਹਰਾਮਜ਼ਾਦੀ!"

ਉਹ ਸਾਰੇ ਥੱਲੇ ਜਾ ਚੁੱਕੇ ਸਨ। ਮੈਂ ਸੋਚ ਰਿਹਾ ਸੀ, ਹੁਣ ਇੱਥੇ ਰਹਿਣਾ ਠੀਕ ਨਹੀਂ। ਸੁਧੀਰ ਨਾਲ ਗੱਲ ਕਰ ਕੇ ਕੋਈ ਕਮਰਾ ਦੇਖ ਲੈਂਦਾ ਹਾਂ। ਛੇਤੀ ਹੀ ਚਲਾ ਜਾਵਾਂ ਤਾਂ ਚੰਗਾ।
ਕਿਸੇ ਨੇ ਸੱਚ ਹੀ ਕਿਹਾ ਹੈ... ਰਿਸ਼ਤੇ ਕੱਚ ਦੀ ਕੱਚੀ ਸੁਰਾਹੀ ਵਾਂਗ ਹੁੰਦੇ ਹਨ...ਜ਼ਿਆਦਾ ਕੱਸ ਕੇ ਫੜੋ ਤਾਂ ਟੁੱਟ ਸਕਦੇ ਹਨ। ਬਹੁਤਾ ਪਾਣੀ ਵੀ ਉਸਨੂੰ ਤੋੜ ਸਕਦਾ ਹੈ। ਨਰ-ਨਾਰੀ ਨੂੰ ਸਮਾਜ ਬਹੁਤਿਆਂ ਰਿਸ਼ਤਿਆਂ ਦੀ ਥਾਂ ਨਹੀਂ ਦਿੰਦਾ—ਜਾਂ ਤਾਂ ਸਕੇ, ਜਾਇਜ਼, ਜਾਂ ਫੇਰ ਨਾ-ਜਾਇਜ਼।
ਰਿਸ਼ਤਿਆਂ ਵਿਚ ਆ ਗਈ ਕਾਲਖ਼ ....ਜੇ ਜੀਵਨ ਵਿੱਚ ਲੱਥ ਆਵੇ ਤਾਂ ਅਜਿਹੇ ਰਿਸ਼ਤੇ ਦੀ ਵੇਲ ਨੂੰ ਕੱਟ ਦੇਣਾ ਹੀ ਸਹੀ ਹੁੰਦਾ ਹੈ।

ਮੈਨੂੰ ਉਹ ਕਮਰਾ ਛੱਡਿਆਂ ਕੋਈ ਦੋ ਸਾਲ ਹੋਏ ਹੋਣਗੇ। ਮੈਂ ਹੁਣ ਇੱਕ ਰਸਾਲਾ ਆਪ ਹੀ ਕੱਢਦਾ ਹਾਂ। ਛੋਟਾ-ਜਿਹਾ ਪ੍ਰਕਾਸ਼ਨ ਘਰ, ਪੱਤਰਕਾਰੀ ਵਿੱਚ ਵੀ ਮੇਰੀ ਠੀਕ-ਠਾਕ ਪਛਾਣ ਬਣ ਗਈ ਸੀ। ਕੰਮ ਵਧ ਜਾਣ 'ਤੇ ਦਫ਼ਤਰ ਲੈ ਲਿਆ। ਕੁਝ ਲੋਕ ਵੀ ਨਾਲ ਕੰਮ ਵਿੱਚ ਹੱਥ ਵਟਾਉਣ ਲੱਗ ਪਏ। ਇੱਧਰ ਮੇਰੇ ਵਿਆਹ ਦੀ ਗੱਲ ਵੀ ਚੱਲ ਰਹੀ ਸੀ।

ਜਿਸ ਵੇਲੇ ਮੈਂ ਕਮਰਾ ਛੱਡਿਆ ਸੀ, ਤਿੱਲੋ ਭੈਣ ਵੀ ਓਥੇ ਮੌਜੂਦ ਸੀ, ਕਿਸੇ ਮੈਨੂੰ ਨਾ ਰੋਕਿਆ। ਮੈਂ ਬਕਾਇਆ ਕਿਰਾਇਆ ਚੁਕਾਇਆ, ਸਮਾਨ ਗੱਡੀ ਵਿੱਚ ਲੱਦਿਆ ਅਤੇ ਤੁਰ ਆਇਆ।

ਅਚਾਨਕ ਇੱਕ ਦਿਨ ਸੁਧੀਰ ਦਾ ਫ਼ੋਨ ਆਇਆ— "ਯਾਰ, ਇੱਕ ਬੁਰੀ ਖ਼ਬਰ ਹੈ। ਤਿੱਲੋ ਭੈਣ ਬਹੁਤ ਬਿਮਾਰ ਹੈ।"
ਸੁਧੀਰ ਅਜੇ ਵੀ ਉਸੇ ਮੁਹੱਲੇ ਵਿੱਚ ਰਹਿੰਦਾ ਸੀ, ਜਿੱਥੇ ਪਹਿਲਾਂ ਮੈਂ ਰਹਿੰਦਾ ਸੀ।
"ਕਦੋਂ, ਕਿਵੇਂ... ਕੀ ਹੋਇਆ, ਯਾਰ, ਖੋਲ੍ਹ ਕੇ ਦੱਸ ਦੇ।" ਮੈਂ ਫ਼ੋਨ ਦਾ ਮਾਊਥਪੀਸ ਇਓਂ ਚਿਪਕਾਅ ਲਿਆ ਸੀ ਕਿ ਜੇ ਥੋੜ੍ਹੀ ਹੋਰ ਥਾਂ ਹੁੰਦੀ, ਫ਼ੋਨ ਦੀਆਂ ਤਾਰਾਂ ਜ਼ਰਾ ਮੋਟੀਆਂ ਹੁੰਦੀਆਂ, ਮਾਊਥਪੀਸ ਵਿੱਚ ਥਾਂ ਹੁੰਦੀ ਤਾਂ ਮੈਂ ਸਿੱਧਾ ਸੁਧੀਰ ਦੇ ਖੁੱਲ੍ਹੇ ਮੂੰਹ 'ਚ, ਆਪਣਾ ਹੈਰਾਨੀ ਨਾਲ ਭਰਿਆ ਮੂੰਹ ਲੈ ਕੇ ਵੜ ਜਾਂਦਾ।
"ਅਜੇ ਕੱਲ੍ਹ ਹੀ... ਸ਼ਾਮ ਨੂੰ ਜਾਂ ਸ਼ਾਇਦ ਦੁਪਹਿਰੇ ਖ਼ਬਰ ਆਈ। ਕਿਸੇ ਹਸਪਤਾਲ ਦੇ ਆਈਸੀਯੂ ਵਿੱਚ ਦਾਖ਼ਲ ਹੈ।"
"ਤੈਨੂੰ ਕਿਵੇਂ ਪਤਾ ਲੱਗਾ ਇਹ ਸਭ?" ਮੈਂ ਜਾਨਣ ਲਈ ਬਹੁਤਾ ਹੀ ਕਾਹਲਾ ਜਾਂ ਪਰੇਸ਼ਾਨ ਜਾਂ ਖ਼ਬਰ ਬਾਰੇ ਦੁਖੀ ਨਹੀਂ ਦਿਖਣਾ ਚਾਹੁੰਦਾ ਸੀ।
"ਖ਼ੈਰ, ਛੱਡ। ਸਾਨੂੰ ਕੀ?"
"ਕਿਉਂ ਭਰਾ... ਤੈਨੂੰ ਕੁਝ ਵੀ ਨਹੀਂ ਹੋਇਆ ਸੁਣ ਕੇ, ਭਰਾਵਾ, ਏਨਾ ਸਖ਼ਤ ਨਾ ਹੋ। ਏਨੇ ਦਿਨ ਉਨ੍ਹਾਂ ਦੇ ਘਰ ਰਿਹਾ, ਲੂਣ, ਖੰਡ ਸਭ ਚਖਿਆ। ਤੇਰਾ ਉਸ ਨਾਲ ਕੋਈ ਰਿਸ਼ਤਾ ਤਾਂ ਸੀ- ਚਾਹੇ ਕੋਈ ਉਸਨੂੰ ਕੋਈ ਨਾਮ ਦੇਵੇ, ਪਰ ਸੱਚ ਤਾਂ ਇਹੀ ਹੈ। ਹੁਣੇ ਹੁਣੇ ਅਵਧੇਸ਼ ਜੀ ਆਏ ਸਨ। ਉਨ੍ਹਾਂ ਹੀ ਦੱਸਿਆ। ਐਸਾ ਕੀ ਕਰ ਦਿੱਤਾ ਤੂੰ? ਤੇਰੇ ਨਾਮ ਦੀ ਮਾਲਾ ਜਪ ਰਹੇ ਸਨ। ਅਜੇ ਹੁਣੇ ਹੀ ਤੇਰੇ ਦਫ਼ਤਰ ਵੱਲ ਨਿਕਲੇ ਹਨ। ਮਿਲ ਕੇ ਦੱਸੀਂ।"
ਸੁਧੀਰ ਜੋ ਵੀ ਕਹੀ ਜਾ ਰਿਹਾ ਸੀ, ਮੈਂ ਸੋਚ ਰਿਹਾ ਸੀ, ਕੀ ਹੋਇਆ ਹੋਵੇਗਾ?

ਰਿਸ਼ਤਿਆਂ ਦੀਆਂ ਜੜ੍ਹਾਂ ਬੜੀਆਂ ਮਜ਼ਬੂਤ ਹੁੰਦੀਆਂ ਹਨ, ਦਰੱਖ਼ਤ ਨੂੰ ਕੱਟ ਵੀ ਦਿੱਤਾ ਜਾਏ, ਫੇਰ ਵੀ ਕੱਟੀਆਂ ਹੋਈਆਂ ਜੜ੍ਹਾਂ 'ਚੋਂ ਕਰੂੰਬਲਾਂ ਫੁੱਟਦੀਆਂ ਹਨ, ਅਤੇ ਦਰੱਖ਼ਤ ਮੁੜ ਜਿਊਂਦਾ ਹੋ ਜਾਂਦਾ ਹੈ।

ਫੇਰ ਇੱਕ ਦਿਨ ਖ਼ਬਰ ਆਈ, ਤਿੱਲੋ ਭੈਣ ਨਹੀਂ ਰਹੀ, ਆਈਸੀਯੂ ਵਿੱਚ ਹੀ ਚੱਲ ਵਸੀ।

ਕੁਝ ਰਿਸ਼ਤੇ ਲਾਵਾਰਸ ਹੋ ਜਾਂਦੇ ਹਨ, ਜਿਨ੍ਹਾਂ ਨੂੰ ਚਾਹ ਕੇ ਵੀ ਕੋਈ ਨਾਂ ਨਹੀਂ ਮਿਲਦਾ। ਅੱਖਾਂ ਦਾ ਪਰਦਾ ਹੀ ਬਚਿਆ ਰਹਿੰਦਾ ਹੈ, ਲੋਕ ਚਲੇ ਜਾਂਦੇ ਹਨ। ਕਹਾਣੀਆਂ ਜਿਊਂਦੀਆਂ ਰਹਿੰਦੀਆਂ ਹਨ।

ਅਵਧੇਸ਼ ਜੀ ਆਏ ਸਨ। ਬੜੇ ਕਮਜ਼ੋਰ ਹੋ ਗਏ ਸਨ। ਦੱਸ ਰਹੇ ਸਨ ਕਿ ਤਿੱਲੋ ਭੈਣ ਨੂੰ ਕਦੇ ਦਾਜ ਤਾਂ ਕਦੇ ਬੱਚੇ ਨਾ ਹੋਣ ਦੀ ਵਜ੍ਹਾ ਕਰਕੇ ਤੰਗ ਕੀਤਾ ਜਾਂਦਾ ਸੀ। ਕਦੇ ਕਦੇ ਤਾਂ ਮੇਰੇ ਅਤੇ ਤਿੱਲੋ ਭੈਣ ਦੇ ਅਣ-ਦਿਸਦੇ ਰਿਸ਼ਤੇ ਬਾਰੇ ਝਗੜਾ ਹੁੰਦਾ ਸੀ, 'ਜਦੋਂ ਕਿ ਸੱਚ ਸੀ ਕਿ ਤੂੰ ਉਨ੍ਹਾਂ ਦੋਵਾਂ ਨੂੰ ਭੈਣਾਂ ਹੀ ਮੰਨਿਆ ਅਤੇ ਨਿਭਾਇਆ ਵੀ'। ਜਾਂਦਿਆਂ-ਜਾਂਦਿਆਂ ਉਨ੍ਹਾਂ ਮੇਰੇ ਹੱਥ ਫੜ ਲਏ। ਉਹ ਰੋਣ ਲੱਗ ਪਏ। ਮੈਂ ਵੀ ਉਨ੍ਹਾਂ ਦੇ ਹੱਥ ਫੜ ਲਏ।
"ਘਬਰਾਓ ਨਾ, ਸਭ ਠੀਕ ਹੋ ਜਾਏਗਾ। ਚਲੋ ਤੁਹਾਡੇ ਮਨ ਵਿੱਚੋਂ ਮੇਰੇ ਬਾਰੇ ਜੋ ਨੈਗੇਟਿਵ ਗੱਲਾਂ ਸਨ ਸਾਰੀਆਂ ਖ਼ਤਮ ਹੋ ਗਈਆਂ, ਮੈਨੂੰ ਚੰਗਾ ਲੱਗਾ। ਬਾਕੀ ਤਿੱਲੋ ਭੈਣ ਹਮੇਸ਼ਾ ਹੀ ਮੇਰੇ ਮਨ ਵਿੱਚ ਭੈਣ ਵਾਂਗ ਰਹੀ ਅਤੇ ਰਹੇਗੀ ਵੀ।"
ਉਹ ਦੱਸ ਰਹੇ ਸਨ ਕਿ ਸੁਲੋਚਨਾ ਨੇ ਇੱਕ ਟੀਚਰ ਨਾਲ ਵਿਆਹ ਕਰ ਲਿਆ, ਉਸਦੀ ਇੱਕ ਸੁੰਦਰ ਜਿਹੀ ਬੱਚੀ ਵੀ ਹੈ। ਅਸਾਂ ਉਸਨੂੰ ਮਾਫ਼ ਕਰ ਦਿੱਤਾ ਹੈ।
ਮੇਰੀਆਂ ਅੱਖਾਂ ਗਿੱਲੀਆਂ ਸਨ। ਕਈ ਦਿਨ ਲੱਗਦਾ ਰਿਹਾ ਜਿਵੇਂ ਕੋਈ ਆਪਣਾ ਸੀ, ਜੋ ਚਲਾ ਗਿਆ।

ਪੀਜੀਆਈ, ਚੰਡੀਗੜ੍ਹ
78883 41896

ਭੁੱਲ ਦੀ ਸੋਧ-

ਅਗਸਤ ਮਹੀਨੇ ਛਪੀ ਕਹਾਣੀ
"ਅਨਾਮ ਰਿਸ਼ਤੇ"
ਸੁਭਾਸ਼ ਭਾਸਕਰ ਦੀ ਲਿਖੀ ਹੈ,
ਡਾ. ਕਨੌਜੀਆ ਦੀ ਨਹੀਂ।

ਨਰੰਗੀ ਦਾਦੀ

ਸਤਿਆਨਾਰਾਇਣ ਪਟੇਲ

ਮੇਰੀ ਦਾਦੀ ਜਿਹੜੀ ਹੈ ਨਾ, ਸਾਡੀ ਬੜੀ ਬਣਦੀ ਹੈ! ਹਾਂ...ਓਹੀ ਸੰਤਰੇ ਵਰਗੇ ਗੋਲ-ਮਟੋਲ ਚਿਹਰੇ ਵਾਲੀ ਦਾਦੀ, ਜੋ ਮੇਰੇ ਪਾਪਾ ਦੀ ਮੰਮੀ ਅਤੇ ਮੇਰੀ ਮੰਮੀ ਦੀ ਸੱਸ ਹੈ! ਪਿੰਡ ਦੀ ਪੱਤੀ ਵਿੱਚ 'ਸ਼ੋਰਮ ਦੀ ਮਾਤਾ' ਤੇ ਸ਼ਹਿਰ ਦੇ ਮੁਹੱਲੇ ਵਿੱਚ 'ਚੀਕੇ ਦੀ ਦਾਦੀ' ਹੈ! ਹਾਂ, ਮੇਰੀ ਇਹੀ ਦਾਦੀ ਪਤਾ ਨਹੀਂ ਕਿਉਂ ਸੰਤਰੇ ਨੂੰ ਨਰੰਗੀ ਕਹਿੰਦੀ ਹੈ! ਇੱਕ ਦਿਨ ਮੈਂ ਮੰਮੀ ਨੂੰ ਪੁੱਛਿਆ, 'ਦਾਦੀ ਸੰਤਰੇ ਨੂੰ ਨਰੰਗੀ ਕਿਉਂ ਕਹਿੰਦੀ ਹੈ?'

'ਕਿਉਂਕਿ ਸੰਤਰਾ ਨਰੰਗੀ ਹੁੰਦਾ ਹੈ, ਏਸ ਲਈ ਨਰੰਗੀ ਕਹਿੰਦੀ ਹੈ!' ਮੰਮੀ ਨੇ ਬਿਨਾਂ ਲੈਂਥ ਦੀ ਗੇਂਦ ਵਾਂਗ ਮੇਰੇ ਵੱਲ ਜਵਾਬ ਸੁੱਟ ਦਿੱਤਾ! ਮੈਨੂੰ ਨਾ ਤਾਂ ਬਿਨਾਂ ਲੈਂਥ ਦੀ ਗੇਂਦ ਪਸੰਦ ਆਉਂਦੀ ਹੈ ਤੇ ਨਾ ਹੀ ਗੇਂਦ ਵਾਂਗ ਸੁੱਟਿਆ ਜਵਾਬ ਪਸੰਦ ਆਉਂਦਾ ਹੈ!

ਮੈਂ ਓਹੀ ਸਵਾਲ ਪਾਪਾ ਨੂੰ ਪੁੱਛਿਆ। ਪਾਪਾ ਕੁਝ ਚਿਰ ਮੇਰੇ ਚਿਹਰੇ ਵੱਲ ਇਓਂ ਤੱਕਦੇ ਰਹੇ, ਜਿਵੇਂ ਚਿਹਰੇ 'ਤੇ ਦਿਸ ਪਈ ਉਲਝਣ ਅਤੇ ਜਿਗਿਆਸਾ ਨੂੰ ਪੜ੍ਹ-ਸਮਝ ਰਹੇ ਹੋਣ! ਫਿਰ ਮੇਰੀ ਗੱਲ੍ਹ ਪਿਆਰ ਨਾਲ ਥਪਥਪਾਅ ਕੇ ਮੁਸਕਰਾਉਂਦਿਆਂ ਦੱਸਿਆ, 'ਨਾ-ਰੰਗ ਦਾ ਮਤਲਬ "ਬੇ-ਰੰਗ" ਨਹੀਂ ਹੁੰਦਾ, ਸਗੋਂ ਨਾਰੰਗ ਤਾਂ ਇੱਕ ਰੰਗ ਹੁੰਦਾ ਹੈ, ਜੋ ਲਾਲ ਅਤੇ ਪੀਲੇ ਦੇ ਮੇਲ ਨਾਲ ਬਣਦਾ ਹੈ! ਕਿਉਂਕਿ ਸੰਤਰੇ ਦਾ ਰੰਗ ਨਾਰੰਗ ਹੁੰਦਾ ਹੈ, ਇਸੇ ਲਈ ਉਸਨੂੰ ਨਰੰਗੀ ਕਹਿੰਦੇ ਹਨ ਤੇ ਇਸੇ ਨੂੰ ਅੰਗਰੇਜ਼ੀ ਵਿੱਚ Orange ਕਹਿੰਦੇ ਹਨ! ਸਿਰਫ਼ ਸੰਤਰੇ ਦਾ ਹੀ ਰੰਗ ਨਰੰਗੀ ਨਹੀਂ ਹੁੰਦਾ! ਵੇਖ, ਤੇਰੀ ਟੀ-ਸ਼ਰਟ ਵੀ ਨਰੰਗੀ ਹੈ ਤੇ ਦਾਦੀ ਦਾ ਲੁੱਗੜਾ (ਕਢਾਈ ਵਾਲੀ ਓਢਣੀ-ਅਨੁ.) ਵੀ ਨਰੰਗੀ ਹੈ!'

ਪਾਪਾ ਨੇ ਇਸ ਤਰ੍ਹਾਂ ਸਮਝਾਇਆ ਕਿ ਫੇਰ ਮੈਂ ਵੀ ਸੰਤਰੇ ਨੂੰ ਨਰੰਗੀ ਹੀ ਕਹਿਣ ਲੱਗ ਪਿਆ! ਮੇਰੇ ਪਾਪਾ ਜੋ ਹਨ ਨਾ, ਹੈਨ ਤਾਂ ਪੁਲਸ ਵਾਲੇ, ਪਰ ਮੈਂ ਕੁਝ ਵੀ ਪੁੱਛਾਂ ਤਾਂ ਜਵਾਬ ਇਸ ਤਰ੍ਹਾਂ ਦਿੰਦੇ ਹਨ ਜਿਵੇਂ ਸਕੂਲ ਵਾਲੇ ਟੀਚਰ ਹੋਣ! ਮੈਂ ਪਾਪਾ ਨੂੰ ਕਹਿੰਦਾ ਹਾਂ ਕਿ ਪੁਲਸ ਦੀ ਨੌਕਰੀ ਛੱਡ ਕੇ ਮੇਰੇ ਸਕੂਲ 'ਚ ਟੀਚਰ ਲੱਗ ਜਾਓ, ਫਿਰ ਦੋਵੇਂ 'ਕੱਠੇ ਸਕੂਲ ਜਾਇਆ ਕਰਾਂਗੇ! ਪਾਪਾ ਕੁਝ ਨਹੀਂ ਕਹਿੰਦੇ, ਬਸ ਜ਼ਰਾ ਕੁ ਮੁਸਕ੍ਰਾਉਂਦੇ ਹਨ ਤੇ ਖਿੜਕੀ ਤੋਂ ਬਾਹਰ ਪਾਰਕ ਵੱਲ ਵੇਖਣ ਲੱਗ ਪੈਂਦੇ ਹਨ! ਪਾਪਾ ਨੂੰ ਜਦੋਂ ਕੋਈ ਜਵਾਬ ਨਹੀਂ ਸੁੱਝਦਾ, ਉਹ ਖਿੜਕੀ ਤੋਂ ਬਾਹਰ ਦੇਖਦੇ ਹਨ, ਜਿਵੇਂ ਉਧਰੋਂ ਹਵਾ ਦੇ ਮੋਢਿਆਂ 'ਤੇ ਸਵਾਰ ਹੋ ਕੇ ਕੋਈ ਜਵਾਬ ਆਉਣ ਵਾਲਾ ਹੋਵੇ!

ਮੇਰੀ ਦਾਦੀ ਜਿਹੜੀ ਹੈ ਨਾ, ਓਹੀ ਗੋਲ-ਮਟੋਲ ਨਰੰਗੀ ਵਰਗੇ ਚਿਹਰੇ ਵਾਲੀ ਦਾਦੀ! ਉਸ ਨੂੰ ਨਰੰਗੀ ਬਹੁਤ ਪਸੰਦ ਹੈ! ਸਵੇਰ ਹੋਵੇ ਜਾਂ ਸ਼ਾਮ! ਦਿਨ ਹੋਵੇ ਜਾਂ ਰਾਤ! ਦਾਦੀ ਨੂੰ ਨਰੰਗੀ ਮਿਲ ਗਈ, ਸਮਝੋ ਛੱਪਣ ਭੋਗ (ਛਪਿੰਜਾ ਪਦਰਾਥਾਂ ਵਾਲਾ ਭੋਜ-ਅਨੁ.) ਮਿਲ ਗਏ! ਮੈਂ ਕਦੇ-ਕਦੇ ਸੋਚਦਾ ਹਾਂ ਕਿ ਦਾਦੀ ਦਾ ਚਿਹਰਾ ਨਰੰਗੀਆਂ ਖਾ-ਖਾ ਹੀ ਗੋਲ-ਮਟੋਲ ਹੋਇਆ ਹੋਵੇਗਾ ਜਾਂ ਫੇਰ ਦਾਦੀ ਦਾ ਚਿਹਰਾ ਨਰੰਗੀ ਵਰਗਾ ਗੋਲ-ਮਟੋਲ ਹੈ, ਏਸੇ ਲਈ ਨਰੰਗੀ ਪਸੰਦ ਕਰਦੀ ਹੋਵੇਗੀ!

ਘਰ ਵਿੱਚ ਨਮਕ-ਤੇਲ ਜਾਂ ਘਿਓ-ਸ਼ੱਕਰ ਵਰਗੀ ਕੋਈ ਵੀ ਚੀਜ਼ ਖ਼ਤਮ ਹੋ ਜਾਂਦੀ, ਉਸਦੀ ਪਰਵਾਹ ਮੰਮੀ ਕਰੇ ਤਾਂ ਠੀਕ, ਨਾ ਕਰੇ ਤਾਂ ਵੀ ਠੀਕ! ਦਾਦੀ ਅਜਿਹੀਆਂ ਸਾਰੀਆਂ ਚਿੰਤਾਵਾਂ ਤੋਂ ਹਮੇਸ਼ਾ ਮੁਕਤ ਰਹਿੰਦੀ! ਦਾਦੀ ਨੂੰ ਸਿਰਫ਼ ਤੇ ਸਿਰਫ਼ ਇੱਕੋ ਚੀਜ਼ ਦੀ ਫ਼ਿਕਰ ਹੁੰਦੀ ਕਿ ਜੇ ਨਰੰਗੀ ਦਾ ਸੀਜ਼ਨ ਹੈ ਤਾਂ ਘਰ ਵਿੱਚ ਨਰੰਗੀ ਨਾ ਮੁੱਕੇ! ਦਾਦੀ ਨੂੰ ਨਰੰਗੀ ਪਸੰਦ ਹੈ, ਇਸਦਾ ਮਤਲਬ ਇਹ ਨਹੀਂ ਕਿ ਕਿਸੇ ਵੀ ਤਰ੍ਹਾਂ ਦੀ ਅੱਧਰੰਗੀ-ਬਦਰੰਗੀ ਸ਼ਕਲ-ਸੂਰਤ ਵਾਲੀ ਬੇਸੁਆਦ ਨਰੰਗੀ ਲੈ ਆਓ! ਨਾ ਜੀ ਨਾ!... ਕੋਈ ਵੀ ਐਰੀ-ਗੈਰੀ ਜਾਂ ਕੀਨੋ-ਸ਼ੀਨੋ ਟਾਈਪ ਦੀ ਨਾ ਹੋਵੇ! ਨਰੰਗੀ ਹੋਵੇ ਤਾਂ ਨਾਗਪੁਰੀ ਹੋਵੇ! ਤਕਰੀਬਨ ਗੋਲ-ਮਟੋਲ ਤੇ ਚਿਕਨੀ ਹੋਵੇ! ਉਹੀ ਦਾਦੀ ਨੂੰ ਬਹੁਤੀ ਭਾਉਂਦੀ! ਉਸਦਾ ਨਾਂ ਸੁਣਦਿਆਂ ਹੀ ਦਾਦੀ ਦੀਆਂ ਅੱਖਾਂ ਚਮਕ ਉੱਠਦੀਆਂ! ਪੋਪਲੇ ਮੂੰਹ ਵਿੱਚ ਲਾਰ ਭਰ ਜਾਂਦੀ! ਮੈਂ ਸੋਚਦਾ, 'ਕੀ

ਇੱਕ ਦਿਨ ਕੀ ਹੋਇਆ ਕਿ ਜਦੋਂ ਮੈਂ ਸਕੂਲੋਂ ਘਰ ਪਰਤਿਆ ਤਾਂ ਦੇਖਿਆ, 'ਦਾਦੀ ਪਲੰਘ 'ਤੇ ਬੈਠੀ ਮੇਰਾ ਇੰਤਜ਼ਾਰ ਕਰ ਰਹੀ ਹੈ!' ਦਾਦੀ ਦੇ ਹੱਥ 'ਚ ਨਾਰੰਗੀ ਹੈ ਤੇ ਨਾਲ ਮੇਰੇ ਬੈਡਮਿੰਟਨ ਰੈਕੇਟ ਪਏ ਹੋਏ ਹਨ! ਮੈਨੂੰ ਦਾਦੀ ਕਿਸੇ ਵੱਖਰੇ ਹੀ ਮੂਡ ਵਿੱਚ ਨਜ਼ਰ ਆ ਰਹੀ ਹੈ! ਮੈਂ ਸਮਝ ਗਿਆ ਕਿ ਅੱਜ ਦਾਦੀ ਹੱਥ-ਪੈਰ ਹੌਲੇ ਕਰਨ ਦੇ ਮੂਡ 'ਚ ਹੈ!

ਦਾਦੀ ਦੇ ਮੂੰਹ ਦੀ ਲਾਰ ਵੀ ਨਰੰਗੀ ਹੁੰਦੀ ਹੋਵੇਗੀ? ਤੇ ਲਾਰ ਦਾ ਸੁਆਦ ਵੀ ਖੱਟਾ-ਮਿੱਠਾ?'

ਨਾਗਪੁਰੀ ਨਰੰਗੀ ਦੇ ਛਿਲਕੇ ਦਾਦੀ ਦੀ ਚਮੜੀ ਵਾਂਗ ਬਹੁਤ ਪਤਲੇ ਤੇ ਨਰਮ ਹੁੰਦੇ, ਜਿਨ੍ਹਾਂ ਨੂੰ ਦਾਦੀ ਹੀ ਨਹੀਂ, ਮੈਂ ਵੀ ਸੌਖਿਆਂ ਛਿੱਲ ਲੈਂਦਾ! ਜਦੋਂ ਕਿ ਮੈਂ ਤਾਂ ਦਾਦੀ ਤੋਂ ਅੱਸੀ ਸਾਲ ਛੋਟਾ ਹਾਂ! ਨਾਗਪੁਰੀ ਨਰੰਗੀ ਦਾ ਸੁਆਦ... ਆਹਾ... ਖੱਟਾ, ਮਿੱਠਾ, ਖ਼ੁਸ਼ਬੂਦਾਰ ਤੇ ਮਜ਼ੇਦਾਰ ਹੁੰਦਾ! ਤੇ ਨਾਗਪੁਰੀ ਨਰੰਗੀ ਵਿੱਚ ਰਸ ਕਿੰਨਾ ਹੁੰਦਾ ਹੈ, ਇਸ ਬਾਰੇ ਕੀ ਦੱਸਾਂ? ਪਾਪਾ ਵਾਂਗ ਕਹਾਂ ਤਾਂ ਹਮੇਸ਼ਾ ਵਾਂਗ ਇਸ ਵਿਚ ਵੀ ਰਾਜਨੀਤੀ ਲੱਭ ਲੈਣਗੇ। ਉਨ੍ਹਾਂ ਦੀ ਮੰਨਾਂ ਤਾਂ ਉਨ੍ਹਾਂ ਇਸ ਉਮਰ ਵਿਚ ਹੀ ਮੇਰੇ 'ਤੇ ਦੇਸ਼-ਧਰੋਹੀ ਦਾ ਠੱਪਾ ਲੁਆ ਦੇਣਾ ਹੈ।

ਨਾਰੰਗੀ ਦਾਦੀ

ਮੈਂ ਆਪਣੀ ਗੱਲ ਆਪਣੇ ਹੀ ਸ਼ਬਦਾਂ ਵਿੱਚ ਕਹਿੰਦਾ ਹਾਂ, 'ਅਤੇ ਨਾਗਪੁਰੀ ਨਰੰਗੀ ਵਿੱਚ ਰਸ ਕਿੰਨਾ ਹੁੰਦਾ ਹੈ ਉਸ ਬਾਰੇ ਕੀ ਦੱਸਾਂ? ਓਅਅ... ਜਿਵੇਂ ਦਾਦੀ ਦੀਆਂ ਕਹਾਣੀਆਂ ਦਾ ਇੱਕ ਇੱਕ ਸ਼ਬਦ, ਵਾਕ, ਪੰਕਤੀ ਤੇ ਪੈਰਾਗ੍ਰਾਫ਼, ਰਸ ਦਾ ਭਰਿਆ ਹੁੰਦਾ ਹੈ, ਕੁਝ ਓਸੇ ਤਰ੍ਹਾਂ ਨਰੰਗੀ ਦੀ ਇੱਕ-ਇੱਕ ਫਾਂਕ ਅਤੇ ਫਾਂਕ ਅੰਦਰਲੀਆਂ ਨਿੱਕੀਆਂ-ਨਿੱਕੀਆਂ ਰਸ ਦੀਆਂ ਥੈਲੀਆਂ ਰਸ ਨਾਲ ਲਬਾਲਬ ਭਰੀਆਂ ਹੁੰਦੀਆਂ! ਨਰੰਗੀ ਦਾ ਰਸ ਵੀ ਦਾਦੀ ਦੀਆਂ ਕਹਾਣੀਆਂ ਵਾਂਗ ਹੀ ਮਨ ਵਿੱਚ, ਲਹੂ ਵਿੱਚ ਅਤੇ ਚੇਤਨਾ ਵਿੱਚ ਘੁਲ-ਮਿਲ ਜਾਂਦਾ!

ਜਦੋਂ ਮੈਂ ਛੋਟਾ ਸੀ ਨਾ... ਬਚਪਨ ਵਿੱਚ! ਮਤਲਬ ਕਿ ਤਿੰਨ-ਚਾਰ ਸਾਲ ਦਾ ਸੀ! ਮੈਨੂੰ ਚੰਗੀ ਤਰ੍ਹਾਂ ਨਰੰਗੀ ਖਾਣੀ ਨਹੀਂ ਸੀ ਆਉਂਦੀ! ਓਦੋਂ ਦਾਦੀ ਮੈਨੂੰ ਕਹਿੰਦੀ, 'ਆਅਅ... ਕਰ!' ਮੈਂ ਆਅਅ... ਕਰਦਾ ਤਾਂ ਦਾਦੀ ਚਲਾਕੀ ਨਾਲ ਮੇਰੇ ਮੂੰਹ 'ਚ ਨਾਰੰਗੀ ਦੀ ਫਾਂਕ ਰੱਖ ਦਿੰਦੀ!

ਫਿਰ ਆਪਣੇ ਦੱਸੇ ਮੁਤਾਬਕ ਫਾਂਕ ਨੂੰ ਹੌਲੀ-ਹੌਲੀ ਦਬਵਾਉਂਦੀ! ਮੈਂ ਫਾਂਕ ਨੂੰ ਨੱਪਦਾ ਤਾਂ ਮੇਰੀ ਇੱਕ ਅੱਖ ਬੰਦ ਹੋ ਜਾਂਦੀ! ਚਿਹਰੇ 'ਤੇ ਕਈ ਲਹਿਰਾਂ ਦੌੜ ਪੈਂਦੀਆਂ! ਫਿਰ ਮੂੰਹ ਵਿਚ ਜੀਭ ਅਤੇ ਗਲੇ ਤੋਂ ਲੈ ਕੇ ਭੋਜਨ-ਨਲੀ ਵੀ ਖੱਟੇ-ਮਿੱਠੇ ਰਸ ਨਾਲ ਤਰ-ਬਤਰ ਹੋ ਜਾਂਦੀ!

ਹੁਣ ਤਾਂ ਮੈਂ ਬਹੁਤ ਵੱਡਾ ਹੋ ਗਿਆ ਹਾਂ, 'ਪੂਰੇ ਸੱਤ ਸਾਲ ਦਾ!'

ਮੈਂ ਕੱਲ੍ਹ 'ਅਬੀਰ-ਕਬੀਰ' ਦੀ ਬਰਥਡੇ ਪਾਰਟੀ ਵਿੱਚ ਗਿਆ ਸੀ ਨਾ, ਉਨ੍ਹਾਂ ਦੋਵ੍ਹਾਂ ਜੌੜੇ ਭਰਾਵਾਂ ਤੋਂ ਤਾਂ ਮੈਂ ਸਿਰਫ਼ ਦੋ ਦਿਨ ਵੱਡਾ ਹਾਂ, ਪਰ ਮੇਰੇ ਸਕੂਲ ਦੇ ਦੋਸਤ 'ਅਮਨ-ਚਮਨ' ਤੋਂ ਤਾਂ ਪੂਰਾ ਇੱਕ ਸਾਲ ਵੱਡਾ ਹਾਂ! ਮੇਰੀ ਗੁਆਂਢਣ ਰਿਧੀ ਤੋਂ ਛੇ ਮਹੀਨੇ ਤੇ ਸੀਆ ਤੋਂ ਚਾਰ ਮਹੀਨੇ ਵੱਡਾ ਹਾਂ! ਹੁਣ ਮੈਂ ਏਨਾ ਵੀ ਛੋਟਾ ਨਹੀਂ ਕਿ ਨਰੰਗੀ ਛਿੱਲ ਕੇ ਨਾ ਖਾ ਸਕਾਂ! ਹੁਣ ਤਾਂ ਨਰੰਗੀ ਖਾਣ 'ਚ ਦਾਦੀ ਤੇ ਮੇਰੇ ਵਿਚ ਹੋੜ ਲੱਗ ਜਾਂਦੀ! ਪਰ ਫੇਰ ਵੀ ਦਾਦੀ ਤੋਂ ਜਿੱਤ ਨਾ ਸਕਦਾ। ਮੈਂ ਫਾਂਕ ਵਿੱਚੋਂ ਰੇਸ਼ੇ ਤੇ ਬੀਅ ਕੱਢਦਾ ਰਹਿੰਦਾ, ਓਦੋਂ ਤੱਕ ਦਾਦੀ ਫਾਂਕ ਚਟਮ ਕਰ ਜਾਂਦੀ!

ਅਸਲ 'ਚ ਮੈਨੂੰ ਫਾਂਕ ਉਤਲੇ ਰੇਸ਼ਿਆਂ ਦਾ ਸੁਆਦ ਨਹੀਂ ਪਸੰਦ ਤੇ ਬੀਅ ਲੰਘਾਉਣ ਤੋਂ ਡਰ ਲੱਗਦਾ! ਸੋਚਦਾ, 'ਕਿਤੇ ਢਿੱਡ 'ਚ ਨਰੰਗੀ ਦਾ ਦਰੱਖ਼ਤ ਉੱਗ ਪਿਆ ਤਾਂ!'

ਇੱਕ ਵਾਰ ਪੇਟ ਵਿੱਚ ਬੀਅ ਚਲਾ ਗਿਆ ਸੀ। ਮੈਂ ਭੱਜ ਕੇ ਮੰਮੀ ਕੋਲ ਰਸੋਈ 'ਚ ਗਿਆ ਤੇ ਦੱਸਿਆ, 'ਨਰੰਗੀ ਦਾ ਬੀਅ ਮੇਰੇ ਢਿੱਡ 'ਚ ਚਲਾ ਗਿਆ!'

ਮੰਮੀ ਰਸੋਈ 'ਚ ਕਰੇਲੇ ਦੇ ਪੇਟ 'ਚੋਂ ਬੀਅ ਕੱਢ ਰਹੀ ਸੀ, ਮੇਰੇ ਵੱਲ ਦੇਖੇ ਬਿਨਾਂ ਬੋਲੀ, 'ਪਹਿਲਾਂ ਬੀਅ ਕੱਢੋ ਤੇ ਫੇਰ ਫਾਂਕ ਖਾਓ, ਨਹੀਂ ਤਾਂ ਪੇਟ 'ਚ ਦਰੱਖ਼ਤ ਉੱਗ ਪਏਗਾ!'

ਮੈਂ ਡਰ ਗਿਆ ਤੇ ਮਨ ਹੀ ਮਨ ਬੁੜਬੁੜਾਇਆ, 'ਕੀ ਸੱਚਮੁੱਚ ਪੇਟ 'ਚ ਦਰੱਖ਼ਤ ਉੱਗ ਪਏਗਾ? ਜਾਂ ਮੰਮੀ ਮੈਨੂੰ ਉੱਲੂ ਬਣਾਅ ਰਹੀ ਹੈ!' ਮੈਂ ਬੇਸਬਰੀ ਨਾਲ ਪਾਪਾ ਦਾ ਇੰਤਜ਼ਾਰ ਕਰਨ ਲੱਗਾ!

ਜਦੋਂ ਪਾਪਾ ਘਰ ਆਏ ਤਾਂ ਮੈਂ ਉਨ੍ਹਾਂ ਨੂੰ ਪੁੱਛਿਆ! ਪਾਪਾ ਪਹਿਲਾਂ ਤਾਂ ਹੱਸੇ ਤੇ ਫੇਰ ਮੇਰੇ ਸਿਰ ਦੇ ਵਾਲਾਂ 'ਚ ਉਂਗਲ ਫੇਰਦਿਆਂ ਬੋਲੇ, 'ਫ਼ਿਕਰ ਦੀ ਕੋਈ ਗੱਲ ਨਹੀਂ ਹੈ!' ਤੇ ਅੱਗੇ ਸਮਝਾਇਆ, 'ਤੂੰ ਬੇਫ਼ਿਕਰ ਹੋ ਕੇ ਨਰੰਗੀ ਖਾ... ਚਿੰਤਾ ਨਾ ਕਰ!'

ਪਰ ਮੈਨੂੰ ਤਾਂ ਚਿੰਤਾ ਹੋ ਗਈ! ਜੇ ਪਾਪਾ ਦੀ ਗੱਲ ਝੂਠ ਨਿਕਲੀ ਤਾਂ! ਜੇ ਮੇਰੇ ਅੰਦਰ ਸੱਚਮੁੱਚ ਨਰੰਗੀ ਦਾ ਦਰੱਖ਼ਤ ਉੱਗ ਪਿਆ ਤਾਂ! ਦਾਦੀ ਦੀ ਤਾਂ ਚਾਂਦੀ ਹੀ ਚਾਂਦੀ! ਉਹ ਤਾਂ ਮੈਨੂੰ ਕਿਤੇ ਜਾਣ ਹੀ ਨਹੀਂ ਦੇਵੇਗੀ! ਨਾ ਸਕੂਲ, ਨਾ ਖੇਡਣ ਤੇ ਨਾ ਪਾਪਾ ਨਾਲ ਘੁੰਮਣ-ਫਿਰਨ! ਹਰ ਵੇਲੇ ਆਪਣੀਆਂ ਅੱਖਾਂ ਸਾਹਮਣੇ ਖੜ੍ਹਾ ਰੱਖੇਗੀ ਤੇ ਪਹਿਰੇਦਾਰੀ ਕਰੇਗੀ ਕਿ ਕੋਈ ਨਰੰਗੀ ਤੋੜ ਕੇ ਨਾ ਲੈ ਜਾਵੇ! ਤੇ ਜਦੋਂ ਉਹਦਾ ਆਪਣਾ ਮਨ ਹੋਵੇਗਾ, ਤੋੜ ਕੇ ਖਾ ਲਵੇਗੀ!

ਹਾਲਾਂਕਿ ਹੌਲੀ ਹੌਲੀ ਮੇਰੇ ਦਿਮਾਗ਼ 'ਚੋਂ ਇਹ ਗੱਲ ਨਿਕਲ ਗਈ ਅਤੇ ਫੇਰ ਜਦੋਂ ਵੀ ਨਰੰਗੀ ਦਾ ਸੀਜ਼ਨ ਆਉਂਦਾ, ਅਸੀਂ ਦਾਦੀ ਪੋਤਾ ਜੀਅ ਭਰ ਕੇ ਨਰੰਗੀਆਂ ਖਾਂਦੇ! ਅਸੀਂ ਇਹ ਖੇਡ ਵੀ ਖੇਡਦੇ ਕਿ ਪਹਿਲਾਂ ਕੌਣ ਨਰੰਗੀ ਛਿੱਲਦਾ ਹੈ! ਛਿੱਲ ਲੈਂਦੇ ਤਾਂ ਖੇਡਦੇ ਕਿ ਪਹਿਲਾਂ ਕੌਣ ਆਪਣੀ ਨਰੰਗੀ ਖਾਂਦਾ ਹੈ! ਫੇਰ ਤਾਂ ਖੇਡ ਖੇਡ ਵਿੱਚ ਟੋਕਰੀ 'ਤੇ ਟੋਕਰੀ ਨਰੰਗੀਆਂ ਖ਼ਤਮ ਹੁੰਦੀਆਂ ਰਹਿੰਦੀਆਂ! ਖੇਡ-ਖੇਡ ਵਿੱਚ ਅਕਸਰ ਸਾਡੇ ਵਿਚਕਾਰੋਂ ਉਮਰ ਦਾ ਫ਼ਰਕ ਗਾਇਬ ਹੋ ਜਾਂਦਾ! ਕਦੇ ਕਦੇ ਸਾਡੀ ਖੇਡ ਵਿੱਚ ਮੰਮੀ ਪਾਪਾ ਵੀ ਸ਼ਾਮਲ ਹੋ ਜਾਂਦੇ!

ਗੱਲ ਖੇਡ ਦੀ ਚੱਲੀ ਹੈ ਤਾਂ ਦੱਸ ਦਿਆਂ ਕਿ ਸਾਡੇ ਵਿਚਕਾਰ ਸਿਰਫ਼ ਨਰੰਗੀ ਵਾਲੀ ਹੀ ਖੇਡ ਨਹੀਂ ਚੱਲਦੀ! ਅਸੀਂ ਨਰੰਗੀ ਖਾਂਦੇ-ਖਾਂਦੇ ਕਦੇ ਕੈਰਮ, ਅੰਗ-ਭੰਗ ਚੌਕ-ਚੰਗ, ਨੌਂ ਸਾਰ ਸੋਲ੍ਹਾਂ ਸਾਰ, ਸੱਪ ਤੇ ਪੌੜੀ ਤੇ ਕਦੇ ਕਹਾਣੀ ਸੁਣਾਉਣ ਦੀ ਖੇਡ ਵੀ ਖੇਡਦੇ! ਕੁਝ ਖੇਡਾਂ ਮੈਂ ਦਾਦੀ ਤੋਂ ਸਿੱਖਦਾ! ਕੁਝ ਖੇਡਾਂ ਮੈਂ ਦਾਦੀ ਨੂੰ ਸਿਖਾਉਂਦਾ! ਕੁਝ ਖੇਡਾਂ ਵਿੱਚ ਮੈਂ ਦਾਦੀ ਨੂੰ ਹਰਾਅ ਦਿੰਦਾ ਅਤੇ ਕੁਝ ਵਿੱਚ ਦਾਦੀ ਮੈਨੂੰ ਹਰਾਅ ਦਿੰਦੀ! ਜਿੱਤਣ 'ਤੇ ਦੋਵੇਂ ਏਨੇ ਖ਼ੁਸ਼ ਹੁੰਦੇ ਜਿਵੇਂ ਕ੍ਰਿਕਟ ਦਾ ਵਿਸ਼ਵ ਕੱਪ, ਫੁੱਟਬਾਲ ਦਾ ਫ਼ੀਫ਼ਾ ਕੱਪ ਜਾਂ ਫੇਰ ਬੈਡਮਿੰਟਨ ਦਾ ਇੰਡੀਆ ਓਪਨ ਜਿੱਤ ਲਿਆ ਹੋਵੇ!

ਬੈਡਮਿੰਟਨ ਤੋਂ ਯਾਦ ਆਇਆ ਕਿ ਉਨ੍ਹੀਂ ਦਿਨੀਂ ਟੀਵੀ 'ਤੇ ਇੰਡੀਆ ਓਪਨ ਟੂਰਨਾਮੈਂਟ ਚੱਲ ਰਿਹਾ ਸੀ। ਜਦੋਂ ਮੈਂ ਸਕੂਲ ਚਲਾ ਜਾਂਦਾ ਜਾਂ ਫੇਰ ਸੌਂ ਜਾਂਦਾ, ਦਾਦੀ ਨੂੰ ਪਿੰਡ ਦੀ ਯਾਦ ਸਤਾਉਂਦੀ! ਨੀਂਦ ਨਾ ਆਉਂਦੀ! ਜਾਂ ਪੈਰ ਫੁੱਲਦੇ! ਦਾਦੀ ਅਕਸਰ ਨਰੰਗੀ ਖਾਂਦੀ ਖਾਂਦੀ ਇੰਡੀਆ ਓਪਨ 'ਚ ਹੁੰਦੇ ਮੈਚ ਵੇਖਦੀ ਰਹਿੰਦੀ!

ਇੱਕ ਦਿਨ ਕੀ ਹੋਇਆ, ਜਦੋਂ ਮੈਂ ਸਕੂਲੋਂ ਘਰ ਪਰਤਿਆ ਤਾਂ ਦੇਖਿਆ, 'ਦਾਦੀ ਪਲੰਘ 'ਤੇ ਬੈਠੀ ਮੇਰਾ ਇੰਤਜ਼ਾਰ ਕਰ ਰਹੀ ਹੈ!' ਦਾਦੀ ਦੇ

ਸਤਿਆਨਾਰਾਇਣ ਪਟੇਲ

ਹੱਥ 'ਚ ਨਰੰਗੀ ਹੈ ਤੇ ਨਾਲ ਮੇਰੇ ਬੈਡਮਿੰਟਨ ਰੈਕਟ ਪਏ ਹੋਏ ਹਨ! ਮੈਨੂੰ ਦਾਦੀ ਕਿਸੇ ਵੱਖਰੇ ਹੀ ਮੂਡ ਵਿੱਚ ਨਜ਼ਰ ਆ ਰਹੀ ਹੈ!
ਮੈਂ ਸਮਝ ਗਿਆ ਕਿ ਅੱਜ ਦਾਦੀ 'ਹੱਥ-ਪੈਰ ਹੌਲੇ' ਕਰਨ ਦੇ ਮੂਡ 'ਚ ਹੈ! ਦਾਦੀ ਜਦੋਂ ਘਰ 'ਚ ਬੈਠੀ-ਬੈਠੀ ਬੋਰ ਹੋ ਜਾਂਦੀ ਤਾਂ ਹਫ਼ਤੇ 'ਚ ਇੱਕ-ਦੋ ਵਾਰ ਮੈਨੂੰ ਮੋਤੀ ਬਾਬਾ ਮੰਦਰ ਦੇ ਪਾਰਕ 'ਚ ਲੈ ਜਾਂਦੀ! ਉਸ ਪਾਰਕ 'ਚ ਜਿੱਥੇ ਸਵੇਰ ਵੇਲੇ ਕਾਲੀ ਟੋਪੀ ਵਾਲੇ ਕਬੱਡੀ, 'ਪਿੱਛੇ ਦੇਖੇ ਮਾਰ ਖਾਏ, ਘੋੜਾ ਬਦਾਮ ਖਾਏ' ਖੇਡਦੇ ਅਤੇ ਆਪਸ ਵਿੱਚ ਲਾਠੀ ਚਲਾਉਣ ਦੀ ਕਸਰਤ ਕਰਦੇ- ਉੱਥੇ ਸ਼ਾਮ ਨੂੰ ਦਾਦੀ ਮੇਰੇ ਨਾਲ ਪਕੜਮ-ਪਕੜਾਈ ਤੇ ਦਰੱਖ਼ਤ ਦੀ ਓਟ ਵਿੱਚ ਲੁਕਣ-ਮੀਟੀ ਖੇਡਦੀ! ਕਦੇ-ਕਦੇ ਬੇਲ-ਪੱਥਰ ਦੇ ਦਰੱਖ਼ਤ ਤੋਂ ਨਿੰਮ ਦੇ ਦਰੱਖ਼ਤ ਤੱਕ ਦੌੜ ਵੀ ਲਾਉਂਦੀ! ਇਨ੍ਹਾਂ ਖੇਡਾਂ ਵਿੱਚ ਦਾਦੀ ਮੈਥੋਂ ਜਿੱਤ ਤਾਂ ਨਾ ਸਕਦੀ, ਪਰ ਖੇਡਣ ਤੋਂ ਬਾਅਦ ਦਾਦੀ ਦਾ ਚਿਹਰਾ ਨਰੰਗੀ ਵਾਂਗ ਲਿਸ਼ਕਣ ਲੱਗ ਪੈਂਦਾ! ਕੁਝ ਚਿਰ ਲਈ ਉਸਦੇ ਚਿਹਰੇ ਦੀਆਂ ਝੁਰੜੀਆਂ ਉਸ ਲਿਸ਼ਕ ਪਿੱਛੇ ਲੁਕ ਜਾਂਦੀਆਂ!
ਮੈਂ ਕਹਿੰਦਾ, 'ਨਰੰਗੀ ਦਾਦੀ!' ਦਾਦੀ ਮੁਸਕਰਾਅ ਪੈਂਦੀ, ਜਿਵੇਂ ਉਸਨੂੰ 'ਨਰੰਗੀ ਦਾਦੀ' ਕਹੇ ਜਾਣ ਤੋਂ ਕੋਈ ਇਤਰਾਜ਼ ਨਾ ਹੋਏ! ਤੇ ਇਤਰਾਜ਼ ਹੁੰਦਾ ਵੀ ਕਿਉਂ? ਮੈਂ ਕੁਝ ਅਜੀਬ ਜਾਂ ਗ਼ਲਤ ਤਾਂ ਨਹੀਂ ਸੀ ਕਿਹਾ! ਦਾਦੀ ਦੇ ਪਿੰਡ ਵਿੱਚ ਦਾਦੀ ਦੀ ਇੱਕ ਗੁਆਂਢਣ ਦਾ ਨਾਮ 'ਨਰੰਗੀ ਬਾਈ' ਹੈ! ਮੇਰੇ ਮਾਮਾ ਜੀ ਦੇ ਖੇਤ 'ਚ ਟਰੈਕਟਰ ਚਲਾਉਣ ਵਾਲੇ ਨੂੰ ਸਭ 'ਨਰੰਗੀ ਚਾਚਾ' ਸੱਦਦੇ ਹਨ!
ਉਸ ਦਿਨ ਮੈਂ ਆਪਣਾ ਸਕੂਲ ਬੈਗ ਇੱਕ ਕੁਰਸੀ 'ਤੇ ਰੱਖਦਿਆਂ ਦਾਦੀ ਨੂੰ ਪੁੱਛਿਆ, 'ਦਾਦੀ, ਅੱਜ ਕੀ ਦਿਲ ਕਰਦਾ ਹੈ? ਮੇਰੇ ਰੈਕੇਟ ਫੜੀ ਕਿਉਂ ਬੈਠੇ ਹੋ? ਸਾਇਨਾ ਨੇਹਵਾਲ ਜਾਂ ਪੀ.ਵੀ. ਸਿੰਧੂ ਨਾਲ ਮੈਚ ਤਾਂ ਨਹੀਂ ਰੱਖ ਲਿਆ?'
ਦਾਦੀ ਦੇ ਮੂੰਹ 'ਚ ਨਰੰਗੀ ਦੀ ਫਾਂਕ ਸੀ। ਉਸਦੇ ਘੁਲਣ ਤੋਂ ਬਾਅਦ ਦਾਦੀ ਨੇ ਕਿਹਾ, 'ਤੂੰ ਇਨ੍ਹਾਂ ਝਾੜੂਆਂ ਨਾਲ ਰਿੱਧੀ ਤੇ ਸੀਆ ਨਾਲ ਖੇਡਦੇ ਹੈਂ ਨਾ, ਚੱਲ ਅੱਜ ਮੇਰੇ ਨਾਲ ਖੇਡ!'
'ਓ ਦਾਦੀ, ਇਹ ਝਾੜੂ ਨਹੀਂ, ਇਨ੍ਹਾਂ ਨੂੰ ਬੈਡਮਿੰਟਨ ਰੈਕਟ ਕਹਿੰਦੇ ਹਨ,' ਮੈਂ ਹੱਸਦਿਆਂ ਦਾਦੀ ਨੂੰ ਕਿਹਾ।
'ਆਹੋ ਓਹੀ... ਝਾੜੂ ਵਰਗਾ ਹੀ ਤਾਂ ਹੈ!' ਦਾਦੀ ਨੇ ਕੁਝ ਇਸ ਤਰ੍ਹਾਂ ਕਿਹਾ ਜਿਵੇਂ ਨਾਂ-ਸ਼ਾਂ ਦਾ ਕੋਈ ਮਤਲਬ-ਸ਼ਤਲਬ ਨਹੀਂ।
ਫੇਰ ਦਾਦੀ ਨੇ ਮੈਨੂੰ ਨਰੰਗੀ ਦੀਆਂ ਇੱਕ ਤੋਂ ਬਾਅਦ ਇੱਕ, ਦੋ ਫਾਂਕਾਂ ਖੁਆਈਆਂ ਤੇ ਉਤਸ਼ਾਹ ਵਾਲੇ ਸੁਰ 'ਚ ਬੋਲੀ, 'ਜਾ... ਰੋਟੀ-ਸ਼ੋਟੀ ਖਾ ਲੈ.. ਫੇਰ ਮੋਤੀ ਬਾਬਾ ਮੰਦਰ ਚੱਲਾਂਗੇ... ਜ਼ਰਾ ਹੱਥ-ਪੈਰ ਹਲਕੇ ਕਰਾਂਗੇ!'
'ਓ ਦਾਦੀ... ਅੱਜ ਮੈਂ ਸਕੂਲ ਵਿੱਚ ਅਨਯ ਤੇ ਵਿਨਯ ਨੂੰ ਸ਼ਤਰੰਜ 'ਚ ਹਰਾਇਆ ਹੈ... ਮੇਰੇ ਤਾਂ ਦਿਮਾਗ ਦਾ ਧੂੰਆਂ ਨਿਕਲ ਗਿਆ ਹੈ!' ਮੈਂ ਦਾਦੀ ਨੂੰ ਕਿਹਾ ਤੇ ਬੈਡਮਿੰਟਨ ਖੇਡਣ ਤੋਂ ਥੋੜ੍ਹੀ ਨਾਂਹ-ਨੁੱਕਰ ਕੀਤੀ।
ਹਾਲਾਂਕਿ ਦਾਦੀ ਨੂੰ ਮੇਰੀ ਨਾਂਹ-ਨੁੱਕਰ ਨਾਲ ਕੋਈ ਫ਼ਰਕ ਪਏਗਾ, ਮੈਨੂੰ ਅਜਿਹੀ ਕੋਈ ਉਮੀਦ ਨਹੀਂ ਸੀ! ਦਾਦੀ ਨੇ ਮੇਰੇ 'ਤੇ ਮੇਰੀ ਮੰਮੀ ਦੇ ਸਾਹਮਣੇ ਸ਼ਰੇ ਆਮ ਦੋਸ਼ ਲਾਇਆ, 'ਤੂੰ ਰਿੱਧੀ ਤੇ ਸੀਆ ਨੂੰ ਧੋਖੇ ਨਾਲ ਹਰਾਉਂਦਾ ਹੈਂ!'
ਦਾਦੀ ਦੇ ਇਲਜ਼ਾਮ ਦੀ ਕੋਈ ਵਜ੍ਹਾ ਹੀ ਨਹੀਂ ਸੀ! ਰਿੱਧੀ ਤੇ ਸੀਆ ਆਪ ਹੀ ਕਮਜ਼ੋਰ ਖਿਡਾਰਨਾਂ ਸਨ, ਉਨ੍ਹਾਂ ਨੂੰ ਮੈਂ ਹੀ ਨਹੀਂ, ਕੋਈ ਵੀ ਹਰਾਅ ਸਕਦਾ ਸੀ! ਦਾਦੀ ਦਾ ਦੋਸ਼ ਮੈਨੂੰ ਕਿਸੇ ਤਰ੍ਹਾਂ ਵੀ ਮਨਜ਼ੂਰ ਨਹੀਂ ਸੀ।
ਦਾਦੀ ਨੇ ਮੈਨੂੰ ਤਕੜੀ ਚੁਣੌਤੀ ਦਿੱਤੀ, 'ਚੰਗਾ ਖੇਡਦਾ ਹੈਂ ਤਾਂ ਮੈਨੂੰ ਹਰਾਅ ਕੇ ਵਿਖਾਅ! ਛਠੀ ਦਾ ਦੁੱਧ ਯਾਦ ਨਾ ਕਰਾਅ ਦਿਆਂ ਤਾਂ ਮੇਰਾ ਨਾਂ ਨਰੰਗੀ ਦਾਦੀ ਨਹੀਂ!'
ਦਾਦੀ ਦੇ ਸਿਰ 'ਤੇ ਉਸ ਦਿਨ ਪਤਾ ਨਹੀਂ ਕਿਹੋ ਜਿਹਾ ਭੂਤ ਸਵਾਰ ਸੀ! ਪਹਿਲਾਂ ਮੇਰੇ 'ਤੇ ਦੋਸ਼ ਲਾਇਆ! ਫੇਰ ਵੰਗਾਰਿਆ ਤੇ ਫੇਰ ਲਾਲਚ 'ਚ ਭਿੱਜਾ ਤੀਰ ਛੱਡਿਆ, 'ਜੇ ਮੈਨੂੰ ਝਾੜੂ-ਮਾਰ (ਬੈਡਮਿੰਟਨ) ਮੈਚ ਵਿੱਚ ਹਰਾਅ ਦਿੱਤਾ ਤਾਂ ਤੈਨੂੰ ਆਪਣੀ ਪਸੰਦ ਦਾ ਨਵਾਂ ਚੈੱਸ ਬੋਰਡ ਲਿਆਉਣ ਦੇ ਪੈਸੇ ਦਿਆਂਗੀ!'
ਦਾਦੀ ਦੇ ਲਾਲਚ-ਭਰੇ ਤੀਰ ਨੇ ਮੈਨੂੰ ਵਿੰਨ੍ਹ ਦਿੱਤਾ! ਬਿੱਛੂ ਦੇ ਜ਼ਹਿਰ ਵਾਂਗ ਮੇਰੀਆਂ ਰਗਾਂ ਵਿੱਚ ਲਾਲਚ ਦੌੜਨ ਲੱਗ ਪਿਆ! ਵੇਖਦਿਆਂ ਹੀ ਵੇਖਦਿਆਂ ਦਿਲ-ਦਿਮਾਗ਼ ਉੱਤੇ ਲਾਲਚ ਛਾ ਗਿਆ! ਦਿਲ ਵਿੱਚ ਲਾਲਚ ਦੀਆਂ ਉੱਚੀਆਂ-ਉੱਚੀਆਂ ਲਹਿਰਾਂ ਉੱਠਣ ਲੱਗੀਆਂ! ਅੱਖਾਂ ਅੱਗੇ ਹਵਾ ਵਿੱਚ ਆਪਣੀ ਪਸੰਦ ਦੇ ਸ਼ਤਰੰਜ ਬੋਰਡ ਤੈਰਨ ਲੱਗ ਪਏ!
ਹਾਲਾਂਕਿ ਇਹ ਵੀ ਨਹੀਂ ਕਿ ਮੇਰੇ ਕੋਲ ਪਹਿਲਾਂ ਹੀ ਸ਼ਤਰੰਜ ਦਾ ਕੋਈ ਵੀ ਬੋਰਡ ਨਹੀਂ! ਮੇਰੇ ਖ਼ਜ਼ਾਨੇ 'ਚ ਵੱਖ-ਵੱਖ ਤਰ੍ਹਾਂ ਦੇ ਕਈ ਸ਼ਤਰੰਜ ਬੋਰਡ ਹਨ! ਪਰ ਉਹ ਸਾਰੇ ਸਮੇਂ-ਸਮੇਂ 'ਤੇ ਮੰਮੀ-ਪਾਪਾ ਅਤੇ ਆਪਾ ਤੋਂ ਜਿੱਤੇ ਹੋਏ ਨੇ ਅਤੇ ਜ਼ਿਆਦਾਤਰ ਉਨ੍ਹਾਂ ਦੀ ਪਸੰਦ ਦੇ ਹਨ! ਕੁਝ ਚੈੱਸ ਬੋਰਡ ਅਜਿਹੇ ਵੀ ਨੇ ਜੋ ਮੈਨੂੰ ਜਨਮਦਿਨ 'ਤੇ ਕੁਝ ਅੰਕਲ-ਆਂਟੀਆਂ ਤੇ ਦੋਸਤਾਂ ਤੋਂ ਤੋਹਫ਼ੇ 'ਚ ਮਿਲੇ! ਮੇਰੇ ਖ਼ਜ਼ਾਨੇ 'ਚ ਇੱਕ ਚੈੱਸ ਬੋਰਡ ਦਾ ਹੋਰ ਵਾਧਾ ਹੋ ਜਾਵੇ ਤਾਂ ਕਿਸੇ ਨੂੰ ਕੀ ਤਕਲੀਫ਼ ਹੋਵੇਗੀ! ਕ੍ਰਿਕਟਰਾਂ ਨੂੰ ਦੇਖੋ, ਉਨ੍ਹਾਂ ਕੋਲ ਇੱਕ ਤੋਂ ਇੱਕ ਵਧੀਆ ਬੱਲੇ ਹੁੰਦੇ ਹਨ! ਮੰਨਿਆ ਕਿ ਮੈਂ ਸ਼ਤਰੰਜ ਦੇ ਵਿਸ਼ਵ ਚੈਂਪੀਅਨ ਵਿਸ਼ਵਨਾਥ ਆਨੰਦ, ਨੌਜਵਾਨ ਗ੍ਰੈਂਡਮਾਸਟਰ ਗੁਕੇਸ਼ ਦੋਮਾਰਾਜੂ, ਨਿਹਾਲ ਸਰੀਨ ਵਰਗੇ ਸ਼ਤਰੰਜ ਦੇ ਮਹਾਰਥੀਆਂ ਦੇ ਨਹੁੰ ਦੇ ਬਰਾਬਰ ਵੀ ਨਹੀਂ ਹਾਂ! ਫੇਰ ਕੀ ਹੋਇਆ? ਚੈੱਸ ਬੋਰਡ ਤਾਂ ਆਪਣੀ ਪਸੰਦ ਦਾ ਵਧੀਆ ਲੈ ਸਕਦਾ ਹਾਂ! ਦਾਦੀ ਨੇ ਵੀ 'ਆਪਣੀ ਪਸੰਦ' ਘਰੋੜ ਕੇ ਕਿਹਾ ਹੈ!
ਮੇਰੇ ਕੋਲ ਜਿਹੜੇ ਪਹਿਲਾਂ ਹੀ ਹੈਨ, ਉਨ੍ਹਾਂ 'ਚ ਪਲਾਸਟਕ ਬੋਰਡ, ਵਿਨਾਇਲ ਰੋਲ-ਅੱਪ ਬੋਰਡ,

ਨਰੰਗੀ ਦਾਦੀ

ਐੱਮਡੀਐੱਫ਼ ਬੋਰਡ ਵਰਗੇ ਕੁਝ ਚੈੱਸ ਬੋਰਡ ਹੈਨ! ਪਰ ਹੁਣ ਜਦੋਂ ਦਾਦੀ ਨੂੰ ਹਰਾਵਾਂਗਾ ਤਾਂ ਅਜਿਹਾ ਆਮ ਜਿਹਾ ਬੋਰਡ ਨਹੀਂ ਲਵਾਂਗਾ! ਟਾਹਲੀ ਜਾਂ ਸਾਗਵਾਨ ਦੀ ਲੱਕੜ ਦਾ ਸ਼ਾਨਦਾਰ ਮੈਗਨੈਟਿਕ ਚੈੱਸ ਬੋਰਡ ਲਵਾਂਗਾ! ਜਾਂ ਫੇਰ ਕਾਲੇ ਰੰਗ ਦੀ ਐਬੋਨੀ ਦਾ ਬੋਰਡ, ਜਾਂ ਸੁੰਦਰ ਦਾਣੇਦਾਰ ਤੇ ਟਿਕਾਊ ਓਕ ਦਾ ਬੋਰਡ ਲਵਾਂਗਾ! ਮੈਂ ਪੋਤਾ ਹਾਂ ਕੇ ਕਿਉਂ ਕੰਜੂਸੀ ਕਰਾਂ, ਜਦੋਂ ਮੇਰੀ ਨਰੰਗੀ ਦਾਦੀ ਦਰਿਆਦਿਲ ਹੈ! ਮੈਂ ਇਹ ਸੁਨਹਿਰੀ ਮੌਕਾ ਹੱਥੋਂ ਨਹੀਂ ਜਾਣ ਦਿਆਂਗਾ! ਮੈਂ ਅਜਿਹਾ ਚੈੱਸ ਬੋਰਡ ਲਵਾਂਗਾ ਕਿ ਬਸ! ਮਨ ਨਿਹਾਲ ਹੋ ਜਾਵੇ! ਅਨਯ-ਵਿਨਯ, ਅਬੀਰ-ਕਬੀਰ, ਅਮਨ-ਚਮਨ ਦੇਖਣ ਤਾਂ ਉਨ੍ਹਾਂ ਦੀਆਂ ਵੀ ਅੱਖਾਂ ਫਟੀਆਂ ਦੀਆਂ ਫਟੀਆਂ ਰਹਿ ਜਾਣ! ਮੇਰੇ ਸਾਰੇ ਦੋਸਤ ਆਪਣੇ ਆਪਣੇ ਮੰਮੀ ਪਾਪਾ, ਦਾਦਾ ਦਾਦੀ ਨੂੰ ਕਹਿਣ, 'ਚੀਕੇ ਦੇ ਚੈੱਸ ਬੋਰਡ ਵਰਗਾ ਹੀ ਚੈੱਸ ਬੋਰਡ ਦੁਆਓ!'

ਮੈਂ ਸੋਚਣ ਲੱਗਾ ਕਿ ਫੇਰ ਸਾਰਿਆਂ ਦੇ ਪੇਰੈਂਟਸ ਆਪਣਾ ਕੰਮ-ਧੰਦਾ ਛੱਡ ਕੇ ਮੇਰਾ ਚੈੱਸ ਬੋਰਡ ਵੇਖਣ ਆਉਣਗੇ! ਮੇਰਾ ਚੈੱਸ ਬੋਰਡ ਵੇਖ ਕੇ ਸਾਰੇ ਦੰਗ ਰਹਿ ਜਾਣਗੇ ਤੇ ਕਹਿਣਗੇ, 'ਇਹੋ ਜਿਹਾ ਚੈੱਸ ਬੋਰਡ ਨਾ ਕਿਸੇ ਨੇ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਦੇਖਿਆ, ਨਾ ਅਜ਼ਾਦੀ ਤੋਂ ਬਾਅਦ ਕਿਸੇ ਨੇ ਕਿਤੇ ਦੇਖਿਆ!'

ਉਹ ਪਲ ਮੇਰੇ ਲਈ ਕਿੰਨਾ ਮਾਣ ਵਾਲਾ ਹੋਵੇਗਾ! ਮੈਂ ਫੁੱਲ ਕੇ ਕੁੱਪਾ ਹੋ ਜਾਵਾਂਗਾ! ਦਾਦੀ ਵੱਲੋਂ ਦੁਆਈ ਨਰੰਗੀ ਸਦਰੀ (ਵਾਸਕਟ) ਪਾ ਕੇ ਇਤਰਾਵਾਂਗਾ! ਲਾਲ ਕਿਲ੍ਹੇ ਦੀ ਕੰਧ ਤੋਂ ਮੇਰੇ ਚੈੱਸ ਬੋਰਡ ਦੀ ਖ਼ਬਰ ਵਾਇਰਲ ਹੋਵੇਗੀ! ਸਾਰੇ ਟੀਵੀ ਚੈਨਲ ਮੇਰੇ ਚੈੱਸ ਬੋਰਡ ਦੀ ਖ਼ਬਰ ਨੂੰ 'ਮਾਸਟਰ ਸਟ੍ਰੋਕ' ਕਹਿ ਕਹਿ ਕੇ ਵਿਖਾਉਣਗੇ!

ਫਿਰ ਸੋਚਦਿਆਂ ਸੋਚਦਿਆਂ ਮੈਨੂੰ ਲੱਗਾ ਕਿ ਮੈਂ 'ਹਨੂਮਾਨ ਪਤੰਗ' ਵਾਂਗ ਕੁਝ ਜ਼ਿਆਦਾ ਹੀ ਉੱਡ ਰਿਹਾ ਹਾਂ! ਮੈਨੂੰ ਆਪਾ-ਮੋਹ ਦੇ ਖੋਲ 'ਚੋਂ ਬਾਹਰ ਆ ਕੇ ਵੇਖਣਾ ਪਏਗਾ! ਜਾਇਜ਼ਾ ਲੈਣਾ ਪਏਗਾ ਕਿ ਦਾਦੀ ਦੀ ਤਿਆਰੀ ਕਿਹੋ ਜਿਹੀ ਹੈ! ਕਿਤੇ ਅਜਿਹਾ ਨਾ ਹੋਵੇ ਕਿ ਜਿਵੇਂ ਮੈਨੂੰ ਅੰਗ-ਭੰਗ ਚੌਕ-ਚੰਗ, ਨੌਂ ਸਾਰ ਜਾਂ ਸੋਲ੍ਹਾਂ ਸਾਰ ਵਿੱਚ ਮੂੰਹ ਦੀ ਖਾਣੀ ਪੈਂਦੀ ਹੈ, ਬੈਡਮਿੰਟਨ ਵਿੱਚ ਵੀ ਉਹੀ ਹਾਲ ਹੋ ਜਾਵੇ! ਮੇਰੀ ਦਾਦੀ ਬੁੱਢੀ ਜ਼ਰੂਰ ਹੈ, ਪਰ ਉਸ ਨੇ ਕਈ ਘਾਟਾਂ ਦਾ ਪਾਣੀ ਪੀਤਾ ਹੈ!

ਮੈਨੂੰ ਪਤਾ ਹੈ ਕਿ ਦਾਦੀ ਘਰ ਦੀ ਛੱਤ 'ਤੇ ਮੇਰੀ ਮੰਮੀ, ਰਿੱਧੀ ਦੀ ਮੰਮੀ ਅਤੇ ਸੀਆ ਦੀ ਮੰਮੀ ਨਾਲ ਕਦੇ-ਕਦਾਈਂ ਬੈਡਮਿੰਟਨ ਖੇਡਦੀ ਹੈ! ਪਰ ਕੀ ਏਨਾ ਖੇਡਦੀ ਹੋਏਗੀ ਕਿ ਮੈਨੂੰ ਹਰਾਅ ਦੇਵੇਗੀ! ਮੇਰੇ ਸਕੂਲ ਵਿੱਚ ਰੋਜ਼ ਗੇਮਜ਼ ਦਾ ਪੀਰੀਅਡ ਹੁੰਦਾ ਹੈ! ਦਾਦੀ ਨਹੀਂ ਜਾਣਦੀ ਕਿ ਮੈਂ ਗਲੀ ਵਿੱਚ ਰਿੱਧੀ ਤੇ ਸੀਆ ਨੂੰ ਹੀ ਨਹੀਂ, ਸਕੂਲ ਵਿੱਚ ਅਮਨ-ਚਮਨ ਨੂੰ ਵੀ ਬੈਡਮਿੰਟਨ ਵਿੱਚ ਹਰਾਅ ਚੁੱਕਾ ਹਾਂ! ਮੈਂ ਬੈਡਮਿੰਟਨ ਵਿੱਚ ਵੀ ਆਪਣੇ ਗੇਮਜ਼ ਟੀਚਰ ਦੀ ਨਜ਼ਰ ਵਿੱਚ ਲਕਸ਼ ਸੇਨ, ਐੱਚ.ਐੱਸ. ਪ੍ਰਣਯ ਤੇ ਕਿਦਾਂਬੀ ਸ੍ਰੀਕਾਂਤ ਤੋਂ ਘੱਟ ਨਹੀਂ ਹਾਂ!

ਮੈਂ ਬੈਡਮਿੰਟਨ ਮੈਚ ਖੇਡਣ ਲਈ ਨਾ ਸਿਰਫ਼ ਰਾਜ਼ੀ ਹੋ ਗਿਆ, ਸਗੋਂ ਝਟਪਟ ਸਕੂਲ ਯੂਨੀਫ਼ਾਰਮ ਲਾਹ ਕੇ ਖਾਣਾ-ਸ਼ਾਣਾ ਖਾਧਾ ਤੇ ਫਟਾਫਟ ਲੋਅਰ-ਟੀ-ਸ਼ਰਟ, ਜੁੱਤੇ-ਸ਼ੁੱਤੇ ਪਾ ਕੇ ਦਾਦੀ ਨਾਲ ਤੁਰ ਪਿਆ!

ਮੈਂ ਰਸਤੇ ਵਿੱਚ ਦਾਦੀ ਦੇ ਪਹਿਰਾਵੇ ਵੱਲ ਨਜ਼ਰ ਮਾਰੀ ਤਾਂ ਮਨ ਵਿਚ ਹੀ ਹੱਸ ਹੱਸ ਕੇ 'ਜੁਲਾਈ-ਅਗਸਤ ਦਾ ਟਿੱਚਾ ਫ਼ਾਲ ਹੋਣ ਲੱਗ ਪਿਆ'! (ਬਰਸਾਤਾਂ ਵਿਚ ਇੰਦੌਰ ਇਲਾਕੇ ਦੇ ਮਸ਼ਹੂਰ ਟਿੰਚਾ ਝਰਨੇ ਵਾਲੀ ਸੈਲਾਨੀ ਥਾਂ ਵਿਚ ਬਹੁਤ ਵਧੀ ਹੋਈ ਰੌਣਕ) ਦਾਦੀ ਨੇ ਆਪਣੀ ਓਹੀ ਪਿੰਡਾਂ ਵਾਲੀ ਡਰੈੱਸ ਪਾਈ ਹੋਈ ਹੈ—ਨਰੰਗੀ ਲੁੱਗੜਾ, ਚਿੱਟਾ ਪੋਲਕਾ ਅਤੇ ਹਰੀ ਘਾਗਰੀ! ਦਾਦੀ ਦੇ ਗਿੱਟਿਆਂ ਵਿੱਚ ਭਾਰੇ-ਭਾਰੇ ਚਾਂਦੀ ਦੇ ਕੜੇ ਹਨ ਤੇ ਪੈਰਾਂ ਵਿੱਚ ਹਵਾਈ ਚੱਪਲਾਂ! ਪਰ ਪਤਾ ਨਹੀਂ ਕਿਉਂ ਦਾਦੀ ਏਨੇ ਉਤਸ਼ਾਹ ਤੇ ਜੋਸ਼ ਨਾਲ ਭਰੀ ਹੋਈ ਤੁਰ ਰਹੀ ਹੈ ਜਿਵੇਂ ਸਾਇਨਾ ਨੇਹਵਾਲ ਅਤੇ ਪੀ.ਵੀ. ਸਿੰਧੂ ਨੂੰ ਹਰਾਅ ਚੁੱਕੀ ਹੋਵੇ! ਦਾਦੀ ਅਜਿਹਾ ਆਤਮਵਿਸ਼ਵਾਸ, ਜੋਸ਼ ਤੇ ਉਤਸ਼ਾਹ ਪਤਾ ਨਹੀਂ ਕਿੱਥੋਂ ਲਿਆਉਂਦੀ ਹੈ? ਕੀ ਸਾਰਾ ਦਿਨ ਨਰੰਗੀ ਦੀਆਂ ਫਾਂਕਾਂ ਚੂਸਣ ਨਾਲ ਇਹੋ ਜਿਹਾ ਜੋਸ਼ ਆ ਸਕਦਾ ਹੈ?

ਹਾਲਾਂਕਿ ਮੈਂ ਸਕੂਲ ਤੋਂ ਥੋੜ੍ਹਾ ਥੱਕਿਆ ਹੋਇਆ ਜ਼ਰੂਰ ਮੁੜਿਆ ਹਾਂ, ਪਰ ਸਵੈ-ਭਰੋਸੇ, ਉਤਸ਼ਾਹ ਤੇ ਜੋਸ਼ ਮੇਰੇ ਵਿੱਚ ਵੀ ਦਾਦੀ ਤੋਂ ਘੱਟ ਨਹੀਂ ਹੈ! ਸਾਡੇ ਘਰ ਦੇ ਸਾਹਮਣਲੇ ਪਾਰਕ ਦੇ ਨੇੜੇ ਵਾਲੀ ਡੀ.ਪੀ. ਕੋਲ, ਕੁੱਤਾ ਲਾਲੀ ਅਤੇ ਉਸਦੀ ਗਰਲਫ੍ਰੈਂਡ ਕਾਲੀ ਰਹਿੰਦੇ ਨੇ! ਉਨ੍ਹਾਂ ਨੂੰ ਪਤਾ ਨਹੀਂ ਕਿਵੇਂ ਭਿਣਕ ਲੱਗ ਗਈ, ਉਹ ਵੀ ਸਾਡੇ ਪਿੱਛੇ ਪਿੱਛੇ ਮੈਚ ਵੇਖਣ ਚੱਲ ਪਏ! ਅਸੀਂ ਗਲੀ ਦੇ ਮੋੜ 'ਤੇ ਪਹੁੰਚੇ ਤਾਂ ਓਥੇ ਮੇਰੀ ਸਕੂਲ ਯੂਨੀਫ਼ਾਰਮ ਤੇ ਪਾਪਾ ਦੀ ਵਰਦੀ ਪ੍ਰੈੱਸ ਕਰਨ ਵਾਲੀ ਆਂਟੀ ਦੀ ਸੱਸ ਬੈਠੀ ਮਿਲ ਗਈ! ਦਾਦੀ ਨੇ ਉਸ ਨੂੰ 'ਰਾਮ ਰਾਮ' ਕੀਤੀ ਤੇ ਕਿਹਾ ਕਿ ਇੱਥੇ ਬੈਠੀ ਬੈਠੀ ਕੀ ਕਰ ਰਹੀ ਹੈਂ, ਚੱਲ ਮੋਤੀ ਬਾਬਾ ਮੰਦਰ ਤੱਕ ਹੱਥ ਪੈਰ ਹਲਕੇ ਕਰ ਆਉਂਦੇ ਹਾਂ, ਤਾਂ ਉਹ ਵੀ ਨਾਲ ਤੁਰ ਪਈ!

ਅਸੀਂ ਹੋਰ ਅੱਗੇ ਵਧੇ ਤਾਂ ਸਾਂਚੀ ਪੋਇੰਟ ਕੋਲ ਸੜਕ 'ਤੇ ਝਾੜੂ ਲਾਉਣ ਵਾਲੀਆਂ ਦੋ ਮਾਮੀਆਂ ਮਿਲ ਗਈਆਂ! ਜਿਨ੍ਹਾਂ ਨੂੰ ਮੈਂ ਬਚਪਨ ਤੋਂ ਹੀ ਮਾਮੀ ਕਹਿੰਦਾ ਆਇਆ ਹਾਂ! ਜਿਨ੍ਹਾਂ ਨੂੰ ਮੰਮੀ ਦੇ ਕਹਿਣ 'ਤੇ ਅਕਸਰ ਚਾਹ ਪੀਣ ਲਈ ਬੁਲਾਉਂਦਾ ਹਾਂ! ਜਦੋਂ ਕਦੇ ਮੰਮੀ ਖੀਰ-ਪੂਰੀ ਜਾਂ ਦਾਲ-ਬਾਟੀ ਬਣਾਉਂਦੀ ਤਾਂ ਉਨ੍ਹਾਂ ਨੂੰ ਖਾਣਾ ਖਾਣ ਲਈ ਵੀ ਬੁਲਾਉਂਦਾ ਹਾਂ! ਜਦੋਂ ਕਦੇ ਮੇਰੀ ਤਬੀਅਤ ਖ਼ਰਾਬ ਹੋ ਜਾਂਦੀ ਤਾਂ ਮੰਮੀ ਦੇ ਕਹਿਣ 'ਤੇ ਮਾਮੀਆਂ ਮੇਰੀ ਨਜ਼ਰ ਵੀ ਉਤਾਰਦੀਆਂ!

ਦਾਦੀ ਨੇ ਉਨ੍ਹਾਂ ਮਾਮੀਆਂ ਨੂੰ ਵੀ ਕਿਹਾ, 'ਹੋਰ ਕਿੰਨੀ ਸਫ਼ਾਈ ਕਰੋਗੀਆਂ? ਕਈ ਵਾਰ ਤਾਂ ਸਾਫ਼ ਸ਼ਹਿਰ ਦਾ ਤਮਗਾ ਦੁਆ ਚੁੱਕੀਆਂ ਹੋ, ਤੇ ਤੁਹਾਨੂੰ ਕੀ ਮਿਲਿਆ? ਇਹ ਹਾਥੀ ਦੀ ਪੂਛ ਤੋਂ ਲੰਮਾ ਝਾੜੂ ਪਰ੍ਹਾਂ ਸੁੱਟੋ... ਤੇ ਮੇਰੇ ਨਾਲ ਚੱਲੋ! ਮੋਤੀ ਬਾਬਾ ਮੰਦਰ 'ਚ ਮੈਚ ਦੇਖਿਓ! ਮੈਚ ਤੋਂ ਬਾਅਦ ਮੈਂ ਮੋਤੀ ਬਾਬਾ ਨੂੰ ਨਾਰੀਅਲ ਚੜ੍ਹਾਵਾਂਗੀ ਤੇ ਫਿਰ ਨਾਰੀਅਲ ਦੀ ਗਿਰੀ, ਚਨਾ-ਚਿਰੌਂਜੀ ਦਾ ਪ੍ਰਸਾਦ ਵੀ ਵੰਡਾਂਗੀ!'

ਦੋਵੇਂ ਮਾਮੀਆਂ ਇੱਧਰ-ਓਧਰ ਨਜ਼ਰ ਘੁਮਾਅ ਕੇ ਦੇਖਿਆ ਕਿ ਉਨ੍ਹਾਂ ਤੋਂ ਕੰਮ ਲੈਣ ਵਾਲਾ ਦਰੋਗਾ ਆਸ-ਪਾਸ ਤਾਂ ਨਹੀਂ ਹੈ! ਦਰੋਗਾ ਨਾ ਦਿਖਣ 'ਤੇ

ਮਾਮੀਆਂ ਨੇ ਚੈਨ ਦਾ ਸਾਹ ਲਿਆ ਤੇ ਇੱਕ ਦੂਜੀ ਦੀਆਂ ਅੱਖਾਂ 'ਚ ਅੱਖਾਂ ਪਾ ਇਸ਼ਾਰਿਆਂ ਇਸ਼ਾਰਿਆਂ ਵਿੱਚ ਕਿਹਾ, 'ਚਲੋ, ਉਹ ਚਿਲਮ ਫੂਕਣ ਗਿਆ ਹੋਵੇਗਾ, ਉਸਦੇ ਆਉਣ ਤੋਂ ਪਹਿਲਾਂ ਵਾਪਸ ਆ ਜਾਵਾਂਗੀਆਂ!'
ਫਿਰ ਦੋਵੇਂ ਮਾਮੀਆਂ ਆਪਣੇ ਲੰਮੇ ਲੰਮੇ ਝਾੜੂ ਸਾਂਚੀ ਪੌਇੰਟ ਦੀ ਗੁਮਟੀ ਪਿੱਛੇ ਟਿਕਾਅ ਦਿੱਤੇ ਤੇ ਉਹ ਵੀ ਸਾਡੇ ਨਾਲ ਤੁਰ ਪਈਆਂ!
ਮੰਦਰ ਦੇ ਮੈਦਾਨ ਵਿੱਚ ਪਹਿਲਾਂ ਹੀ ਕੁਝ ਬੱਚੇ ਤੇ ਬਜ਼ੁਰਗ ਮੌਜੂਦ ਸਨ। ਜਦੋਂ ਉਨ੍ਹਾਂ ਸੁਣਿਆ ਕਿ ਨਰੰਗੀ ਦਾਦੀ ਤੇ ਪੋਤੇ ਵਿਚਕਾਰ ਬੈਡਮਿੰਟਨ ਮੈਚ ਹੋਣ ਵਾਲਾ ਹੈ ਤਾਂ ਉਹ ਵੀ ਦਰਸ਼ਕ ਬਣ ਕੇ ਖੜ੍ਹੇ ਹੋ ਗਏ! ਓਥੇ ਕਿਤੇ ਚਰ ਰਹੀ ਗਾਂ ਵੀ ਆਪਣੇ ਵੱਛੇ ਨਾਲ ਆ ਗਈ! ਬਿਲ-ਪੱਥਰ ਦੇ ਦਰੱਖ਼ਤ 'ਤੇ ਮੋਰ-ਮੋਰਨੀ ਪਹਿਲਾਂ ਹੀ ਬੈਠੇ ਸਨ! ਇਮਲੀ ਦੇ ਦਰੱਖ਼ਤ 'ਤੇ ਬਾਂਦਰ-ਬਾਂਦਰੀ ਦੀ ਜੋੜੀ ਬੈਠੀ ਸੀ! ਬਚਪਨ 'ਚ ਮੇਰਾ ਪਿਲੀਆ ਝਾੜਨ ਵਾਲਾ (ਪੀਲੀਆ ਲਾਹੁਣ ਦਾ ਝਾੜਾ ਕਰਨ ਵਾਲਾ) ਪੁਜਾਰੀ ਵੀ ਆ ਗਿਆ! ਪਿੱਪਲ ਦੇ ਆਲੇ-ਦੁਆਲੇ ਘੁੰਮ ਕੇ ਧਾਗਾ ਬੰਨ੍ਹਣ ਤੇ ਦੀਵਾ ਜਗਾਉਣ ਵਾਲੀਆਂ ਆਂਟੀਆਂ ਵੀ ਆ ਗਈਆਂ! ਬਰਗਦ ਹੇਠ ਸ਼ਿਵਲਿੰਗ ਉੱਤੇ ਜਲ ਚੜ੍ਹਾਅ ਕੇ ਚੰਗੇ ਵਰ ਦੀ ਕਾਮਨਾ ਕਰਨ ਵਾਲੀਆਂ ਦੀਦੀਆਂ ਵੀ ਆ ਗਈਆਂ!
ਮੋਤੀ ਬਾਬਾ ਮੰਦਰ ਦੇ ਮੈਦਾਨ 'ਚ ਨੈੱਟ-ਪੋਲ, ਬਾਊਂਡਰੀ ਵਰਗੀ ਕੋਈ ਸਹੂਲਤ ਤਾਂ ਸੀ ਨਹੀਂ! ਉੱਥੇ ਮੌਜੂਦ ਦਰਸ਼ਕਾਂ ਤੇ ਸਾਡੀ ਖਿਡਾਰੀਆਂ ਦੀ ਸਹਿਮਤੀ ਨਾਲ ਛਾਂ-ਮਾਣ ਦੀ ਨੈੱਟ ਬਾਊਂਡਰੀ ਮੰਨ ਲਈ ਗਈ! ਸਰਬਸੰਮਤੀ ਨਾਲ ਮੰਮੀ ਨੂੰ ਅੰਪਾਇਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ! ਫੇਰ ਮੈਂ ਤੇ ਦਾਦੀ ਆਹਮੋ-ਸਾਹਮਣੇ ਖੇਡਣ ਲਈ ਤਿਆਰ ਹੋ ਗਏ!
ਉੱਥੇ ਮੌਜੂਦ ਦਰਸ਼ਕਾਂ ਵਿੱਚੋਂ ਕਿਸੇ ਨੂੰ ਦਾਦੀ ਦਾ ਪਿੰਡ ਵਾਲਾ ਅਸਲ ਨਾਂ 'ਸ਼ੋਰਮ' ਨਹੀਂ ਪਤਾ ਸੀ! ਕੁਝ ਦਾਦੀ ਨੂੰ 'ਚੀਕੇ ਦੀ ਦਾਦੀ' ਨਾਂ ਨਾਲ ਜਾਣਦੇ ਸਨ! ਕੁਝ ਬਜ਼ੁਰਗ ਦਰਸ਼ਕ ਦਾਦੀ ਦੇ ਨਰੰਗੀ-ਪ੍ਰੇਮ ਤੋਂ ਵਾਕਫ਼ ਸਨ! ਉਹ ਮੋਤੀ ਬਾਬਾ ਮੰਦਰ 'ਚ ਘੁੰਮਣ ਆਉਂਦੇ ਤੇ ਰਸਤੇ ਵਿੱਚ ਨਰੰਗੀ ਦਾ ਰੇੜ੍ਹਾ ਮਿਲ ਜਾਂਦਾ ਤਾਂ ਉਨ੍ਹਾਂ ਨੂੰ ਦਾਦੀ ਦੇ ਨਰੰਗੀ-ਪ੍ਰੇਮ ਦੀ ਯਾਦ ਆ ਜਾਂਦੀ! ਕਦੇ-ਕਦੇ ਕੋਈ ਬਜ਼ੁਰਗ ਪਲਾਸਟਕ ਦੀ ਥੈਲੀ ਭਰ ਕੇ ਨਰੰਗੀਆਂ ਲੈ ਆਉਂਦਾ! ਫਿਰ ਬੇਲ-ਪੱਥਰ ਦੇ ਦਰੱਖ਼ਤ ਹੇਠਾਂ ਸੀਮੰਟ ਦੀਆਂ ਬੈਂਚਾਂ 'ਤੇ ਬੈਠ ਕੁਝ ਬਜ਼ੁਰਗ ਮਰਦ ਤੇ ਕੁਝ ਬਜ਼ੁਰਗ ਜ਼ਨਾਨੀਆਂ ਨਰੰਗੀਆਂ ਛਿੱਲ-ਛਿੱਲ ਖਾਂਦੇ ਰਹਿੰਦੇ! ਉਹ ਜਾਣਦੇ ਸਨ ਕਿ ਚੀਕੇ ਦੀ ਦਾਦੀ ਦਾ ਇੱਕ ਨਾਂ 'ਨਰੰਗੀ ਦਾਦੀ' ਵੀ ਹੈ! ਮੈਚ ਦੌਰਾਨ ਕੁਝ 'ਚੀਕੇ ਦੀ ਦਾਦੀ' ਤੇ ਕੁਝ 'ਨਰੰਗੀ ਦਾਦੀ' ਕਹਿ ਕੇ ਦਾਦੀ ਦਾ ਹੌਸਲਾ ਵਧਾਉਣ ਲੱਗ ਪਏ!
ਮੈਂ ਤਾਂ ਪੂਰੀ ਗਲੀ ਤੇ ਸਕੂਲ 'ਚ ਮਸ਼ਹੂਰ ਹਾਂ! ਮੇਰੇ ਵੱਲ ਲਾਲੀ-ਕਾਲੀ, ਗਾਂ-ਵੱਛਾ, ਰਿੱਧੀ, ਸੀਆ, ਮੈਦਾਨ ਵਿੱਚ ਖੇਡਣ ਵਾਲੇ ਤਿੰਨ-ਚਾਰ ਬੱਚੇ, ਪਿਲੀਆ ਝਾੜਨ ਵਾਲਾ ਪੁਜਾਰੀ, ਸ਼ਿਵਲਿੰਗ 'ਤੇ ਜਲ ਚੜ੍ਹਾਉਣ ਵਾਲੀਆਂ ਦੀਦੀਆਂ, ਪਿੱਪਲ 'ਤੇ ਧਾਗਾ ਬੰਨ੍ਹਣ ਤੇ ਦੀਵਾ ਜਗਾਉਣ ਵਾਲੀਆਂ ਦੋ ਆਂਟੀਆਂ ਤੇ ਝਾੜੂ ਵਾਲੀਆਂ ਦੋ ਮਾਮੀਆਂ ਖੜ੍ਹੀਆਂ ਹੋ ਕੇ ਮੇਰਾ ਹੌਸਲਾ ਵਧਾਉਣ ਲੱਗ ਪਈਆਂ!
ਮੈਚ ਦਾ ਮਹੌਲ ਬਹੁਤ ਜ਼ੋਰਦਾਰ ਬਣ ਗਿਆ! ਦਾਦੀ ਨੇ ਸਰਵਿਸ ਦੀ ਜ਼ਿੰਮੇਵਾਰੀ ਲਈ। ਉਹ ਛਾਂ-ਮਾਣ ਵਾਲੇ ਕੋਰਟ ਦੇ ਇੱਕ ਕੋਨੇ ਵਿੱਚ ਗਈ ਤੇ ਓਥੋਂ ਤਿਰਛਾ ਤੇ ਬਹੁਤ ਤੇਜ਼ ਸਮੈਸ਼ ਸ਼ਾੱਟ ਖੇਡਿਆ! ਮੈਨੂੰ ਦਾਦੀ ਤੋਂ ਅਜਿਹੇ ਭਿਆਨਕ ਸ਼ਾੱਟ ਦੀ ਉਮੀਦ ਨਹੀਂ ਸੀ! ਮੈਨੂੰ ਲੱਗਾ ਕਿ ਸਾਹਮਣੇ ਬੁੱਢੀ ਦਾਦੀ ਨਹੀਂ, ਸਗੋਂ ਬਿਲਕੁਲ ਨਵੀਂ ਖਿਡਾਰਨ ਅਨਾਹਤ ਸਿੰਘ ਹੈ! ਮੈਂ ਸਮਝ ਗਿਆ ਕਿ ਉਹ ਚੈੱਸ ਬੋਰਡ ਜਿੱਤਣਾ ਓਨਾ ਸੌਖਾ ਨਹੀਂ ਹੋਵੇਗਾ ਜਿੰਨਾ ਮੈਂ ਸੋਚਿਆ ਸੀ! ਮੈਂ ਚੀਤੇ ਦੀ ਰਫ਼ਤਾਰ ਨਾਲ ਦੌੜਿਆ ਤੇ ਡਿਫ਼ੈਂਸ ਕਰਦਿਆਂ ਨੈੱਟ ਡਰਾਪ ਸ਼ਾੱਟ ਖੇਡਿਆ! ਲੱਗਾ ਸੀ ਕਿ ਸੈਂਟਰ ਲਾਈਨ ਕੋਲ ਖੜ੍ਹੀ ਦਾਦੀ ਡਿਫ਼ੈਂਸ ਨਹੀਂ ਕਰ ਸਕੇਗੀ ਤੇ ਮੇਰੇ ਖਾਤੇ 'ਚ ਪੌਇੰਟ ਆ ਜਾਵੇਗਾ! ਪਰ ਸ਼ਾਟ ਥੋੜ੍ਹਾ ਉੱਚਾ ਚਲਾ ਗਿਆ! ਮੈਂ ਝੱਟ ਭਾਂਪ ਲਿਆ ਕਿ ਦਾਦੀ ਨੈੱਟ ਕਿਲ ਕਰ ਸਕਦੀ ਹੈ। ਮੈਂ ਨੈੱਟ ਵੱਲ ਦੌੜਿਆ, ਪਰ ਦਾਦੀ ਨੇ ਨੈੱਟ ਫ਼ਲਿਕ ਸ਼ਾੱਟ ਖੇਡਿਆ ਤੇ ਸ਼ਟਲ ਮੇਰੇ ਪਿੱਛੇ ਕੋਰਟ 'ਚ ਜਾ ਡਿੱਗੀ! ਦਾਦੀ ਨੇ ਪਹਿਲਾ ਪੌਇੰਟ ਹਾਸਲ ਕਰ ਲਿਆ! ਕੁਝ ਦਰਸ਼ਕ 'ਚੀਕੇ ਦੀ ਦਾਦੀ...', ਕੁਝ 'ਨਰੰਗੀ ਦਾਦੀ' ਕਹਿ ਕੇ ਦਾਦੀ ਦਾ ਹੌਂਸਲਾ ਵਧਾਉਣ ਲੱਗ ਪਏ!
ਫਿਰ ਅਗਲੀ ਸਰਵਿਸ ਵੀ ਦਾਦੀ ਨੇ ਕੀਤੀ ਤੇ ਸਿੱਧਾ ਤੇਜ਼ ਡਰਾਈਵ ਸ਼ਾੱਟ ਖੇਡਿਆ! ਮੈਂ ਚਤੁਰਾਈ ਨਾਲ ਬਲਾਕ ਸ਼ਾੱਟ ਖੇਡ ਸ਼ਟਲ ਨੂੰ ਨੈੱਟ ਦੇ ਕੋਲ ਹੀ ਡਰਾਪ ਕਰ ਦਿੱਤਾ। ਮੇਰੀ ਝੋਲੀ ਵਿੱਚ ਵੀ ਪੌਇੰਟ ਆ ਡਿੱਗਾ! ਮੇਰੇ ਸਮਰਥਕ ਦਰਸ਼ਕ 'ਵੈਲ ਸ਼ਾਟ ਚੀਕੇ', 'ਵੈਲ ਸ਼ਾੱਟ ਚੀਕੇ' ਕਹਿ ਕੇ ਮੇਰਾ ਹੌਂਸਲਾ ਵਧਾਉਣ ਲੱਗ ਪਏ! ਮੈਂ ਪ੍ਰਸੰਸਕਾਂ ਤੋਂ 'ਵੈਲ ਸ਼ਾਟ ਚੀਕਾ' ਸੁਣਿਆ ਤਾਂ ਮੈਨੂੰ ਆਪਾ ਦੀ ਯਾਦ ਆ ਗਈ! ਆਪਾ ਮੁੰਬਈ 'ਚ ਆਪਣੇ ਨਾਟਕ ਦੀ ਰਿਹਰਸਲ 'ਚ ਬਿਜ਼ੀ ਨਾ ਹੁੰਦੀ ਤਾਂ ਉਹ ਵੀ ਮੇਰਾ ਹੌਂਸਲਾ ਵਧਾਉਂਦੀ ਕਹਿੰਦੀ, 'ਸ਼ਾਬਾਸ਼ ਚਿੰਟੇ!'

ਮੰਮੀ ਹੈ, ਪਰ ਉਹ ਅੰਪਾਇਰ ਬਣੀ ਹੋਈ ਹੈ! ਮੈਨੂੰ ਸਮਝ ਨਹੀਂ ਆ ਰਹੀ ਕਿ ਉਹ ਆਪਣੀ ਸੱਸ, ਯਾਨੀ ਨਰੰਗੀ ਦਾਦੀ ਵੱਲ ਹੈ ਜਾਂ ਮੇਰੇ ਵੱਲ! ਮੰਮੀ ਨਾਲੋਂ ਤਾਂ ਜ਼ਿਆਦਾ ਮਾਮੀਆਂ, ਦੀਦੀਆਂ, ਆਂਟੀਆਂ, ਲਾਲੀ-ਕਾਲੀ ਤੇ ਗਾਂ-ਵੱਛਾ ਮੇਰਾ ਹੌਸਲਾ ਵਧਾਅ ਰਹੇ ਹਨ!
ਮੈਨੂੰ ਪਾਪਾ ਦੀ ਕਮੀ ਰੜਕ ਰਹੀ ਹੈ! ਜਦੋਂ ਕਦੇ ਮੈਂ ਪਾਪਾ ਦੇ ਦੋਸਤ ਵਿੱਕੀ ਅੰਕਲ, ਅਨਿਲ ਅੰਕਲ ਤੇ ਗੋਲੂ-ਮੋਲੂ ਅੰਕਲ ਨਾਲ ਸ਼ਤਰੰਜ ਖੇਡਦਾ ਅਤੇ ਪਾਪਾ ਨਾਲ ਬੈਠੇ ਹੁੰਦੇ ਤਾਂ ਮੇਰੀ ਹਿੰਮਤ ਦਸ ਗੁਣਾ ਵਧ ਜਾਂਦੀ! ਅੱਜ ਵੀ ਪਾਪਾ ਹੁੰਦੇ ਤਾਂ ਕਿੰਨਾ ਚੰਗਾ ਹੁੰਦਾ! ਜੇ ਪਾਪਾ ਆਪਣੀ ਮੰਮੀ ਦੇ ਸ਼ਾੱਟ ਦੇਖ ਕੇ ਨਿਹਾਲ ਹੁੰਦੇ ਤਾਂ ਮੇਰੇ ਸ਼ਾਟ ਦੇਖ ਕੇ ਵੀ ਬਾਗੋ-ਬਾਗ ਹੁੰਦੇ! ਪਰ ਪਾਪਾ ਦੇ ਨਸੀਬ ਹੀ ਖੋਟੇ ਨੇ ਜੋ ਆਪਣੀ ਮੰਮੀ ਤੇ ਪੁੱਤਰ ਦਾ ਮੈਚ ਦੇਖ ਨਹੀਂ ਸਕਦੇ ਪਏ!
ਮੈਨੂੰ ਪਾਪਾ ਯਾਦ ਆ ਰਹੇ ਹਨ! ਅੱਜ ਪਤਾ ਨਹੀਂ ਕਿੱਥੇ ਡਿਊਟੀ ਗਏ ਹੋਣਗੇ! ਇੱਕ ਐਤਵਾਰ ਪਾਪਾ ਮੈਨੂੰ ਵੀ ਟੰਟਿਆ ਮਾਮਾ ਚੌਂਕ 'ਤੇ ਵਿਦਿਆਰਥੀਆਂ ਦਾ ਪ੍ਰੋਟੈਸਟ ਵਿਖਾਉਣ ਲੈ ਗਏ ਸਨ! ਓਥੇ ਪਾਪਾ ਨੇ ਦੱਸਿਆ ਸੀ ਕਿ ਦਿੱਲੀ ਵਿੱਚ

ਨਰੰਗੀ ਦਾਦੀ

ਜੰਤਰ-ਮੰਤਰ ਧਰਨੇ ਵਾਲੀ ਥਾਂ ਵਿਦਿਆਰਥੀਆਂ ਦਾ ਜੋ ਪ੍ਰੋਟੈਸਟ ਚੱਲ ਰਿਹਾ ਹੈ, ਉਸੇ ਦਾ ਸਾਥ ਦੇਣ ਲਈ ਕੁਝ ਦਿਨਾਂ ਤੋਂ ਇੱਥੇ ਵੀ ਪ੍ਰੋਟੈਸਟ ਚੱਲ ਰਿਹਾ ਹੈ! ਵਿਦਿਆਰਥੀ ਨੀਟ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰ ਅਤੇ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਨੇ! ਉਦੋਂ ਤੋਂ ਮੈਂ ਵੀ ਪ੍ਰੋਟੈਸਟ ਦੀ ਖ਼ਬਰ ਵੱਲ ਧਿਆਨ ਦੇਣ ਲੱਗ ਪਿਆ ਸੀ!

—ਪਾਪਾ, ਸਿੱਖਿਆ ਮੰਤਰੀ ਨੇ ਅਸਤੀਫ਼ਾ ਦਿੱਤਾ ਕਿ ਨਹੀਂ? ਪ੍ਰੋਟੈਸਟ ਖ਼ਤਮ ਹੋਇਆ ਕਿ ਨਹੀਂ? ਮੈਂ ਪਰਸੋਂ ਹੀ ਪਾਪਾ ਤੋਂ ਪੁੱਛਿਆ ਸੀ।

—ਪ੍ਰੋਟੈਸਟ ਖ਼ਤਮ ਹੋ ਗਿਆ ਹੈ! ਮੰਤਰੀ ਨੇ ਅਸਤੀਫ਼ਾ ਵੀ ਦੇ ਦਿੱਤਾ ਹੈ! ਪਾਪਾ ਨੇ ਦੱਸਿਆ ਤੇ ਫਿਰ ਹੌਲੀ ਜਿਹੀ ਅਵਾਜ਼ ਵਿੱਚ ਅੱਗੇ ਕਿਹਾ, 'ਹੁਣ ਨਾਗ ਨਾਥ ਦੀ ਥਾਂ ਸਾਂਪ ਨਾਥ ਨੂੰ ਬਿਠਾਅ ਦਿੱਤਾ ਹੈ!'

ਅੱਜ ਪਾਪਾ ਹੁੰਦੇ ਤਾਂ ਹੋਰ ਵੀ ਮਜ਼ਾ ਆਉਂਦਾ! ਉਹ ਵੀ ਦੇਖਦੇ ਕਿ ਦਾਦੀ ਕਿਵੇਂ ਜੀਅ-ਜਾਨ ਨਾਲ ਮੈਚ ਖੇਡ ਰਹੀ ਹੈ! ਉਨ੍ਹਾਂ ਦੇ ਚਿਹਰੇ, ਗਲੇ ਤੇ ਹੱਥਾਂ ਦੀਆਂ ਝੁਰੜੀਆਂ ਵਿੱਚੋਂ ਜਿਵੇਂ ਟਿੰਚਾ ਫ਼ਾਲ, ਪਤਾਲ ਪਾਣੀ ਤੇ ਚਿੜੀਆ ਭੜਕ ਦੇ ਝਰਨੇ ਵਹਿ ਰਹੇ ਹਨ! ਪਹਿਲਾ ਰਾਊਂਡ ਦਾਦੀ ਨੇ ਜਿੱਤਿਆ! ਤੇ ਦੂਜਾ ਮੈਂ ਜਿੱਤਿਆ! ਮੈਚ ਦੇ ਤੀਜੇ ਰਾਊਂਡ ਵਿੱਚ ਪੰਦਰਾਂ ਮਿੰਟਾਂ ਬਾਅਦ ਸਕੋਰ ਪੰਜ-ਪੰਜ ਪੌਇੰਟ ਉੱਤੇ ਚੱਲ ਰਿਹਾ ਹੈ! ਮੈਚ ਨੂੰ ਜਿੰਨੇ ਗ਼ੌਰ ਨਾਲ ਦੀਦੀਆਂ, ਪੁਜਾਰੀ, ਬਜ਼ੁਰਗ, ਬਜ਼ੁਰਗ ਔਰਤਾਂ, ਬੱਚੇ, ਆਂਟੀਆਂ ਤੇ ਮਾਮੀਆਂ ਦੇਖ ਰਹੀਆਂ ਹਨ, ਓਨੇ ਹੀ ਗ਼ੌਰ ਨਾਲ ਲਾਲੀ-ਕਾਲੀ, ਗਾਂ-ਵੱਛਾ, ਮੋਰ-ਮੋਰਨੀ ਅਤੇ ਬਾਂਦਰ-ਬਾਂਦਰੀ ਵੀ ਦੇਖ ਰਹੇ ਹਨ! ਨਾ ਦਾਦੀ ਥੱਕ ਰਹੀ ਹੈ, ਨਾ ਮੈਂ ਪਿੱਛੇ ਹਟ ਰਿਹਾ ਹਾਂ! ਨਾ ਦਾਦੀ ਦੇ ਪ੍ਰਸੰਸਕਾਂ ਦਾ ਜੋਸ਼ ਘਟ ਰਿਹਾ ਹੈ! ਨਾ ਮੇਰੇ ਫ਼ੈਨਜ਼ ਦਾ ਉਤਸ਼ਾਹ ਮੱਠਾ ਪੈ ਰਿਹਾ ਹੈ!

ਸਾਰੇ ਦਰਸ਼ਕਾਂ ਦੇ ਚਿਹਰਿਆਂ 'ਤੇ ਇੱਕੋ ਸਵਾਲ ਹੈ, 'ਤੀਜਾ ਰਾਊਂਡ ਕੌਣ ਜਿੱਤੇਗਾ?' ਮੈਚ ਦਾ ਤੀਜਾ ਰਾਊਂਡ ਜੋ ਜਿੱਤੇਗਾ, ਉਹੀ ਮੈਚ ਦਾ ਜੇਤੂ ਹੋਵੇਗਾ! ਤੀਜੇ ਰਾਊਂਡ 'ਚ ਵੀ ਦਾਦੀ ਦਾ ਜੋਸ਼, ਦਮ ਤੇ ਉਤਸ਼ਾਹ ਮੱਠਾ ਨਹੀਂ ਪੈ ਰਿਹਾ! ਦਾਦੀ ਦੇ ਸ਼ਾੱਟ ਅਜੇ ਵੀ ਹਮਲਾ-ਕਰੂ ਤੇ ਸਧੇ ਹੋਏ ਹਨ! ਮੈਨੂੰ ਦਾਦੀ ਨਾਲ ਮਨ ਹੀ ਮਨ ਈਰਖਾ ਵੀ ਹੋ ਰਹੀ ਹੈ ਕਿ ਅਜੇ ਤਾਂ ਨਾਗਪੁਰੀ ਨਰੰਗੀ ਦਾ ਸੀਜ਼ਨ ਵੀ ਨਹੀਂ ਹੈ, ਹੁਣ ਜੋ ਨਰੰਗੀ ਖਾਂਦੀ ਹੈ, ਉਹ ਤਾਂ ਮੰਮੀ ਪਤਾ ਨਹੀਂ ਕਿੱਥੋਂ-ਕਿੱਥੋਂ ਪੁਰਾਣੀ ਜਿਹੀ ਲਿਆਉਂਦੀ ਹੈ! ਕੀ ਬੇਹੀ ਨਰੰਗੀ ਖਾਣ ਨਾਲ ਵੀ ਅਜਿਹਾ ਜੋਸ਼ ਆਉਂਦਾ ਹੈ?

ਮੈਚ ਦੌਰਾਨ ਮੇਰੇ ਮਨ 'ਚ ਅਜਿਹੀਆਂ ਗੱਲਾਂ ਵੀ ਆ-ਜਾ ਰਹੀਆਂ ਸਨ! ਅਸਲ ਵਿੱਚ ਮੈਂ ਸੋਚਿਆ ਨਹੀਂ ਸੀ ਕਿ ਮੈਨੂੰ ਦਾਦੀ ਤੋਂ ਮੈਚ ਜਿੱਤਣ ਲਈ ਏਨਾ ਔਖਾ ਹੋਣਾ ਪਏਗਾ! ਲੱਗਦਾ ਹੈ ਕਿ ਚੰਗੇ ਚੈੱਸ ਬੋਰਡ ਦਾ ਸੁਫ਼ਨਾ, ਸੁਫ਼ਨਾ ਹੀ ਰਹਿਣਾ ਹੈ! ਉਦੋਂ ਹੀ ਦਾਦੀ ਦੇ ਕਾਊਂਟਰ ਡਰਾਈਵ ਸ਼ਾੱਟ ਦੇ ਜਵਾਬ 'ਚ ਮੈਂ ਪੂਰੀ ਜਾਨ ਲਾ ਕੇ ਨੈੱਟ ਡਰਾਪ ਸ਼ਾੱਟ ਖੇਡਿਆ! ਦਾਦੀ ਡਿਫ਼ੈਂਸ ਵਿੱਚ ਦੌੜੀ, ਰੈਕਟ ਨੂੰ ਝਾੜੂ ਵਾਂਗ ਘੁਮਾਇਆ! ਪਰ ਕੋਈ ਫ਼ਾਇਦਾ ਨਾ ਹੋਇਆ! ਦਾਦੀ ਦੇ ਪੈਰ ਵਿੱਚ ਮੋਚ ਆ ਗਈ! ਦਾਦੀ ਨੇ ਆਪਣੇ ਆਪ ਨੂੰ ਡਿੱਗਣ ਤੋਂ ਬਚਾਅ ਲਿਆ! ਪਰ ਸ਼ਟਲ ਨੂੰ ਕੋਰਟ 'ਚ ਡਿੱਗਣ ਤੋਂ ਨਾ ਰੋਕ ਸਕੀ! ਦਾਦੀ ਮੈਚ ਹਾਰ ਗਈ! ਮੇਰੇ ਪ੍ਰਸੰਸਕ ਮੇਰੀ ਪਿੱਠ ਥਾਪੜ ਰਹੇ ਸਨ!

ਓਧਰ ਦਾਦੀ ਦੇ ਪ੍ਰਸੰਸਕ ਵੀ ਖ਼ੁਸ਼ ਹੋ ਰਹੇ ਸਨ ਜਿਵੇਂ ਦਾਦੀ ਨੇ ਮੈਚ ਜਿੱਤ ਲਿਆ ਹੋਵੇ! ਦਾਦੀ ਦੀਆਂ ਝੁਰੜੀਆਂ ਦੀ ਲਿਸ਼ਕ 'ਚ ਕਿਤੇ ਹਾਰ ਦਾ ਗ਼ਮ ਨਜ਼ਰ ਨਹੀਂ ਆ ਰਿਹਾ! ਸਾਰੇ ਖ਼ੁਸ਼ੀ ਮਨਾਉਣ 'ਚ ਰੁੱਝੇ ਹੋਏ ਸਨ ਕਿ ਮੰਮੀ ਗਈ ਤੇ ਮੰਦਰ ਦੇ ਗੇਟ ਕੋਲ ਖੜ੍ਹੇ ਰੇੜ੍ਹੇ ਵਾਲੇ ਤੋਂ ਪਲਾਸਟਕ ਦੀ ਟੋਕਰੀ 'ਚ ਨਾਰੀਅਲ, ਚਨਾ-ਰਿਓੜੀ ਤੇ ਧੂਫ਼ ਲੈ ਆਈ! ਦਾਦੀ ਨੇ ਉਹ ਟੋਕਰੀ ਪੀਲੀਆ ਝਾੜਨ ਵਾਲੇ ਪੁਜਾਰੀ ਨੂੰ ਦਿੱਤੀ। ਪੁਜਾਰੀ ਨੇ ਮੋਤੀ ਬਾਬੇ ਅੱਗੇ ਧੂਫ਼ ਕੀਤੀ ਤੇ ਨਾਰੀਅਲ, ਚਨਾ-ਰਿਓੜੀ ਚੜ੍ਹਾਈ। ਫੇਰ ਦਾਦੀ ਸਾਰਿਆਂ ਨੂੰ ਨਾਰੀਅਲ ਦੀ ਗਿਰੀ ਤੇ ਚਨਾ-ਰਿਓੜੀ ਦਾ ਪ੍ਰਸ਼ਾਦ ਵੰਡਣ ਲੱਗ ਪਈ! ਦਾਦੀ ਏਨੀ ਖ਼ੁਸ਼ ਹੋ ਰਹੀ ਸੀ ਜਿਵੇਂ ਉਹ ਮੈਚ ਜਿੱਤ ਗਈ ਹੋਵੇ! ਮੈਂ ਸੋਚ 'ਚ ਪੈ ਗਿਆ ਕਿ ਦਾਦੀ ਜਾਣ-ਬੁੱਝ ਕੇ ਤਾਂ ਨਹੀਂ ਹਾਰ ਗਈ! ਦਾਦੀ ਦਾ ਮਕਸਦ ਹਾਰ-ਜਿੱਤ ਨਹੀਂ, ਹੱਥ-ਪੈਰ ਹਲਕੇ ਕਰਨਾ ਹੀ ਤਾਂ ਸੀ! ਮਤਲਬ ਕਿ ਦਾਦੀ ਆਪਣੇ ਮਕਸਦ 'ਚ ਕਾਮਯਾਬ ਹੋਈ! ਮੈਂ ਦੇਖ ਰਿਹਾ ਹਾਂ ਕਿ ਦਾਦੀ ਦੇ ਪੈਰ 'ਚ ਕਿਸੇ ਤਰ੍ਹਾਂ ਦੀ ਮੋਚ-ਸ਼ੋਚ ਵੀ ਨਹੀਂ ਹੈ! ਉਹ ਤਾਂ ਫੁਦਕ-ਫੁਦਕ ਕੇ ਪ੍ਰਸ਼ਾਦ ਵੰਡ ਰਹੀ ਹੈ! ਮੇਰੇ ਅੰਦਰ ਚਿੰਤਾ ਦੀ ਆਰੀ ਚੱਲਣ ਲੱਗੀ, 'ਮੈਨੂੰ ਚੈੱਸ ਬੋਰਡ ਮਿਲੇਗਾ ਕਿ ਨਹੀਂ? ਕਿਤੇ ਨਰੰਗੀ ਵਾਂਗ ਦਾਦੀ ਆਪਣੀ ਜ਼ੁਬਾਨ ਤੋਂ ਵੀ ਨਾ ਲੁੜਕ ਜਾਵੇ!'

ਪਾਪਾ ਫੇਰ ਯਾਦ ਆਏ! ਪਾਪਾ ਕਹਿੰਦੇ ਹਨ ਕਿ ਬ੍ਰਹਿਮੰਡ ਵਿੱਚ ਬੱਚੇ ਲਈ ਮੰਮੀ-ਪਾਪਾ ਤੋਂ ਵੱਡੀ ਕੋਈ ਤਾਕਤ ਨਹੀਂ ਹੈ! ਮੈਂ ਦਾਦੀ ਵੱਲ ਦੇਖਦਾ ਮਨ ਹੀ ਮਨ ਪ੍ਰਾਰਥਨਾ ਕਰ ਰਿਹਾ ਹਾਂ, 'ਦਾਦੀ, ਆਪਣੀ ਗੱਲ ਤੋਂ ਨਾ ਮੁੱਕਰੀਂ... ਪਲੀਜ਼, ਨਹੀਂ ਤਾਂ ਮੇਰਾ ਭਰੋਸਾ ਉੱਠ ਜਾਵੇਗਾ!'

ਦਾਦੀ ਪ੍ਰਸ਼ਾਦ ਵੰਡਦੀ ਵੰਡਦੀ ਮੇਰੇ ਕੋਲ ਵੀ ਆਈ! ਦਾਦੀ ਦਾ ਚਿਹਰਾ ਨਰੰਗੀ ਵਾਂਗ ਲਿਸ਼ਕ ਰਿਹਾ ਸੀ! ਉਸ ਦੀਆਂ ਝੁਰੜੀਆਂ 'ਚੋਂ ਖ਼ੁਸ਼ੀ ਚੋਅ ਰਹੀ ਸੀ! ਉਹ ਮੇਰੀ ਉਦਾਸ ਗੱਲ੍ਹ 'ਤੇ ਥਪਕੀ ਦਿੰਦੀ ਕਹਿੰਦੀ, 'ਅੱਜ ਤਾਂ ਮੇਰੇ ਤੋਂ ਚੈੱਸ ਬੋਰਡ ਜਿੱਤ ਲਿਆ, ਅਗਲੀ ਵਾਰ ਨਹੀਂ ਜਿੱਤ ਸਕੇਂਗਾ! ਮੈਂ ਹੋਰ ਜ਼ਿਆਦਾ ਤਿਆਰੀ ਕਰਾਂਗੀ!'

ਮੈਂ ਖ਼ੁਸ਼ੀ ਦੇ ਮਾਰੇ ਇੰਝ ਉੱਛਲ ਪਿਆ, ਜਿਵੇਂ ਨੱਪਣ 'ਤੇ ਨਰੰਗੀ ਦੀ ਫਾਂਕ ਵਿੱਚੋਂ ਰਸ ਉੱਛਲ ਪੈਂਦਾ ਹੈ।

28.07.26

ਜਨਮ — 6 ਫ਼ਰਵਰੀ 1972 ਪ੍ਰਕਾਸ਼ਤ ਕ੍ਰਿਤੀਆਂ: ਗਾਂਵ ਭੀਤਰ ਗਾਂਵ (ਨਾਵਲ) (2015) ਕਹਾਣੀ-ਸੰਗ੍ਰਹਿ: ਭੇਮ ਕਾ ਭੇਰੂ ਮਾਂਗਤਾ ਕੁਲ੍ਹਾੜੀ ਇਮਾਨ (2008); ਲਾਲ ਛੀਂਟ ਵਾਲੀ ਲੂਗੜੀ ਕਾ ਸਪਨਾ (2011); ਕਾਫ਼ਿਰ ਬਿਜੂਕਾ ਉਰਫ਼ ਇਬਲੀਸ (2014); ਤੀਤਰ ਫਾਂਦ (2018)। ਤ੍ਰੈਮਾਸਿਕ ਪੱਤ੍ਰਿਕਾ 'ਬਯਾ' ਦੇ ਕੁਝ ਅੰਕਾਂ ਦਾ ਸੰਪਾਦਨ। ਪੁਸਤਿਕਾ — ਲਾਲ ਸਲਾਮ ਇੱਕ ਅਤੇ ਦੋ ਦਾ ਸੰਪਾਦਨ; ਬਲੌਗ ਸੰਪਾਦਨ — ਬਿਜੂਕਾ। ਵਾਗੀਸ਼ਵਰੀ ਸਨਮਾਨ 2008, ਭੋਪਾਲ (ਮਪ੍ਰ); ਪ੍ਰੇਮਚੰਦ ਸਮ੍ਰਿਤੀ ਕਥਾ ਸਨਮਾਨ 2011 (ਉਪ੍ਰ) ਪਤਾ: M-2/199, ਅਯੋਧਿਆ ਨਗਰੀ (ਨੀਅਰ ਬਾਲ ਪਬਲਿਕ ਸਕੂਲ), ਇੰਦੌਰ, ਐਮਪੀ

9826091605 bizooka2009@gmail.com

ਪਾਣੀਆਂ ਦੇ ਵਹਿਣ

ਜਗਜੀਤ ਸਿੰਘ ਲੋਹਟਬੱਦੀ

ਚਾਰੇ ਪਾਸੇ ਪਾਣੀ ਹੀ ਪਾਣੀ ਸੀ। ਕਦੇ ਅਸਮਾਨੋਂ ਆਫ਼ਤ ਬਣ ਕੇ ਵਰ੍ਹਦਾ, ਕਦੇ ਡੈਮਾਂ ਦੇ ਗੇਟ ਤੋੜਦਾ...ਸ਼ੂਕਦਾ... ਡਰਾਉਂਦਾ... ਤਹਿਲਕਾ ਮਚਾਉਂਦਾ...।

ਰਤਨਗੜ੍ਹ ਨੇੜਲੇ ਧੁੱਸੀ ਬੰਨ੍ਹ ਦੇ ਲਾਗਲੇ ਪਿੰਡਾਂ ਵਿੱਚ ਦਹਿਸ਼ਤ ਦਾ ਮਹੌਲ ਬਣਿਆ ਹੋਇਆ ਸੀ। ਧਰਮ ਅਸਥਾਨਾਂ ਦੇ ਸਪੀਕਰਾਂ ਵਿੱਚੋਂ ਵਾਰ ਵਾਰ ਸੁਚੇਤ ਰਹਿਣ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਸਨ। ਨੇੜਲੇ ਇਲਾਕਿਆਂ ਵਿੱਚ ਨੌਜਵਾਨਾਂ ਠੀਕਰੀ ਪਹਿਰੇ ਲਾਏ ਹੋਏ ਸਨ। ਪਲ ਪਲ ਦੀ ਜਾਣਕਾਰੀ ਲੋਕਾਂ ਨਾਲ ਸਾਂਝੀ ਕੀਤੀ ਜਾ ਰਹੀ ਸੀ। ਜਾਨ ਮਾਲ ਅਤੇ ਫ਼ਸਲਾਂ ਦੀ ਸਲਾਮਤੀ ਲਈ ਅਰਜ਼ੋਈਆਂ ਕੀਤੀਆਂ ਜਾ ਰਹੀਆਂ ਸਨ। ਬੰਨ੍ਹ ਟੁੱਟਣ ਦਾ ਮਤਲਬ ਸੀ- ਦਰਜਨ ਕੁ ਪਿੰਡਾਂ ਦਾ ਹਮੇਸ਼ਾ ਲਈ ਪਾਣੀਆਂ ਵਿਚ ਸਮਾਅ ਜਾਣਾ!

ਅੱਜ ਵੀ ਬੱਦਲਾਂ ਦੀ ਕਾਲ਼ੀ ਘਟਾ ਦੀ ਪੂਰੀ ਚੜ੍ਹ ਮਚੀ ਹੋਈ ਸੀ। ਕੁਝ ਪਲ ਲਈ ਮੀਂਹ ਰੁਕਿਆ ਤਾਂ ਨੰਜਾ ਰੇਹੜੇ 'ਤੇ ਕਈ ਦਿਨਾਂ ਤੋਂ ਭੁੱਖੇ ਬੇਜ਼ੁਬਾਨਾਂ ਲਈ ਖੇਤੋਂ ਪੱਠੇ ਵੱਢਣ ਚਲਾ ਗਿਆ। ਦੋ ਕੁ ਭਰੀਆਂ ਹੀ ਵੱਢੀਆਂ ਸਨ ਕਿ ਕੰਨੀਂ ਅਵਾਜ਼ ਪਈ: "ਸਾਧ ਸੰਗਤ ਜੀ, ਡੈਮ 'ਚੋਂ ਪਾਣੀ ਛੱਡਿਆ ਹੋਣ ਕਰਕੇ ਧੁੱਸੀ ਬੰਨ੍ਹ ਨੂੰ ਖ਼ਤਰਾ ਪੈਦਾ ਹੋ ਗਿਆ ਹੈ...ਹਰ ਪਰਿਵਾਰ ਦਾ ਜੀਅ... ਜੋ ਵੀ ਸੇਵਾ ਕਰ ਸਕਦਾ ਹੋਵੇ... ਜ਼ਰੂਰ ਪਹੁੰਚੇ..." ਸੁਣਨ ਸਾਰ ਨੰਜੇ ਵਾਹੋ-ਦਾਹੀ ਘਰ ਵੱਲ ਹੋ ਗਿਆ ਅਤੇ ਹਫ਼ੇ ਹੋਏ ਨੇ ਜ਼ੈਲਦਾਰ ਬਖ਼ਤਾਵਰ ਸਿੰਘ ਨੂੰ ਆ ਖ਼ਬਰ ਸੁਣਾਈ: "ਸਰਦਾਰ ਜੀ...ਬੰਨ੍ਹ 'ਤੇ ਖ਼ਤਰਾ ਬਣਿਐਂ...ਲੋਕ ਟਰੈਕਟਰ ਟਰਾਲੀਆਂ 'ਚ ਮਿੱਟੀ ਦੇ ਬੋਰੇ ਭਰ ਓਧਰ ਜਾ ਰਹੇ ਨੇ...।"

ਬਖ਼ਤਾਵਰ ਸਿੰਘ ਨੇ ਵੀ ਅਨਾਊਂਸਮੈਂਟ ਸੁਣ ਲਈ ਸੀ। ਸੁਣ ਕੇ ਉਹ ਵੀ ਬੇਚੈਨ ਹੋ ਗਿਆ ਸੀ। ਉਨ੍ਹਾਂ ਦੇ ਖੇਤ ਬੰਨ੍ਹ ਦੇ ਨਾਲ ਲੱਗਦੇ ਹੋਣ ਕਰਕੇ, ਨੁਕਸਾਨ ਦਾ ਹੋਰ ਵੀ ਵੱਧ ਡਰ ਸੀ।

"ਛੋਟੇ ਵੀਰ...ਕੱਢ ਫੇਰ ਟਰੈਕਟਰ ਟਰਾਲੀ...ਆਪਾਂ ਵੀ ਭਾਈਆਂ ਸੰਗ ਰਲੀਏ...ਆਪਣੇ ਲਈ ਤਾਂ ਇਹ ਜ਼ਿੰਦਗੀ ਮੌਤ ਦਾ ਸਵਾਲ ਐ...।" ਉਹ ਨੰਜੇ ਨੂੰ ਹਮੇਸ਼ਾ 'ਛੋਟਾ ਵੀਰ' ਸੱਦਦਾ।

ਟਰੈਕਟਰ 'ਤੇ ਬੈਠੇ ਬਖ਼ਤਾਵਰ ਦਾ ਮਨ ਬੀਤੇ ਵਿੱਚ ਉਡਾਰੀਆਂ ਮਾਰਨ ਲੱਗਾ: ਨੰਜੇ ਹੁਰਾਂ ਦਾ ਜ਼ੈਲਦਾਰਾਂ ਦੇ ਪਰਿਵਾਰ ਨਾਲ ਤਿੰਨ ਪੀੜ੍ਹੀਆਂ ਤੋਂ ਸੀਰ ਚਲਿਆ ਆਉਂਦਾ ਸੀ। ਉਸਦਾ ਦਾਦਾ ਮਹਾਂ ਸਿਹੁੰ ਅਤੇ ਜ਼ੈਲਦਾਰ ਮਹਿੰਦਰ ਸਿੰਘ ਹਮ-ਉਮਰ ਸਨ -ਅੱਠਵੀਂ ਜਮਾਤ ਤੱਕ ਪਿੰਡ ਦੇ ਸਰਕਾਰੀ ਸਕੂਲ 'ਚ ਜਮਾਤੀ ਰਹੇ। ਪਿੰਡ ਦੀ ਕਬੱਡੀ ਟੀਮ ਦੀ ਜਿੰਦ ਜਾਨ ਸਨ ਦੋਵੇਂ। ਜਿੱਥੇ ਮਹਿੰਦਰ ਫ਼ੁਰਤੀਲਾ ਰੇਡਰ ਸੀ, ਉੱਥੇ ਮਹਾਂ ਸਿਹੁੰ ਤਕੜਾ ਜਾਫੀ! ਅਗਲੀ ਪੁਸ਼ਤ ਵਿੱਚ ਘੁੰਗਰੇ ਅਤੇ ਹਰਦੇਵ ਸਿੰਘ ਦਾ ਰਿਸ਼ਤਾ ਨਿੱਘਾ ਰਿਹਾ। ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਹੋਈ ਤਾਂ ਸਰਪੰਚੀ ਦਾ ਗੁਣਾਂ ਹਰਦੇਵ ਅਤੇ ਪੰਚੀ ਘੁੰਗਰੇ ਦੀ ਝੋਲੀ ਪਈ।

ਹੁਣ ਤੀਜੀ ਪੀੜ੍ਹੀ ਵਿੱਚ ਨੰਜਾ ਅਤੇ ਬਖ਼ਤਾਵਰ ਇਸ ਸਾਂਝ ਦੇ ਝੰਡਾ-ਬਰਦਾਰ ਬਣੇ ਹੋਏ ਸਨ। ਨੰਜਾ ਰੰਗ ਦਾ ਪੱਕਾ ਸੀ, ਕੱਦ ਦਰਮਿਆਨਾ ਅਤੇ ਸਰੀਰ ਗਠਿਆ ਹੋਇਆ; ਬਖ਼ਤਾਵਰ ਗੋਰਾ-ਨਿਛੋਹ ਬਣਦਾ ਤਣਦਾ ਗੱਭਰੂ। ਜਦੋਂ ਕਦੇ ਇਕੱਠੇ ਕੁੜਤੇ ਚਾਦਰੇ ਪਾ ਕੇ ਮੇਲਿਆਂ ਮੁਸ੍ਹਾਬਿਆਂ 'ਤੇ ਨਿੱਕਲਦੇ, ਤਾਂ ਲੋਕੀਂ ਅਸ਼-ਅਸ਼ ਕਰ ਉੱਠਦੇ: 'ਬਈ ਨਿੰਹੁ ਹੋਵੇ ਤਾਂ ਇਨ੍ਹਾਂ ਵਰਗਾ...ਜਮ੍ਹਾਂ ਰੂਪ-ਬਸੰਤ ਦੀ ਜੋੜੀ ਐ...।'

ਬਖ਼ਤਾਵਰ ਨੂੰ ਕਦੇ ਕਦੇ ਲੱਗਦਾ ਕਿ ਚੌਥੀ ਪੀੜ੍ਹੀ ਨੂੰ ਜਿਵੇਂ ਕਿਸੇ ਦੀ ਨਜ਼ਰ ਲੱਗ ਗਈ ਹੋਵੇ। ਜੰਬਰ ਅੱਥਰੇ ਸੁਭਾਅ ਦਾ ਸੀ - ਜ਼ੈਲਦਾਰਾਂ ਦੇ ਸਾਊਪੁਣੇ ਤੋਂ ਐਨ ਉਲਟ! ਸਨਾਵਰ ਸਕੂਲ ਪੜ੍ਹਨ ਕਾਹਦਾ ਭੇਜਿਆ, ਖ਼ਾਨਦਾਨ ਦੀਆਂ ਰਹੁ-ਰੀਤਾਂ ਨੂੰ ਹੀ ਵਿਸਾਰਨ ਲੱਗ ਪਿਆ ਸੀ। ਫਿਰ ਵੀ ਉਹ ਆਸਵੰਦ ਸੀ ਕਿ ਜਦੋਂ ਜੰਬਰ ਪੜ੍ਹਾਈ ਪੂਰੀ ਕਰ ਕੇ ਕੰਮ ਸੰਭਾਲੇਗਾ ਤਾਂ ਪਿਤਾ-ਪੁਰਖੀ ਰਵਾਇਤਾਂ ਦਾ ਸਤਿਕਾਰ ਕਰਨਾ ਸਿੱਖ ਜਾਵੇਗਾ।

"ਪੁੱਤ, ਸਾਰਾ ਪਿੰਡ ਬੰਨ੍ਹ ਪੱਕਾ ਕਰਨ ਚੱਲਿਐ...ਤੇਰੇ ਵਰਗੇ ਜਵਾਨਾਂ ਦੀ ਲੋੜ ਐ ਓਥੇ...।" ਬਖ਼ਤਾਵਰ ਨੇ ਛੁੱਟੀ ਆਏ ਜੰਬਰ ਨੂੰ ਨਾਲ ਚੱਲਣ ਲਈ ਲਲਕਾਰਿਆ।

"ਮੈਂ ਨੀ ਜਾਣਾ ਉੱਥੇ ਦੁੱਕੀ-ਤਿੱਕੀ 'ਚ...ਕੀੜੀਆਂ ਦਾ ਭੌਣ...।"

ਆਪਣੇ ਅਜ਼ੀਜ਼ ਦਾ ਜਵਾਬ ਸੁਣ ਕੇ ਜ਼ੈਲਦਾਰ ਦੰਗ ਰਹਿ ਗਿਆ। ਸਰਦਾਰਨੀ ਸੁਖਵਿੰਦਰ ਕੌਰ ਨੇ ਵੀ ਬਖ਼ਤਾਵਰ ਸਿੰਘ ਨੂੰ ਇਸ਼ਾਰੇ ਨਾਲ ਸਮਝਾਅ ਦਿੱਤਾ ਸੀ ਕਿ ਜਵਾਨ ਖ਼ੂਨ ਹੈ, ਕੁਝ ਨਾ ਹੀ ਕਿਹਾ ਜਾਵੇ ਤਾਂ ਚੰਗਾ ਹੋਵੇਗਾ।

ਇਉਂ ਲੱਗਦਾ ਸੀ, ਜਿਵੇਂ ਸਾਰੇ ਰਾਹ ਧੁੱਸੀ ਬੰਨ੍ਹ ਵੱਲ ਜਾਂਦੇ ਹੋਣ! ਗੱਭਰੂਆਂ ਦੀਆਂ ਢਾਣੀਆਂ, ਜੇਸੀਬੀ ਮਸ਼ੀਨਾਂ, ਲੰਗਰ ਦੀ ਰਸਦ ਵਾਲੀਆਂ ਗੱਡੀਆਂ ਚਾਰੇ ਪਾਸੇ

ਨਜ਼ਰੀਂ ਪੈ ਰਹੀਆਂ ਸਨ। ਬੰਨ੍ਹ ਦਾ ਤਕਰੀਬਨ ਇੱਕ ਡੇਢ ਕਿਲੋਮੀਟਰ ਲੰਬਾ ਦਰਿਆ ਨਾਲ ਲੱਗਦਾ ਕੰਢਾ ਟੁੱਟਣ ਕਿਨਾਰੇ ਸੀ। ਪਾਣੀ ਦੀ ਧੱਕ ਨਾਲ ਦਰਿਆ ਦਾ ਵਹਾਅ ਬਦਲ ਰਿਹਾ ਸੀ। ਸਰਕਾਰੀ ਤੰਤਰ ਵੀ ਪੂਰੀ ਮੁਸਤੈਦੀ ਨਾਲ ਜੁਟਿਆ ਹੋਇਆ ਸੀ ਅਤੇ ਪਲ ਪਲ ਦੀ ਰਿਪੋਰਟ ਉੱਚ ਅਧਿਕਾਰੀਆਂ ਤੱਕ ਪਹੁੰਚਾਈ ਜਾ ਰਹੀ ਸੀ।

ਬੰਨ੍ਹ ਉੱਤੇ ਕੰਮ ਕਰ ਰਹੀ ਮਨੁੱਖੀ-ਕੜੀ ਵਿੱਚ ਅੰਤਾਂ ਦਾ ਜੋਸ਼ ਸੀ। ਕੋਈ ਟਰਾਲੀ ਢੇਰੀ ਕਰ ਰਿਹਾ, ਕੋਈ ਕਰਾਹ ਲਾ ਰਿਹਾ, ਕੋਈ ਰੇਤ ਦੀਆਂ ਬੋਰੀਆਂ ਭਰ ਭਰ ਕੰਧ ਬਣਾਅ ਰਿਹਾ। ਇਲਾਕੇ ਦਾ ਕੋਈ ਘਰ ਅਜਿਹਾ ਨਹੀਂ ਸੀ, ਜੋ ਇਸ ਮਹਾਂਕੁੰਭ ਵਿੱਚ ਹਿੱਸਾ ਨਾ ਪਾ ਕੇ, ਨਿੱਸਲ ਬੈਠਾ ਹੋਵੇ। ਇੱਕ ਉੱਚੇ ਥੇਹ 'ਤੇ ਬੀਬੀਆਂ ਲਗਾਤਾਰ ਲੰਗਰ ਤਿਆਰ ਕਰਨ ਦੇ ਨਾਲ ਨਾਲ ਜਾਪ ਕਰ ਰਹੀਆਂ ਸਨ।

ਕਬੱਡੀ ਮੈਚਾਂ 'ਚ ਕੁਮੈਂਟਰੀ ਕਰਨ ਵਾਲਾ ਨੰਬਰਦਾਰਾਂ ਦਾ ਦੁੱਲਾ, ਮੀਂਹ ਨਾਲ ਗੱਚ ਹੋਏ ਲੀੜਿਆਂ ਦੀ ਪ੍ਰਵਾਹ ਕੀਤੇ ਬਿਨਾਂ ਜਵਾਨੀ ਨੂੰ ਲਲਕਾਰ ਰਿਹਾ ਸੀ: "...ਵੀਰੋ... ਪੰਜਾਬ ਦੇ ਜੰਮਿਆਂ ਨੂੰ ਤਾਂ ਨਿੱਤ ਮੁਹਿੰਮਾਂ ਹੁੰਦੀਆਂ ਨੇ...ਪਤਾ ਨ੍ਹੀਂ ਕਿੰਨੀ ਵਾਰੀ ਨਿਪਟੇ ਤੇ ਉੱਠ ਖੜ੍ਹੇ ਹੋਏ...ਹੁਣ ਵੀ ਦਰਿਆ ਦਾ ਵਹਿਣ ਮੋੜ ਕੇ ਰਹਾਂਗੇ...।"

ਜੈਕਾਰੇ ਗੂੰਜ ਰਹੇ ਸਨ। ਮੋਹਲੇਧਾਰ ਮੀਂਹ ਦੀ ਕਿਸੇ ਨੂੰ ਚਿੰਤਾ ਨਹੀਂ ਸੀ। ਨਾ ਹੀ ਕਿਸੇ ਨੂੰ ਜਾਤ-ਪਾਤ, ਧਰਮ, ਨਸਲ ਦਾ ਚਿੱਤ-ਚੇਤਾ ਸੀ।

ਕਾਰ-ਸੇਵੀ ਭੁੰਜੇ ਬਹਿ ਲੰਗਰ ਛਕਦੇ, ਜਾਪ ਕਰਦੇ ਅਤੇ ਮੁੜ ਮੋਰਚੇ 'ਤੇ ਜਾ ਡਟਦੇ।

ਅੱਜ ਦੀ ਰਾਤ ਕਿਆਮਤ ਵਾਲੀ ਸੀ। ਐਲਾਨ ਹੋ ਚੁੱਕਾ ਸੀ ਕਿ ਭਾਖੜਾ ਡੈਮ ਦੇ ਗੇਟ ਖੋਲ੍ਹੇ ਜਾਣਗੇ। ਸਭ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਲਕੀਰਾਂ ਸਨ ਪਰ ਏਕੇ ਦੀ ਤਾਕਤ ਆਸਾਂ ਦੇ ਦੀਵੇ ਬਲਦੇ ਰੱਖ ਰਹੀ ਸੀ। ਕੀ ਗੱਭਰੂ, ਕੀ ਬਿਰਧ, ਕਿਸਾਨ, ਮਜ਼ਦੂਰ- ਜ਼ਿੰਦਗੀਆਂ ਬਚਾਉਣ ਦਾ ਤਹੱਈਆ ਕਰੀ ਬੈਠੇ ਸਨ।

ਟਰੈਕਟਰ 'ਤੇ ਬੈਠ ਆਲ਼ੇ ਦੁਆਲ਼ੇ ਦਾ ਚੱਕਰ ਲਾਉਂਦੇ ਗਿਆਨੀ ਹਰਮੀਤ ਸਿੰਘ, ਇਤਿਹਾਸ ਦੀਆਂ ਟੂਕਾਂ ਦੇ ਹਵਾਲੇ ਦੇ ਦੇ ਕੇ ਉੱਦਮੀਆਂ 'ਚ ਜੋਸ਼ ਭਰ ਰਹੇ ਸਨ: "...ਪੰਜਾਬ ਤਾਂ ਵੱਸਦਾ ਹੀ ਗੁਰਾਂ ਦੇ ਨਾਮ 'ਤੇ ਹੈ...ਇੱਥੇ ਬੜੇ ਸਿਕੰਦਰ, ਅਬਦਾਲੀ, ਗਜ਼ਨਵੀ ਆਏ...ਘੱਲੂਘਾਰੇ ਹੋਏ...ਆਪਾਂ ਹਿੱਕਾਂ ਡਾਹ ਕੇ ਮੂਹਰੇ ਖੜ੍ਹੇ...ਜੇ ਉਹਨੇ ਇਮਤਿਹਾਨ 'ਚ ਪਾਇਐ, ਤਾਂ ਆਪਣੀ ਪਾਸ ਹੋਣ ਦੀ ਵਾਰੀ ਐ...।"

ਅੱਧੀ ਰਾਤੀਂ, ਬਖ਼ਤਾਵਰ ਸਿੰਘ ਤੇ ਨੰਜਾ, ਨੁੱਚੜਦੇ ਕੱਪੜਿਆਂ ਨਾਲ, ਬੰਨ੍ਹ 'ਤੇ ਮਿੱਟੀ ਦੇ ਬੋਰੇ ਭਰ ਭਰ ਕੇ ਰੱਖ ਰਹੇ ਸਨ- ਜਦੋਂ ਪਾਣੀ ਦੀ ਤਕੜੀ ਝੋਲ ਨੇ ਉਨ੍ਹਾਂ ਦੇ ਪੈਰ ਉਖਾੜ ਦਿੱਤੇ ਅਤੇ ਇੱਕ ਵੱਡਾ ਪਾੜ ਪੈ ਗਿਆ।

ਚੀਕ ਚਿਹਾੜਾ ਮਚ ਗਿਆ ਅਤੇ ਗੱਭਰੂਆਂ ਨੇ ਇੱਕੋ ਵਾਰੀ ਕਈ ਟਰਾਲੀਆਂ ਢੇਰੀ ਕਰ, ਪਾੜ ਨੂੰ ਪੂਰ ਦਿੱਤਾ!

ਇੱਧਰਲੇ ਕੰਢੇ ਪਾਣੀ ਨੂੰ ਕਾਬੂ ਕੀਤਾ ਹੀ ਸੀ ਕਿ ਦੂਜੇ ਬੰਨਿਓਂ ਨੱਕਾ ਟੁੱਟਣ ਦੀਆਂ ਅਵਾਜ਼ਾਂ ਆਉਣ ਲੱਗੀਆਂ...।

ਕੁਝ ਸਮੇਂ ਪਿੱਛੋਂ ਦਰਿਆ ਆਪਣੇ ਕੁਦਰਤੀ ਵਹਿਣ ਵਿੱਚ ਵਗਣ ਲੱਗਾ ਸੀ- ਪਰ ਫਿਰ ਵੀ ਖ਼ਤਰਾ ਟਲਿਆ ਨਹੀਂ ਸੀ, ਅਤੇ ਸਵੇਰ ਹੋਣ 'ਤੇ ਹੀ ਸਾਰੀ ਹਾਲਤ ਸਾਫ਼ ਹੋ ਸਕਦੀ ਸੀ।

ਪਹੁ-ਫੁਟਾਲਾ ਹੋਇਆ, ਮੀਂਹ ਰੁਕਿਆ, ਤਾਂ ਮਜ਼ਬੂਤ ਬੰਨ੍ਹ ਦੇਖ ਕੇ ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਹਜ਼ਾਰਾਂ ਏਕੜ ਫ਼ਸਲ ਅਤੇ ਜੀਵ-ਜੰਤੂ ਹੁਣ ਪੂਰੀ ਤਰ੍ਹਾਂ ਸੁਰੱਖਿਅਤ ਸਨ। ਜ਼ੈਲਦਾਰ ਬਖ਼ਤਾਵਰ ਸਿੰਘ ਨੇ ਜੈਕਾਰਿਆਂ ਦੀ ਗੂੰਜ ਵਿੱਚ ਮੁਹਿੰਮ ਦੇ ਸਫ਼ਲ ਹੋਣ 'ਤੇ ਸਭ ਨੂੰ ਵਧਾਈ ਦਿੱਤੀ:

"ਇਹ ਤੁਹਾਡੀ ਸਭ ਦੀ ਮੋਢੇ ਨਾਲ ਮੋਢਾ ਜੋੜ ਕੇ ਕੀਤੀ ਮਿਹਨਤ ਦਾ ਹੀ ਸਿੱਟਾ ਹੈ ਕਿ ਆਪਾਂ ਸ਼ੂਕਦੇ ਪਾਣੀਆਂ ਨੂੰ ਠੱਲ੍ਹਣ 'ਚ ਕਾਮਯਾਬ ਹੋਏ ਹਾਂ...ਇਸੇ ਤਰ੍ਹਾਂ ਭਾਈਚਾਰਾ ਬਣਿਆ ਰਹੇ ਅਤੇ ਆਪਾਂ ਹਰ ਮੰਜ਼ਲ ਸਰ ਕਰਦੇ ਰਹੀਏ...।"

ਦਸ ਬਾਰਾਂ ਨੌਜਵਾਨਾਂ ਨੂੰ ਚੌਕਸ ਰਹਿਣ ਦੀ ਤਕੀਦ ਕਰ ਕੇ ਲੋਕੀ ਘਰਾਂ ਨੂੰ ਮੁੜਨੇ ਸ਼ੁਰੂ ਹੋ ਗਏ।

"ਛੋਟਿਆ, ਤੂੰ ਵੀ ਹੁਣ ਘਰ ਜਾ ਕੇ ਆਰਾਮ ਕਰ...ਦੋ ਤਿੰਨ ਦਿਨ ਬਾਅਦ ਪਾਣੀ ਸੁੱਕਣ ਤੋਂ ਬਾਅਦ ਦੇਖਾਂਗੇ...," ਜ਼ੈਲਦਾਰ ਨੇ ਨੰਜੇ ਨੂੰ ਥਾਪੜਾ ਦਿੱਤਾ।

"ਠੀਕ ਐ ਬਾਈ...ਜੇ ਲੋੜ ਹੋਈ ਸੁਨੇਹਾ ਘੱਲ ਦੇਣਾ...।"

ਥੱਕੇ ਟੁੱਟੇ ਨੰਜੇ ਨੇ ਘੜੇ ਵਿੱਚੋਂ ਪਾਣੀ ਦਾ ਗਲਾਸ ਹੀ ਭਰਿਆ ਸੀ ਕਿ ਜੰਬਰ ਪਤਾ ਨਹੀਂ ਕਿੱਧਰੋਂ ਆ ਧਮਕਿਆ-

"ਤੇਰੀ ਹਿੰਮਤ ਕਿਵੇਂ ਹੋਈ... ਘੜੇ ਨੂੰ ਹੱਥ ਲਾਉਣ ਦੀ......।"

ਨੰਜਾ ਜਿਵੇਂ ਜ਼ਮੀਨ 'ਚ ਗੱਡਿਆ ਗਿਆ ਹੋਵੇ।

ਜੰਬਰ ਨੂੰ ਗਾਲ਼ੀ ਗਲੋਚ ਕਰੀ ਜਾਂਦੇ ਨੂੰ ਦੇਖ ਬਖ਼ਤਾਵਰ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਹੁਣ ਤੱਕ ਲਾਡਾਂ ਨਾਲ ਪਾਲ਼ੇ ਜਵਾਨ ਜਹਾਨ ਪੁੱਤ ਨੂੰ ਵਰਜਣ ਤੋਂ ਪਾਸਾ ਵੱਟ, ਜ਼ੈਲਦਾਰ ਦੀਆਂ ਅੱਖਾਂ ਅੰਗਿਆਰੇ ਵਰ੍ਹਾਉਣ ਲੱਗੀਆਂ।

"...ਓਇ ਤੂੰ ਮੇਰੇ ਭਰਾ ਨੂੰ ਝਿੜਕਿਆ...ਤੇਰੀ ਜੁਰਅਤ ਕਿਵੇਂ ਪਈ...।"

ਨੰਜੇ ਨੇ ਬਖ਼ਤਾਵਰ ਸਿੰਘ ਦਾ ਹੱਥ ਫੜ ਕੇ ਰੋਕਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਉਸ ਨੇ ਇੱਕੋ ਝਟਕੇ ਨਾਲ ਹੱਥ ਛੁਡਾਅ ਲਿਆ ਅਤੇ ਤਾੜ ਕਰਦਾ ਥੱਪੜ ਜੰਬਰ ਦੇ ਮੂੰਹ 'ਤੇ ਪਿਆ।

"...ਨਿੱਕਲ ਜਾਹ ਮੇਰੇ ਘਰੋਂ... ਗੰਦੀ ਔਲਾਦ...।" ਜ਼ੈਲਦਾਰ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਸੀ।

ਘਰੋਂ ਬਾਹਰ ਜਾਂਦੇ ਨੰਜੇ ਨੂੰ ਰੋਕਣ ਲਈ ਬਖ਼ਤਾਵਰ ਸਿੰਘ ਨੇ ਆਪਣੀਆਂ ਬਾਹਾਂ ਵਿੱਚ ਘੁੱਟ ਲਿਆ ਅਤੇ ਦੋਵੇਂ ਜਣੇ ਜ਼ਾਰ-ਜ਼ਾਰ ਰੋਣ ਲੱਗੇ।

ਆਲ਼ੇ ਦੁਆਲ਼ੇ ਇਕੱਠਾ ਹੋਇਆ ਲੋਕਾਂ ਦਾ ਹਜੂਮ ਦੇਖ ਰਿਹਾ ਸੀ ਕਿ ਦਰਿਆਵਾਂ ਦੇ ਵਹਿਣਾਂ ਨੂੰ ਤਾਂ ਨੱਕੇ ਲੱਗ ਸਕਦੇ ਹਨ, ਪਰ ਮੋਹ-ਭਿੱਜੇ ਨੈਣਾਂ ਦੇ ਹੜ੍ਹ ਨੂੰ ਨਹੀਂ!

89684-33500

ਸਾਹ ਲੈਂਦੇ ਖੰਡਰ

ਸੱਯਦ ਆਸਿਫ਼ ਸ਼ਾਹਕਾਰ

ਬੀਤੇ ਯੁਗ ਦੇ ਖੰਡਰਾਂ ਵਿਚੋਂ
ਗੁਜ਼ਰਿਆ ਵਕਤ ਫਰੋਲੀਦਾ
ਵਿਚੋਂ ਸੱਜਣਾਂ-ਬੇਲੀਆਂ, ਪਿਆਰਿਆਂ ਦੀਆਂ
ਬਹੁਤੀਆਂ ਤੇ ਹੱਡੀਆਂ ਲੱਭਦੀਆਂ
ਕਦੇ ਕਦੇ
ਕੁਝ ਘਸੇ ਤੇ ਚਿਬ ਖੜਿੱਬੇ ਸੱਜਣ ਲੱਭਦੇ
ਮੋਇਆਂ ਨਾਲੋਂ ਭੈੜੇ
ਨਾ ਤੇ ਬੰਦਾ ਗਲ਼ ਲੱਗ ਕੇ
ਦੁੱਖ ਸੁਖ ਫਰੋਲਣ ਜੋਗਾ
ਨਾ ਬਾਲਪੁਣੇ ਦੀਆਂ ਖੇਡਾਂ ਦੀ
ਵਾਰੀ ਲੈਣ ਦਾ ਚਾਅ ਈ ਪੂਰਾ ਹੁੰਦਾ
ਰੋਣ ਵੀ ਨਹੀਂ ਹੁੰਦਾ

ਇਹ ਵੀ ਸਾਹ ਲੈਂਦੇ ਖੰਡਰ ਨੇ
ਖੰਡਰਾਂ 'ਚੋਂ ਲੱਭਿਆਂ ਤੇ ਖੰਡਰ ਈ ਲੱਭਦੇ
ਬੰਦਾ ਖੰਡਰਾਂ ਵਿਚੋਂ ਲੱਭਦਾ ਲੱਭਦਾ
ਆਪੇ ਖੰਡਰ ਹੋ ਜਾਂਦਾ ਏ
ਪਰ ਜਦ ਤਕ ਜਿਊਂਦਾ
ਖੰਡਰਾਂ ਦੀ ਫਰੋਲਾ ਫਰੋਲੀ ਕਰਦਾ ਰਹਿੰਦਾ
ਹਟ ਨਹੀਂ ਸਕਦਾ

ਇਸ਼ਕ ਦਾ ਕਾਲ

ਪਿਆਰ ਦੇ ਕਾਲ਼ ਦੀ ਦੁਨੀਆ ਵਿਚ
ਇਸ਼ਕ ਕਰਨ ਨੂੰ ਦਿਲ ਪਿਆ ਕਰਦਾ
ਅੰਦਰ ਰੂਹ ਵਿਚ ਰੀਝ ਦਾ ਚਾਅ ਮਚਲਦਾ
ਬਾਹਰ ਵਿਹੜੇ ਵਿਚ
ਬੇਇਤਬਾਰੀ ਦਾ ਰਾਜ ਜਿਹਾ ਏ
ਕਿਥੋਂ ਲੱਭਣੈਂ ਕੋਈ ਦਿਲ ਦਾ ਜਾਨੀ
ਜਿਸ 'ਤੇ ਸਦਕੇ ਤੇ ਵਾਰੀ ਜਾਈਏ
ਜਿਸ 'ਤੇ ਜਿੰਦੜੀ ਘੋਲ ਘੁਮਾਈਏ
ਇਸ਼ਕ ਦੇ ਮੇਵੇ ਸਾਰੇ ਦਾਗ਼ੀ ਲੱਭਦੇ
ਗਲ ਸੜ ਗਏ
ਧੋਖੇ ਦੀ ਭੱਠੀ ਪੱਕੇ ਅੰਦਰਖ਼ਾਨੇ
ਤਮ੍ਹਾ ਦੇ ਕੀੜਿਆਂ ਖਾਧੇ ਜੁੱਸੇ
ਖ਼ੁਸ਼ਬੂ ਦੀ ਥਾਂ ਬੋਅ ਭਰਮਾਯਾ
ਮੋਹ ਦੀ ਥਾਂ ਕਰਹਿਤ
ਸਾਰੇ ਮਹਿਰਮ ਆੱਡਰ ਉੱਤੇ
ਫ਼ੈਕਟਰੀ ਵਿਚ ਬਣਵਾਣੇ
ਮੰਡੀ ਵਿਚ ਸਜਾਣੇ
ਲਹੂ ਦੇ ਤਿਰਹਾਏ
ਪਿਆਰ ਦੇ ਕਾਲ ਦੇ ਮੌਸਮ ਵਿਚ
ਇਸ਼ਕ ਕਰਨ ਨੂੰ ਦਿਲ ਪਿਆ ਤਰਸੇ
ਦਿਲ ਪਿਆ ਤੜਪੇ
ਕਿੱਥੇ ਜਾਈਏ?

2023 ਦੀ ਇੱਕ ਖ਼ਬਰ:

ਢਾਕਾ, ਨਵੰਬਰ 1, 2023 (BSS)

ਆਸਿਫ਼ ਸ਼ਾਹਕਾਰ

ਮੁਕਤੀਜੋਧਾ ਮੈਤ੍ਰੀ ਅਵੌਰਡ ਨਾਲ ਸਨਮਾਨੇ ਪਾਕਿਸਤਾਨੀ ਮੂਲ ਦੇ ਸਵੀਡਨ ਵਿਚ ਜੱਜ ਲੱਗੇ ਸੱਯਦ ਆਸਿਫ਼ ਸ਼ਾਹਕਾਰ ਨੂੰ ਬੰਗਲਾਦੇਸ਼ੀ ਨਾਗਰਿਕਤਾ ਮਿਲ ਗਈ ਹੈ। ਅੱਜ ਗ੍ਰਹਿ ਮਾਮਲਿਆਂ ਦੇ ਵਧੀਕ ਸਕੱਤਰ ਨੇ ਚਿੱਠੀ ਰਾਹੀਂ ਕਿਹਾ ਕਿ ਆਸਿਫ਼ ਸ਼ਾਹਕਾਰ ਨੂੰ ਸ਼ਹਿਰੀਅਤ ਦਾ ਸਰਟੀਫ਼ੀਕੇਟ ਦਿੱਤਾ ਗਿਆ ਹੈ।
ਪਹਿਲਾਂ, ਸ਼ਾਹਕਾਰ ਨੇ ਪ੍ਰਧਾਨ ਮੰਤ੍ਰੀ ਸ਼ੇਖ਼ ਹਸੀਨਾ ਨੂੰ ਚਿੱਠੀ ਲਿਖ ਕੇ ਬੰਗਲਾਦੇਸ਼ੀ ਨਾਗਰਿਕਤਾ ਲੈਣ ਦੀ ਇੱਛਾ ਦੱਸੀ ਸੀ ਕਿ ਉਹ ਬੰਗਲਾਦੇਸ਼ੀ ਮਿੱਟੀ ਵਿਚ ਹੀ ਦਫ਼ਨ ਹੋਣਾ ਚਾਹੁੰਦੇ ਹਨ। ...
BSS ਨਾਲ ਗੱਲ ਕਰਦਿਆਂ ਸ਼ਾਹਕਾਰ ਨੇ ਕਿਹਾ, "ਅੱਜ ਮੈਂ ਬੰਗਲਾਦੇਸ਼ ਦੇ ਸ਼ਹਿਰੀ ਵਾਂਗ ਨਵਾਂ ਜਨਮ ਲਿਆ ਹੈ। ਅੱਜ ਮੈਂ ਉਸ ਮੁਲਕ ਅਤੇ ਇਸਦੇ ਵਤਨੀਆਂ ਦੇ ਵਤਨੀ ਵਾਂਗ ਮੁੜ ਜਨਮ ਲਿਆ ਹੈ ਜਿਸ ਨੂੰ ਮੈਂ 1971 ਤੋਂ ਹੀ ਪਿਆਰ ਕਰਦਾ ਆਇਆ ਹਾਂ।"

ਉਨ੍ਹਾਂ ਇਹ ਵੀ ਕਿਹਾ- "ਮੈਂ ਬਹੁਤ ਖ਼ੁਸ਼ ਹਾਂ ਕਿ ਮੈਂ ਆਪਣਾ ਅਖ਼ੀਰੀ ਸਾਹ ਬੰਗਲਾਦੇਸ਼ ਦੇ ਸ਼ਹੀਦਾਂ ਅਤੇ ਬਹਾਦਰ ਅਜ਼ਾਦੀ ਸੰਗ੍ਰਾਮੀਆਂ ਦੇ ਦਰਮਿਆਨ ਲੈ ਸਕਾਂਗਾ।"
ਉਨ੍ਹਾਂ ਆਪਣਾ ਪੱਕਾ ਇਰਾਦਾ ਦੱਸਿਆ ਕਿ ਉਹ ਮੁਲਕ ਦੇ ਪਿਤਾ **ਬੰਗਬੰਧੂ ਮੁਜੀਬੁਰ ਰਹਿਮਾਨ** ਦੀਆਂ ਪਾਈਆਂ ਪੈੜਾਂ ਮੁਤਾਬਕ ਚੱਲਣਗੇ। ਉਨ੍ਹਾਂ ਮੁਲਕ ਦੇ ਇਸ ਸਭ ਤੋਂ ਮਹਾਨ ਬੰਗਾਲੀ ਅਤੇ ਮਹਾਨ ਆਗੂ ਸ਼ੇਖ਼ ਮੁਜੀਬੁਰ ਰਹਿਮਾਨ ਨੂੰ ਸਲਾਮ ਕੀਤਾ।

ਕੀ ਹੋਇਆ ਸੀ: ਪੰਜਾਬ ਵਿਚ ਜੰਮੇ ਆਸਿਫ਼ ਸ਼ਾਹਕਾਰ 1971 ਵਿਚ (ਪਾਕਿਸਤਾਨੀ ਹਮਲੇ ਵੇਲੇ) 22 ਸਾਲ ਦੇ ਸਨ। ਨੌਜਵਾਨ ਸ਼ਾਹਕਾਰ ਨੇ ਬੰਗਲਾਦੇਸ਼ ਮੁਕਤੀ ਦੀ ਜੰਗ ਦੇ ਪੱਖ ਵਿਚ ਰੋਸ ਮੁਜ਼ਾਹਰੇ ਕੀਤੇ, ਰੈਲੀਆਂ ਕਰਾਈਆਂ ਕਵਿਤਾਵਾਂ ਲਿਖੀਆਂ ਅਤੇ ਨਤੀਜੇ ਵਜੋਂ, ਉਨ੍ਹਾਂ ਨੂੰ ਆਪਣੇ ਪਰਿਵਾਰ, ਸਮਾਜ ਅਤੇ ਪਾਕਿਸਤਾਨ ਦੇ ਲੋਕਾਂ ਵੱਲੋਂ ਨਫ਼ਰਤ ਦਾ ਸਾਹਮਣਾ ਕਰਨਾ ਪਿਆ।
ਓਦੋਂ ਉਹ ਪੰਜਾਬ ਸਟੂਡੈਂਟ ਯੂਨੀਅਨ ਦੇ ਜਨਰਲ ਸਕੱਤਰ ਹੁੰਦੇ ਸਨ ਅਤੇ ਪੱਛਮੀ ਪਾਕਿਸਤਾਨ ਦੇ ਲੋਕਾਂ ਦੇ ਇੱਕ ਹਿੱਸੇ ਨੇ ਓਦੋਂ ਦੇ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਦੇ ਲੋਕਾਂ ਉੱਤੇ ਪਾਕਿਸਤਾਨੀ ਹਕੂਮਤ ਵੱਲੋਂ 25 ਮਾਰਚ, 1971 ਦੀ ਕਾਲੀ ਰਾਤ ਨੂੰ ਕੀਤੇ ਗਏ 'ਅਪਰੇਸ਼ਨ ਸਰਚ ਲਾਈਟ' ਨਾਂ ਦੇ ਬੇਕਿਰਕ ਅਤੇ ਵਹਿਸ਼ੀ ਕਤਲੇਆਮ ਦੇ ਖ਼ਿਲਾਫ਼ ਰੋਸ ਜ਼ਾਹਿਰ ਕੀਤਾ ਸੀ।
ਆਸਿਫ਼ ਨੂੰ 'ਗੱਦਾਰ' ਆਖ ਕੇ ਜੇਲ੍ਹ ਕੀਤੀ ਗਈ ਅਤੇ 'ਮੁਕਤੀ ਸੰਗਰਾਮ' ਦੇ 9 ਮਹੀਨਿਆਂ ਵਿਚ, ਉਨ੍ਹਾਂ ਨੂੰ ਪਾਕਿਸਤਾਨੀ ਜੇਲ੍ਹ ਵਿਚ ਮਾਨਸਿਕ ਅਤੇ ਸਰੀਰਕ ਤਸੀਹੇ ਝੇਲਣੇ ਪਏ। ਪਰ ਨੌਜਵਾਨ ਸ਼ਾਹਕਾਰ ਬੰਗਲਾਦੇਸ਼ ਦੇ ਖ਼ਿਲਾਫ਼ ਨਾ ਗਏ। ਉਨ੍ਹਾਂ ਨੂੰ ਦਸੰਬਰ 16, 1971 ਨੂੰ ਬੰਗਲਾਦੇਸ਼ ਦੀ ਜਿੱਤ ਤੋਂ ਬਾਅਦ ਹੀ ਕੈਦ ਵਿੱਚੋਂ ਅਜ਼ਾਦ ਕੀਤਾ ਗਿਆ।
ਉਹ ਕੁਝ ਚਿਰ ਪਾਕਿਸਤਾਨ ਟੈਲੀਵਿਯਨ ਵਿਚ ਪ੍ਰੋਡਿਊਸਰ ਵਾਂਗ ਕੰਮ ਕਰਦੇ ਰਹੇ, ਪਰ 'ਕੁਲਅੰਗਾਰ' (ਕਾਲੀ ਭੇਡ; ਕੁੱਲ ਨੂੰ ਅੰਗਾਰੀ ਲਾਉਣ ਵਾਲਾ) ਦੀ ਪਛਾਣ ਕੀਤੀ ਜਾ ਰਹੀ ਸੀ ਤਾਂ ਉਨ੍ਹਾਂ ਦਾ ਆਪਣੇ ਮੁਲਕ ਪਾਕਿਸਤਾਨ ਵਿਚ ਰਹਿਣਾ ਔਖਾ ਹੋ ਗਿਆ।
1977 ਵਿਚ ਉਨ੍ਹਾਂ ਸਵੀਡਨ ਤੋਂ ਸਿਆਸੀ ਪਨਾਹ ਮੰਗੀ। ਉਨ੍ਹਾਂ ਜਿਊਣ ਦਾ ਨਵਾਂ ਸੰਘਰਸ਼ ਸ਼ੁਰੂ ਕੀਤਾ। ਬਾਅਦ ਵਿਚ, ਉਨ੍ਹਾਂ ਨੂੰ ਹਾਈ ਕੋਰਟ ਡਿਵੀਜ਼ਨ ਆਫ਼ ਸਵੀਡਨ ਵਿਚ ਜੱਜ ਥਾਪ ਦਿੱਤਾ ਗਿਆ।
ਅਜ਼ਾਦੀ ਦੇ 41 ਸਾਲਾਂ ਬਾਅਦ, 2012 ਵਿਚ, ਬੰਗਲਾਦੇਸ਼ ਸਰਕਾਰ ਦੇ ਸੱਦੇ ਉੱਤੇ ਜਸਟਿਸ ਸ਼ਾਹਕਾਰ, **ਲਿਬਰੇਸ਼ਨ ਵਾਰ ਫ੍ਰੈਂਡਸ਼ਿਪ ਅਵਾਰਡ** ਲੈਣ ਬੰਗਲਾਦੇਸ਼ ਆਏ ਸਨ। ਮਰਹੂਮ ਰਾਸ਼ਟਰਪਤੀ ਮੋ. ਜ਼ਿਲੂਰ ਰਹਿਮਾਨ ਅਤੇ ਪ੍ਰਧਾਨ ਮੰਤ੍ਰੀ ਸ਼ੇਖ਼ ਹਸੀਨਾ ਦੇ ਹੱਥੀਂ 15 ਦਸੰਬਰ, 2012 ਨੂੰ ਇਹ ਸਨਮਾਨ ਉਨ੍ਹਾਂ ਨੂੰ ਮਿਲਿਆ ਸੀ। **ਪ.ਸ.**

ਓਦੋਂ ਜਵਾਨ ਹੁਣ ਜੌਨ੍ਹ!

ਅਵਤਾਰ ਐਸ. ਸੰਘਾ



ਰੋਟੀ ਆਮ ਸਵੀਰ

ਸੱਤਰਵਿਆਂ ਵਿੱਚ ਐੱਮਏ ਪਾਸ ਕਰ, ਮਿੰਟੂ, ਪੰਜਾਬ ਨੈਸ਼ਨਲ ਬੈਂਕ ਵਿੱਚ ਕਲਰਕ ਭਰਤੀ ਹੋ ਗਿਆ ਸੀ। ਪੜ੍ਹੇ ਲਿਖੇ ਪਰਿਵਾਰ 'ਚੋਂ ਸੀ। ਦੇਖਣ ਪਾਖਣ ਨੂੰ ਸੁਹਣਾ ਨੌਜਵਾਨ। ਕੱਦ ਕਾਠ ਦਰਮਿਆਨਾ, ਬੋਲ ਚਾਲ ਵਿੱਚ ਪੰਜਾਬੀਆਂ ਜਿਹਾ ਖੁੱਲ੍ਹ-ਦਿਲਾ। ਥੋੜ੍ਹੇ ਸਮੇਂ ਵਿੱਚ ਹੀ ਬੈਂਕ ਦੇ ਮੁਲਾਜ਼ਮਾਂ ਵਿੱਚ ਸੁਹਣੀ ਸਾਖ ਕਾਇਮ ਕਰ ਗਿਆ। ਗਾਹਕ ਸੇਵਾ ਵਿੱਚ ਵੀ ਸੁਹਣਾ ਮਾਹਰ ਬਣ ਗਿਆ ਸੀ। ਆਪਣੇ ਕਾਊਂਟਰ ਮੂਹਰੇ ਲੱਗੀ ਗਾਹਕਾਂ ਦੀ ਭੀੜ ਨੂੰ ਜਲਦੀ ਜਲਦੀ ਨਿਪਟਾਅ ਦਿਆ ਕਰਦਾ ਸੀ।

ਬੈਂਕ ਅੱਗੇ ਸਕਿਓਰਿਟੀ ਗਾਰਡ ਦੇ ਤੌਰ 'ਤੇ ਇੱਕ ਅਧਖੜ ਫ਼ੌਜੀ ਬੈਠਦਾ ਸੀ। ਇਸਦਾ ਨਾਮ ਜਾਗਰ ਸੀ। ਸ਼ਬਦ 'ਜਵਾਨ' ਉਸਦਾ ਤਕੀਆ ਕਲਾਮ ਸੀ! ਕੋਈ ਜਵਾਨ ਹੋਵੇ, ਅਧਖੜ੍ਹ ਹੋਵੇ, ਬੁੱਢਾ ਹੋਵੇ – ਸਭ ਨੂੰ 'ਜਵਾਨ' ਹੀ ਸੱਦਦਾ! ਸਿਰਫ਼ ਬੈਂਕ ਦੇ ਮੈਨੇਜਰ, ਖ਼ਜ਼ਾਨਚੀ, ਲੋਨ ਅਫ਼ਸਰ, ਵਗੈਰਾ, ਨੂੰ ਇਸ ਤਰ੍ਹਾਂ ਮੁਖ਼ਾਤਬ ਹੋਣ ਤੋਂ ਝਿਜਕਦਾ ਸੀ, ਬਾਕੀ ਸਭ ਨਾਲ਼ ਉਸਦਾ ਵਿਹਾਰ ਇੱਕੋ ਸੀ -ਬੈਂਕ ਦੇ ਕਲਰਕਾਂ ਨੂੰ ਵੀ 'ਜਵਾਨ' ਕਹਿੰਦਾ!

ਮਿੰਟੂ ਤਾਂ ਹੈ ਹੀ ਅਜੇ ਮੁੰਡਾ ਖੁੰਡਾ ਸੀ। ਉਹ ਤਾਂ ਹੈ ਹੀ ਸੀ ਪੂਰਾ ਜੁਆਨ। ਫ਼ੌਜੀ ਉਸਨੂੰ 'ਜਵਾਨ' ਹੀ ਕਹਿੰਦਾ।
ਮਿੰਟੂ, ਬਾਹਰ ਵੀ ਜਦ ਸਾਨੂੰ ਕਿਤੇ ਮਿਲਦਾ, ਇਸ ਫ਼ੌਜੀ ਦੇ ਵਤੀਰੇ ਬਾਰੇ ਗੱਲ ਕਰ ਕਰ ਸੁਹਣਾ ਖੁਸ਼ ਹੁੰਦਾ ਅਤੇ ਸਾਨੂੰ ਖੁਸ਼ ਕਰਦਾ!

''ਕੀ ਇਹ ਫ਼ੌਜੀ ਆਪਣੇ ਘਰ ਵੀ ਹਰ ਕਿਸੇ ਨੂੰ ਜਵਾਨ ਸੱਦਦਾ ਹੋਊ?'' ਮੈਂ ਮਿੰਟੂ ਨੂੰ ਪੁੱਛਿਆ।
''ਹਾਂ, ਇਹਦਾ ਆਪਣੇ ਘਰ ਵਿੱਚ ਹੀ ਨਹੀਂ, ਪਿੰਡ ਵਿੱਚ ਵੀ ਇਹੀ ਹਾਲ ਐ। ਇਹ ਫ਼ੌਜੀ ਐ- ਫ਼ੌਜੀਆਂ ਦੇ ਦਿਮਾਗ ਦੀ ਸੂਈ ਇੱਕ ਥਾਂ ਅਟਕੀ ਹੁੰਦੀ ਐ। ਉਨ੍ਹਾਂ ਦੇ ਸੁਭਾਅ ਅਤੇ ਵਰਤੋਂ-ਵਿਹਾਰ ਨੂੰ ਬਦਲਨਾ ਬੜਾ ਔਖਾ ਹੁੰਦਾ ਐ। ਉਹ ਹਰ ਗੱਲ ਨੂੰ ਜੈਕਬੂਟ ਅਨੁਸ਼ਾਸਨ (ਸਖ਼ਤ ਫ਼ੌਜੀ-ਅਨੁਸ਼ਾਸਨ; ਹਿਟਲਰੀ ਫ਼ੌਜ ਦੇ ਉਚੇ ਬੂਟਾਂ ਵੱਲ ਇਸ਼ਾਰਾ- ਸੰ.) ਵਾਲੀ ਹੀ ਸਮਝਦੇ ਹਨ।''
ਮਿੰਟੂ ਨੇ ਇੱਕ ਵਾਰ ਕਿਹਾ, ''ਸਾਡੇ ਪਿੰਡ ਦੋ ਫ਼ੌਜੀ ਹਨ- ਜੈਲਾ ਤੇ ਘੋਟੀ। ਇੱਕ ਫ਼ੌਜ ਵਿੱਚ ਹੌਲਦਾਰ ਐ ਤੇ ਦੂਜਾ ਅਜੇ ਸਿਪਾਹੀ। ਉਹ ਜਦ ਵੀ ਛੁੱਟੀ ਆਉਂਦੇ ਹਨ, ਪਿੰਡ ਦੀ ਸੱਥ ਵਿੱਚ ਆ ਪਹੁੰਚਦੇ ਹਨ, ਫਿਰ ਗੱਲਾਂ ਦੀ ਝੜੀ ਲਾ ਦਿੰਦੇ ਹਨ- ਕਿਸੇ ਲੜਾਈ 'ਤੇ ਜਾਣ ਦੀਆਂ ਗੱਲਾਂ, ਫ਼ੌਜ ਵਿੱਚੋਂ ਰੱਮ ਦੀਆਂ ਬੋਤਲਾਂ ਲਿਆਉਣ ਦੀਆਂ ਗੱਲਾਂ, ਆਪਣੇ ਅਫ਼ਸਰਾਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਣੇ; ਅਖੇ- 'ਛੁੱਟੀ ਕੈਂਸਲ ਹੋਣ ਨੂੰ ਫਿਰਦੀ ਸੀ- ਮੁਸ਼ਕਲ ਨਾਲ਼ ਬਚਾਈ'; 'ਯੂਨਿਟ 'ਚੋਂ ਚਾਰ ਜਣੇ ਇਕੱਠੇ ਟਰੇਨ 'ਤੇ ਚੜ੍ਹੇ ਅਤੇ ਆ ਲੁਧਿਆਣੇ ਉੱਤਰੇ'; ਬਾਕੀ ਤਿੰਨੋਂ ਕਿਹੜੇ ਕਿਹੜੇ ਪਿੰਡਾਂ ਦੇ ਹਨ, ਉਨ੍ਹਾਂ ਪਿੰਡਾਂ ਦਾ ਖੁੱਲ੍ਹਾ ਵੇਰਵਾ... ਅਖੇ- 'ਹੁਣ ਤਾਂ ਫ਼ੌਜ ਵਿੱਚ ਵੀ ਤਨਖਾਹਾਂ ਸੁਹਣੀਆਂ ਹੋ ਗਈਆਂ ਹਨ'; ਨਵੀਂਆਂ ਹੋ ਰਹੀਆਂ ਭਰਤੀਆਂ ਦੇ ਵੇਰਵੇ, ਨਾਲ-ਦੇ ਸ਼ਹੀਦ ਹੋ ਚੁੱਕੇ ਜੁਆਨਾਂ ਦੀ ਬਹਾਦਰੀ ਦੀਆਂ ਕਹਾਣੀਆਂ ਅਤੇ ਹੋਰ ਅਨਮੁੱਕ ਗੱਲਾਂ।

ਮਿੰਟੂ ਨੇ ਦੱਸਿਆ- ਇਸ ਸਕਿਉਰਿਟੀ ਗਾਰਡ, ਜਾਗਰ, ਨੂੰ ਸਾਰੇ 'ਜਮਾਂਦਾਰ ਸਾਹਬ' ਕਹਿ ਕੇ ਸੱਦਦੇ ਹਨ। ਇਹ ਛਿੰਝ ਦੇ ਅਖਾੜੇ ਦੇ ਪ੍ਰਬੰਧਕੀ ਕੰਮਾਂ ਵਿੱਚ ਬਹੁਤ ਰੀਝ ਨਾਲ਼ ਹਿਸਾ ਲੈਂਦਾ ਹੈ। ਛਿੰਝ ਵਿੱਚ ਅਕਸਰ ਇਹ ਜਜਮੈਂਟ ਵੀ ਕਰ ਰਿਹਾ ਹੁੰਦਾ ਹੈ, ਘੋਲਾਂ ਵਿਚ ਰੈਫ਼ਰੀ ਦੀ ਭੂਮਿਕਾ ਵੀ ਅਕਸਰ ਨਿਭਾਉਂਦਾ ਹੈ- ਜਦ ਕੋਈ ਭਲਵਾਨ ਘੋਲ ਜਿੱਤ ਕੇ ਅਖਾੜੇ ਦਾ ਚੱਕਰ ਲਾਉਂਦਾ ਹੈ ਤਾਂ ਇਹ ਉਸ ਦੇ ਨਾਲ਼ ਨਾਲ਼ ਪਰਕਰਮਾ ਕਰਦਾ ਹੈ! ਕਦੀ ਕਦੀ ਢੋਲ 'ਤੇ ਡਗਾ ਵੀ ਲਾ ਦਿੰਦਾ ਹੈ। ਭਲਵਾਨਾਂ ਲਈ ਤਿਆਰ ਹੋ ਰਹੀ ਰਸਦ ਦੀ ਦੇਖ ਰੇਖ ਵੀ ਕਰਦਾ ਹੈ। ਪਿੰਡ ਦੇ ਲੋਕ ਵੀ ਇਸਦੀ ਬੜੀ ਇੱਜ਼ਤ ਕਰਦੇ ਹਨ।''
ਮਿੰਟੂ ਕਹਿੰਦਾ, ''ਸੁਣਿਆ ਹੈ, ਪਿੰਡ ਵਿੱਚ ਇਸ ਦੀ ਘੁੰਨੇ ਅਮਲੀ ਨਾਲ਼ ਵੀ ਬੜੀ ਉੱਠਣੀ ਬੈਠਣੀ ਹੈ। ਉਹਦੀ ਹਵੇਲੀ ਇਹ ਛੁੱਟੀ ਵਾਲ਼ੇ ਦਿਨ ਅਕਸਰ ਵਾਣ ਦੇ ਮੰਜੇ 'ਤੇ ਲੰਮਾ ਪਿਆ ਹੁੰਦਾ ਹੈ।''

''ਕੋਈ ਅਮਲ ਵੀ ਕਰਦਾ ਐ?''
''ਉਹ ਤਾਂ ਸਾਰਾ ਪਿੰਡ ਹੀ ਅਮਲੀਆਂ ਦਾ ਪਿੰਡ ਹੈ! ਓਥੇ ਹੁੱਕਾ ਤੇ ਪੋਸਤ ਵੀ ਆਮ ਚੱਲਦੇ ਹਨ। ਹੋ ਸਕਦਾ ਹੈ, ਇਹ ਘੁੰਨੇ ਅਮਲੀ ਨੂੰ ਵੀ ਰੱਮ ਦੇ ਦੋ ਤਿੰਨ ਪੈੱਗ ਲੁਆ ਦਿੰਦਾ ਹੋਵੇ- ਇਹਨੂੰ ਰੱਮ ਦਾ ਤੈਅ ਕੋਟਾ ਤਾਂ ਮਿਲਦਾ ਹੀ ਹੈ। ਸੁਣਿਐਂ, ਉਹ ਇਹਨੂੰ ਪੋਸਤ ਦੀ ਬਾਟੀ ਪਿਆ ਦਿੰਦਾ ਐ। ਨਸ਼ਾ ਕਰਨ ਤੋਂ ਬਾਅਦ ਤਾਂ ਇਹ 80 ਸਾਲ ਦੇ ਟਹਿਲ ਸਿਹੁੰ ਨੂੰ ਵੀ 'ਜਵਾਨ' ਕਹਿ ਕੇ ਹੀ ਹਾਕ ਮਾਰਦਾ ਐ! ਇਹ ਟਹਿਲ ਸਿੰਘ ਦੇ ਪੂਰਬੀਏ ਮੁਲਾਜ਼ਮ ਨੂੰ ਵੀ 'ਜਵਾਨ' ਹੀ ਕਹਿੰਦਾ ਹੈ, ਟਹਿਲ ਸਿੰਘ ਦੇ ਸੱਤ ਸਾਲ ਦੇ ਪੋਤੇ ਨੂੰ ਵੀ 'ਜਵਾਨ'। ਇਹਨੇ ਤਾਂ ਕਸ਼ਮੀਰ ਵਲੋਂ ਲੋਈਆਂ ਵੇਚਣ ਆਏ ਰਾਸ਼ਿਆਂ ਨੂੰ ਵੀ 'ਜਵਾਨ' ਕਹਿ ਸੁੱਟਿਆ- ਉਹ ਇਹਦੇ ਮਸਤ-ਮੌਲੇ ਸੁਭਾਅ 'ਤੇ ਹੱਸੀ ਜਾਣ ਅਤੇ ਆਪਣੀਆਂ ਲੋਈਆਂ ਵੇਚਣ ਵਾਲੀਆਂ ਬਾਤਾਂ ਪਾਈ ਜਾਣ। ਇਹ ਲੋਈਆਂ ਨੂੰ ਨਿਹਾਰੀ ਜਾਵੇ, ਖਰੀਦੇ ਕੁਝ ਨਾ।''

ਫੇਰ ਮਿੰਟੂ, ਬੈਂਕ ਵਿੱਚ ਪੰਜ ਸਾਲ ਨੌਕਰੀ ਕਰ, ਵਿਆਹ ਦੇ ਅਧਾਰ 'ਤੇ ਲੰਡਨ ਚਲਾ ਗਿਆ। ਜਾਗਰ ਤੋਂ ਪੰਜ ਸਾਲ 'ਜਵਾਨ'-'ਜਵਾਨ' ਸੁਣਨ ਤੋਂ ਬਾਅਦ, ਮਿੰਟੂ ਦੇ ਮੂੰਹ 'ਤੇ ਵੀ ਕਾਫ਼ੀ ਹੱਦ ਤੱਕ ਇਹ ਚੜ੍ਹ ਹੀ ਗਿਆ! ਜਦ ਸਾਡਾ ਆਪਸ ਵਿੱਚ ਫ਼ੋਨ ਹੋਣਾ, ਉਹਨੇ ਓਧਰੋਂ ਪੁੱਛਣਾ, ''ਹੋਰ ਕੀ ਹਾਲ ਹੈ, ਜਵਾਨ?''
ਮੈਂ ਕਹਿਣਾ, ''ਹੁਣ ਤਾਂ
50 ਦਾ ਹੋ ਗਿਆ ਹਾਂ, ਤੂੰ ਮੈਨੂੰ ਹੁਣ ਵੀ 'ਜਵਾਨ'-'ਜਵਾਨ' ਕਹਿ ਕੇ ਬੁਲਾਈ ਜਾਨਾ ਹੈਂ।' ਉਹ ਕਹਿੰਦਾ, ਮੇਰੇ ਮੂੰਹ 'ਤੇ 'ਜਵਾਨ' ਐਸਾ ਚੜ੍ਹਿਆ ਹੈ ਕਿ ਮੈਥੋਂ ਤਾਂ- ਡਾਕਖਾਨੇ 'ਚ ਚਿੱਠੀਆਂ ਦੀ ਛਾਂਟੀ ਕਰਦਿਆਂ- ਨਾਲ਼ ਕੰਮ ਕਰਦੇ ਗੋਰੇ ਨੂੰ ਵੀ 'ਜਵਾਨ' ਕਹਿ ਹੋ ਗਿਆ! ਜਦ ਉਹ ਅੱਗੋਂ ਹੱਸ ਪਿਆ ਤਾਂ ਫੇਰ ਮੈਂ ਉਸ ਨੂੰ 'ਯੰਗ ਮੈਨ' ਕਹਿ ਕੇ ਸੱਦਣਾ

ਪ੍ਰੀਤ ਲੜੀ ਮੇਰੇ ਲਈ ਮਾਂ, ਅਧਿਆਪਕ, ਮਿੱਤਰ, ਆਗੂ

100ਵੇਂ ਸਾਲ 2033 ਲਈ ਤਿਆਰ ਹੋ ਰਹੀ ਕੌਫ਼ੀ ਟੇਬਲ ਬੁਕ ਲਈ ਲਿਖਿਆ-ਸੰ

ਮੇਰੇ ਜਨਮ ਤੋਂ ਪਹਿਲਾਂ ਹੀ "ਪ੍ਰੀਤ ਲੜੀ" ਸਾਡੇ ਘਰ ਆਉਂਦੀ ਸੀ। ਜਦੋਂ ਮੈਂ ਅੱਖਰ ਉਠਾਉਣ ਯੋਗ ਹੋ ਗਿਆ ਤਾਂ ਮੈਂ ਸੌਖਿਆਂ "ਪ੍ਰੀਤ ਲੜੀ" ਪੜ੍ਹਨ ਲੱਗ ਪਿਆ। ਭਾਵੇਂ ਅਜੇ ਮੇਰੀ ਸਮਝ ਥੋੜ੍ਹੀ ਸੀ ਪਰ ਮੈਨੂੰ "ਪ੍ਰੀਤ ਲੜੀ" ਪੜ੍ਹ ਕੇ ਬਹੁਤ ਖੁਸ਼ੀ ਮਹਿਸੂਸ ਹੁੰਦੀ ਸੀ।

ਉਨ੍ਹਾਂ ਦਿਨਾਂ ਵਿੱਚ ਹੀ ਮੇਰੀ ਮਾਂ ਚਲਾਣਾ ਕਰ ਗਈ। ਪਿਤਾ ਪਹਿਲਾਂ ਹੀ...- ਜੋ ਅਜ਼ਾਦੀ ਘੁਲਾਟੀਆ ਹੋਣ ਕਰਕੇ ਜੇਲ੍ਹ ਵਿੱਚ ਜਾਂ ਮਫ਼ਰੂਰ ਹੀ ਰਹਿੰਦਾ ਸੀ।

ਉਨ੍ਹਾਂ ਦਿਨਾਂ ਦੀ ਇਕੱਲਤਾ ਅਤੇ ਉਦਾਸੀ ਬਰਦਾਸ਼ਤ ਕਰਨ ਵਿੱਚ "ਪ੍ਰੀਤ ਲੜੀ" ਨੇ ਮੇਰੀ ਬਹੁਤ ਮਦਦ ਕੀਤੀ। "ਪ੍ਰੀਤ ਲੜੀ" ਮੈਨੂੰ ਮੇਰੀ ਮਾਂ ਵਾਂਗਰ ਜਾਪਣ ਲੱਗ ਪਈ।

ਜਦੋਂ ਮੈਂ ਹੋਰ ਵੱਡਾ ਹੋਇਆ ਤਾਂ "ਪ੍ਰੀਤ ਲੜੀ" ਦੀ ਪਰੇਰਨਾ ਸਦਕਾ ਮੈਂ ਡਿਬੇਟ, ਆਦਿ, ਵਿੱਚ ਹਿੱਸਾ ਲੈਣ ਲਗ ਪਿਆ ਅਤੇ ਬਹੁਤ ਸਫ਼ਲ ਵੀ ਹੋਇਆ।

ਜਦੋਂ ਉਮਰ ਅੱਗੇ ਟੁਰੀ ਤਾਂ ਕਲਮ ਚੁੱਕਣ ਦੀ ਹਿੰਮਤ ਹੋਈ। "ਪ੍ਰੀਤ ਲੜੀ" ਤੋਂ ਪ੍ਰਾਪਤ ਸੂਝ ਨੇ ਮੈਨੂੰ ਧਾਰਮਕ, ਸਮਾਜਕ ਅਤੇ ਰਾਜਨੀਤਕ ਹਾਲਤਾਂ ਨੂੰ ਸਮਝਣ ਵਿੱਚ ਮਦਦ ਕੀਤੀ -ਅਤੇ ਨਾਟਕ ਲੇਖਣ, ਰੰਗਮੰਚ ਵਲ ਪਰੇਰਿਤ ਕੀਤਾ।

ਜੇ ਅੱਜ ਮੈਂ "ਸ਼੍ਰੋਮਣੀ ਨਾਟਕਕਾਰ" ਹਾਂ, ਰੰਗਮੰਚ ਨਿਰਦੇਸ਼ਕ ਅਤੇ ਅਦਾਕਾਰ ਹਾਂ- ਇਹ ਮੇਰੀ ਸਾਰੀ ਪਰਾਪਤੀ "ਪ੍ਰੀਤ ਲੜੀ" ਦੀ ਦੇਣ ਹੈ। ਇਸ ਤੋਂ ਵੀ ਵੱਧ ਪ੍ਰਾਪਤੀ ਇਹ ਹੋਈ ਕਿ ਨਵਤੇਜ ਹੋਰਾਂ ਨੇ (ਹਾਲਾਂ ਕਿ ਉਹ ਉਮਰ ਵਿਚ ਮੇਰੇ ਨਾਲੋਂ ਕਾਫ਼ੀ ਵੱਡੇ ਸਨ) ਮੇਰੇ ਨਾਲ ਮਿੱਤਰਤਾ ਕੀਤੀ ਅਤੇ ਨਿਭਾਈ। ਉਹ ਮੇਰੇ ਘਰ ਬਿਨਾ ਕਿਸੇ ਉਚੇਚ ਦੇ ਆਉਣ-ਜਾਣ ਲੱਗੇ ਜਿਸ ਨਾਲ ਜ਼ਿੰਦਗੀ ਅਤੇ ਸਾਹਿਤ ਪ੍ਰਤੀ ਮੇਰੀ ਸਮਝ ਵਿੱਚ ਲਗਾਤਾਰ ਵਾਧਾ ਹੋਇਆ।

(ਦੌਸਤੋਏਵਸਕੀ ਦੀ ਮਸ਼ਹੂਰ ਕਹਾਣੀ "ਚਿੱਟੀਆਂ ਰਾਤਾਂ" ਉੱਤੇ ਦਮਨ ਜੀ ਵੱਲੋਂ ਕਮਾਲ ਦੀ ਕਸਕ ਅਤੇ ਫੱਬਤ ਨਾਲ ਲਿਖੇ, ਨਿਰਦੇਸ਼ਤ ਕੀਤੇ ਨਾਟਕ -ਜਿਸ ਵਿਚ ਉਨ੍ਹਾਂ ਦੀ ਅਦਾਕਾਰਾ ਪਤਨੀ ਜਸਵੰਤ ਦਮਨ ਨੇ ਹਮੇਸ਼ਾ ਲਈ ਪ੍ਰਭਾਵ ਛੱਡਦੀ ਅਦਾਕਾਰੀ ਵੀ ਕੀਤੀ ਸੀ , ਇਸਦੀ ਨਵਤੇਜ ਸਿੰਘ ਜੀ ਬਹੁਤ ਤਾਰੀਫ਼ ਕੀਤੀ ਸੀ -ਸੰ.)

ਨਵਤੇਜ ਜੀ ਦੀ ਦਿੱਤੀ ਹਿੰਮਤ ਸਦਕਾ ਮੇਰੀਆਂ ਰਚਨਾਵਾਂ ਅਤੇ ਰੰਗਮੰਚੀ ਪੇਸ਼ਕਾਰੀਆਂ ਦੀਆਂ ਰਿਪੋਰਟਾਂ "ਪ੍ਰੀਤ ਲੜੀ" ਵਿੱਚ ਛਪ ਕੇ ਪਾਠਕਾਂ ਤੀਕ ਪਹੁੰਚਦੀਆਂ ਰਹੀਆਂ।

ਬੱਸ ਇੱਕੋ ਅਫ਼ਸੋਸ ਰਿਹਾ ਕਿ ਮੈਂ ਨਵਤੇਜ ਹੋਰਾਂ ਦੇ ਪੂਜਨੀਕ ਪਿਤਾ , ਸਰਦਾਰ ਗੁਰਬਖ਼ਸ਼ ਸਿੰਘ, ਦੇ ਖੁੱਲ੍ਹੇ ਦਰਸ਼ਨ ਦੀਦਾਰ ਨਹੀਂ ਕਰ ਸਕਿਆ। ਉਨ੍ਹਾਂ ਦੇ ਵਿਦਾ ਹੋਣ ਤੋਂ ਪਹਿਲਾਂ ਸਿਰਫ਼ ਕੁਝ ਪਲਾਂ ਲਈ ਪੀਜੀਆਈ ਦੇ ਬਿਸਤਰ ਉੱਤੇ ਉਨ੍ਹਾਂ ਦੇ ਚਰਨ ਛੋਹਦਿਆਂ ਉਨ੍ਹਾਂ ਦਾ ਅਸ਼ੀਰਵਾਦ ਪਰਾਪਤ ਕਰ ਸਕਿਆ।

"ਪ੍ਰੀਤ ਲੜੀ" ਨੇ ਮੇਰੇ ਲਈ ਮਾਂ ਦੇ ਪਿਆਰ ਤੋਂ ਲੈ ਕੇ ਇੱਕ ਸਾਹਿਤਕ ਅਧਿਆਪਕ ਦਾ ਰੋਲ ਨਿਭਾਇਆ ਹੈ।

(ਪੰਜਾਬੀ ਨਾਟਕ ਦੀ ਪ੍ਰਮੁੱਖ ਹਸਤੀ-ਸੰ.)

98551 09660

ਓਦੋਂ ਜੁਆਨ...

ਸ਼ੂਰੂ ਹੋਇਆ। ਮੇਰੇ 'ਜਵਾਨ' ਸ਼ਬਦ ਨੇ ਗੋਰੇ ਵਿੱਚ ਪੰਜਾਬੀ ਸਿੱਖਣ ਦਾ ਜਜ਼ਬਾ ਜ਼ਰੂਰ ਪੈਦਾ ਕਰ ਦਿੱਤਾ! ਕਹਿੰਦਾ,

"ਮਿੰਟੂ, ਪਲੀਜ਼ ਟੈੱਲ ਮੀ ਸਮ ਮੋਰ ਪੰਜਾਬੀ ਵਰਡਜ਼?'

'ਵ੍ਹਟ ਟਾਈਪ ਆਫ਼ ਵਰਡਜ਼?' ਮੈਂ ਪੁੱਛਿਆ।

'ਪੰਜਾਬੀ ਗ੍ਰੀਟਿੰਗਜ਼?'

'ਸਤਿ ਸ੍ਰੀ ਅਕਾਲ', ਮੈਂ ਕਿਹਾ।

'ਸਟ ਸੀ ਅਕਾਲ', ਉਹ ਮੇਰੇ ਮਗਰ ਬੋਲਿਆ।

ਫੇਰ ਕਹਿੰਦਾ- 'ਵੱਨ ਮੋਰ?'

'ਨਮਸਤੇ', ਮੈਂ ਕਿਹਾ, 'ਬੋਲ ਕੇ ਦੱਸ?'

'ਨਮਸਟੇ', ਉਸ ਕਿਹਾ, ਫੇਰ ਕਹਿੰਦਾ- 'ਡੂ ਯੂ ਬਿਲੀਵ ਇਨ ਵਨ ਗਾਡ ਔਰ ਮੈਨੀ ਗਾਡਜ਼? ਵ੍ਹਟ ਇਜ਼ ਦ ਨੇਮ ਆਫ਼ ਯੂਅਰ ਗਾਡ?'

'ਵਾਹਿਗੁਰੂ', ਮੈਂ ਕਿਹਾ। ਉਸ ਤੋਂ ਇਹ ਚੱਜ ਨਾਲ਼ ਬੋਲ ਹੀ ਨਾ ਹੋਇਆ ਪਰ ਉਹ ਮੇਰੇ ਵੱਲ ਬੜੇ ਪਿਆਰ ਸਤਿਕਾਰ ਨਾਲ਼ ਦੇਖਦਾ ਰਿਹਾ।"

ਮਿੰਟੂ ਦਸਾਂ ਸਾਲ ਬਾਅਦ ਪੰਜਾਬ ਆ ਕੇ ਮੈਨੂੰ ਮਿਲਿਆ ਤਾਂ ਮੈਂ ਉਹਨੂੰ ਵੇਖ ਕੇ ਹੈਰਾਨ ਰਹਿ ਗਿਆ! ਉਹ ਤਾਂ 45 ਸਾਲ ਦੀ ਉਮਰ ਵਿੱਚ ਹੀ ਗੰਜਾ ਹੋ ਗਿਆ ਸੀ। ਸਿਰ 'ਤੇ ਇੱਕ ਵੀ ਵਾਲ਼ ਨਹੀਂ ਸੀ! ਰੰਗ ਤਾਂ ਅੱਗੇ ਹੀ ਗੋਰਾ ਸੀ - ਹੁਣ ਪੂਰਾ 'ਗੋਰਾ' ਲੱਗਦਾ ਸੀ! ਸਿਰਫ਼ ਨੈਣ ਨਕਸ਼ ਤੋਂ ਪੰਜਾਬੀ ਲੱਗਦਾ ਸੀ- ਬਾਕੀ ਸਭ ਕੁਝ ਤੋਂ ਨਿਰਾ ਗੋਰਾ। ਕਲੀਨ ਸ਼ੇਵਡ ਉਹ ਪਹਿਲਾਂ ਤੋਂ ਹੀ ਸੀ। ਰੰਗ ਹੁਣ ਉਹਦਾ ਹੋਰ ਵੀ ਲਾਲੀ ਫੜ ਗਿਆ ਸੀ।

"ਯਾਰ, ਤੂੰ ਤਾਂ ਬਿਲਕੁਲ ਬਦਲ ਚੁੱਕਾ ਹੈਂ, ਹੁਣ ਤੂੰ 'ਜਵਾਨ' ਨਹੀਂ- 'ਜੌਨ੍ਹ' ਬਣ ਚੁੱਕਾ ਹੈਂ!! ਮੈਂ ਤਾਂ ਹੁਣ ਤੈਨੂੰ ਮਿੰਟੂ ਨਹੀਂ ਜੌਨ੍ਹ ਕਹਿ ਕੇ ਬੁਲਾਇਆ ਕਰਾਂਗਾ।"

"ਜੋ ਮਰਜ਼ੀ ਕਹਿ ਲੈ, ਦੋਸਤਾ, ਤੇਰੀ ਮਰਜ਼ੀ। ਲੰਡਨ ਦਾ ਪੌਣ ਪਾਣੀ ਬੰਦੇ ਦੇ ਸਰੀਰ 'ਤੇ ਅਸਰ ਪਾ ਹੀ ਦਿੰਦਾ ਐ। ਮੈਂ ਭਾਵੇਂ ਗੋਰਾ ਚਿੱਟਾ ਤੇ ਗੰਜਾ ਹੋ ਗਿਆ ਹਾਂ, ਪਰ ਅੰਦਰੋਂ ਪੰਜਾਬੀ ਹੀ ਹਾਂ। ਜਿੱਥੇ ਮਰਜ਼ੀ ਚਲੇ ਜਾਓ, ਪੰਜਾਬ ਜਿਹੀ ਥਾਂ ਕਿਤੇ ਨਹੀਂ ਮਿਲਦੀ- ਲੰਡਨ, ਟਰੌਂਟੋ, ਮੈਲਬਰਨ, ਲਾਸ ਏਂਜਲਸ ਨੇ ਪੰਜਾਬ ਦਾ ਕੀ ਮੁਕਾਬਲਾ ਕਰਨਾ? ਦੁੱਖ ਇਹ ਹੈ ਕਿ ਸਾਡੇ ਸਿਆਸਤਦਾਨ ਨਹੀਂ ਸੁਧਰਦੇ, ਸਾਡੀ ਅਫ਼ਸਰਸ਼ਾਹੀ ਦਾ ਬੇੜਾ ਗ਼ਰਕ ਐ। ਸਾਡੇ ਧਾਰਮਕ ਬੰਦਿਆਂ ਵਿਚੋਂ ਵੀ ਥੋੜ੍ਹੇ ਹੀ ਨਿਰਸੁਆਰਥ ਅਤੇ ਨਿਸ਼ਕਾਮ ਸੇਵਕ ਹਨ।"

"ਗੱਲ ਤਾਂ ਤੇਰੀ ਠੀਕ ਹੈ, ਜੌਨ੍ਹ।"

ਚੰਦ ਕੁ ਦਿਨ ਪੰਜਾਬ ਰਹਿ ਕੇ ਉਹ ਲੰਡਨ ਨੂੰ ਵਾਪਸ ਮੁੜ ਗਿਆ।

ਅਸਟ੍ਰੇਲੀਆ

ਜਦੋਂ ਸੰਪਾਦਕ ਨਵਤੇਜ ਸਿੰਘ ਤੋਂ ਕੁਝ ਵੱਧ ਲਿਖਵਾਇਆ ਸੀ!

"ਪ੍ਰੀਤ ਲੜੀ" ਨਾਲ ਆਪਣੇ ਧੁਰ ਅੰਦਰੋਂ ਮੋਹ ਹੈ।

ਸਰਦਾਰ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਵੱਲੋਂ ਲੋਪੋਕੇ ਵਿੱਚ ਹੀ ਤਾਂ ਪ੍ਰੀਤ ਨਗਰ ਵਸਾਇਆ ਗਿਆ ਸੀ! (ਇਹ ਧਨੀ ਰਾਮ ਚਾਤ੍ਰਿਕ ਜੀ ਦੇ ਨਾਨਕੇ ਪਿੰਡ, ਲੋਪੋਕੇ, ਦਾ ਹਿੱਸਾ ਸੀ, ਹੁਣੇ ਜਿਹੇ ਵੱਖਰੀ ਪੰਚਾਇਤ ਬਣੀ ਹੈ- ਸੰ.।)
ਉਨ੍ਹਾਂ ਦੇ ਪਰਿਵਾਰ ਨਾਲ ਮੇਰੇ ਦਾਰ ਜੀ, ਸ੍ਰ. ਧਨਵੰਤ ਸਿੰਘ ਸੰਧੂ ਅਤੇ ਮੇਰੀਆਂ ਭੂਆ - ਜਸਪਾਲ ਕੌਰ ਸੰਧੂ ਅਤੇ ਤੇਜਵੰਤ ਕੌਰ ਢਿੱਲੋਂ- ਦੀ ਡੂੰਘੀ ਪਰਿਵਾਰਕ ਸਾਂਝ ਸੀ, ਜੋ ਅਜੇ ਵੀ ਚਾਰ ਪੀੜ੍ਹੀਆਂ ਤੱਕ ਨਿਰੰਤਰ ਚੱਲਦੀ ਆ ਰਹੀ ਹੈ।
ਮੈਨੂੰ ਸ੍ਰ. ਨਵਤੇਜ ਸਿੰਘ ਹੋਰਾਂ ਨੂੰ ਮਿਲਣ ਦੇ ਤਾਂ ਬਹੁਤ ਮੌਕੇ ਮਿਲਦੇ ਰਹੇ!
ਉਹ "ਪ੍ਰੀਤ ਲੜੀ" ਮੈਗਜ਼ੀਨ ਵਿਚ ਜਿਹੜਾ "ਮੇਰੀ ਧਰਤੀ ਮੇਰੇ ਲੋਕ" ਫ਼ੀਚਰ ਲਿਖਿਆ ਕਰਦੇ ਸਨ, ਉਸ ਵਿੱਚ ਆਲ਼ੇ-ਦੁਆਲ਼ੇ ਨਾਲ ਜੁੜੀਆਂ ਚੰਗੀਆਂ ਮਾੜੀਆਂ ਘਟਨਾਵਾਂ ਦਾ ਵੀ ਜ਼ਿਕਰ ਹੁੰਦਾ ਸੀ।
ਇੱਕ ਵਾਰ, ਉਨ੍ਹਾਂ "ਦੀਦਾਰ ਸਿੰਘ ਕਾਵੇਂ" ਬਾਰੇ ਲਿਖਿਆ -ਜਿਸ ਨੂੰ ਲੋਕ 'ਦਾਰੀ ਕਾਵੇਂ" ਦੇ ਨਾਮ ਨਾਲ ਜਾਣਦੇ ਸਨ! ਉਹ ਸਾਡੇ ਇਲਾਕੇ ਦਾ ਇੱਕ ਨਾਮੀ ਸਮੱਗਲਰ ਸੀ! ਉਸ ਨੇ ਕਈ ਕਤਲ ਵੀ ਕੀਤੇ ਸਨ!!
ਅਸਲ ਵਿਚ, ਮੈਂ ਦੀਦਾਰ ਸਿੰਘ ਉਰਫ਼ 'ਦਾਰੀ ਕਾਵਾਂ' ਨੂੰ ਬਹੁਤ ਨੇੜਿਓਂ ਜਾਣਦੀ ਸੀ- ਉਨ੍ਹਾਂ ਦੇ ਵੱਡੇ ਭਰਾ, ਸ੍ਰ. ਗੁਲਜ਼ਾਰ ਸਿੰਘ, ਮੇਰੇ ਦਾਰ ਜੀ ਦੇ ਜਮਾਤੀ ਅਤੇ ਗੂੜ੍ਹੇ ਮਿੱਤਰ ਜੋ ਸਨ। ਸਾਡਾ ਉਸ ਪਰਿਵਾਰ ਨਾਲ ਬਹੁਤ ਮੇਲ-ਜੋਲ ਸੀ।
ਮੈਂ ਜਦੋਂ ਵੀ ਪਿੰਡ ਕਾਵੇਂ ਜਾਂਦੀ, 'ਦਾਰੀ ਚਾਚੇ' ਨੂੰ ਜ਼ਰੂਰ ਮਿਲਦੀ ਅਤੇ ਉਨ੍ਹਾਂ ਨਾਲ ਖ਼ੂਬ ਗੱਲਾਂ ਕਰਦੀ!
ਬਹੁਤੇ ਲੋਕ ਉਨ੍ਹਾਂ ਨਾਲ ਗੱਲ ਕਰਨ ਤੋਂ ਵੀ ਡਰਦੇ ਸਨ- ਪਰ ਮੈਂ ਉਨ੍ਹਾਂ ਨੂੰ ਬਹੁਤ ਸਵਾਲ ਕਰਦੀ! ਇਹ ਵੀ ਕਿ - "ਤੁਸੀਂ ਇਹ ਗ਼ਲਤ ਕੰਮ ਕਿਉਂ ਕਰਦੇ ਹੋ? ਵਗੈਰਾ, ਵਗੈਰਾ! ... ਉਹ ਆਪਣੀ ਸਫ਼ਾਈ ਇਓਂ ਦਿੰਦੇ! -
"ਬੇਟਾ, ਇਹ ਅਲਜੱਬਰੇ ਦੇ ਸਵਾਲ ਹਨ- ਤੂੰ ਨਹੀਂ ਸਮਝ ਸਕਦੀ। ਮੈਂ ਤਾਂ ਚਿੜੀ ਮਾਰ ਕੇ ਵੀ ਖ਼ੁਸ਼ ਨਹੀਂ। ਪਰ ਮੈਨੂੰ ਆਪਣੀਆਂ ਭਾਜੀਆਂ ਮੋੜਨੀਆਂ ਪੈਂਦੀਆਂ ਹਨ।"
ਪਤਾ ਲੱਗਾ ਸੀ ਕਿ "ਦਾਰੀ ਕਾਵੇਂ ਦੀ ਜ਼ਿੰਦਗੀ ਦੇ ਅਸੂਲ ਬੜੇ ਪੱਕੇ ਹਨ- ਜੋ ਉਹ ਕਦੀ ਵੀ ਨਹੀਂ ਤੋੜਦਾ"।
ਮੈਂ ਭਾਪਾ ਜੀ, ਸ੍ਰ. ਨਵਤੇਜ ਸਿੰਘ ਹੋਰਾਂ ਨੂੰ, ਦਾਰੀ ਕਾਵੇਂ ਨਾਲ ਮਿਲਣ ਲਈ ਰਾਜ਼ੀ ਕਰ ਲਿਆ!
ਉਨ੍ਹਾਂ ਦੀ ਤਿੰਨ ਚਾਰ ਘੰਟੇ ਆਪਸ ਵਿਚ ਖੁੱਲ੍ਹੀ ਗੱਲ-ਬਾਤ ਹੋਈ।
ਦਾਰੀ ਚਾਚੇ ਨੇ ਭਾਪਾ ਜੀ ਦੇ ਹਰ ਸਵਾਲ ਦਾ ਜਵਾਬ ਸਹਿਜ, ਬੇ-ਬਾਕੀ ਅਤੇ ਬੜੇ ਸੁਲਝੇ ਢੰਗ ਨਾਲ ਦਿੱਤਾ!
ਅਸਲ ਵਿਚ, ਉਹ ਗੱਲ-ਬਾਤ ਵਿੱਚ ਬੜੇ ਮਿੱਠ-ਬੋਲੜੇ ਇਨਸਾਨ ਸਨ!
ਭਾਪਾ ਜੀ ਉੱਥੋਂ ਚੁੱਪ-ਚਾਪ ਵਾਪਸ ਆ ਗਏ।
ਅਗਲੇ ਮਹੀਨੇ ਦੇ "ਪ੍ਰੀਤ ਲੜੀ" ਦੇ ਅੰਕ ਦੇ "ਮੇਰੀ ਧਰਤੀ ਮੇਰੇ ਲੋਕ" ਵਿਚ ਉਨ੍ਹਾਂ ਦੁਬਾਰਾ - ਦਾਰੀ ਦੇ ਅਸਲੀ ਰੂਪ ਬਾਰੇ- ਸੋਧਿਆ ਹੋਇਆ ਲੇਖ ਛਾਪਿਆ!
ਭਾਪਾ ਜੀ ਨੇ ਇਸ ਮੁਲਾਕਾਤ ਵਿੱਚ ਦੀਦਾਰ ਸਿੰਘ ਉਰਫ਼ ਦਾਰੀ ਕਾਵੇਂ ਦੇ ਅਸਲੀ ਰੂਪ ਨੂੰ ਆਪਣੀ ਡੂੰਘੀ ਨੀਝ ਨਾਲ ਚੰਗੀ ਤਰ੍ਹਾਂ ਪਛਾਣ ਲਿਆ ਸੀ।
ਮੈਂ ਹਾਂ, ਪ੍ਰੀਤ ਲੜੀ ਨਾਲ ਜੁੜੀ ਇਸਦੀ ਇੱਕ ਸਦੀਵੀ ਤੰਦ-

ਨਰਿੰਦਰ ਕੌਰ ਕਾਹਲੋਂ

(ਅਮਰੀਕਾ ਤੋਂ)

ਆਪਣਾ ਆਪਾ ਕਿਸ ਨੂੰ ਯਾਦ ਹੈ?

ਨਾ ਤਾਂ ਮੈਨੂੰ ਦੋਸਤੀ, ਨਾ ਦੁਸ਼ਮਣੀ
ਦੀ ਲੋੜ ਹੈ।
ਬਸ ਫ਼ਕਤ ਇੱਕ ਆਪਣੀ ਹੀ
ਬਿਹਤਰੀ ਦੀ ਲੋੜ ਹੈ।

ਦਰ 'ਤੇ ਉਸ ਦੇ ਆ ਕੇ ਆਪਣਾ
ਆਪਾ ਕਿਸ ਨੂੰ ਯਾਦ ਹੈ?
ਇਸ਼ਕ ਦੀ ਟੀਸੀ 'ਤੇ ਕੇਵਲ
ਬੇਖ਼ੁਦੀ ਦੀ ਲੋੜ ਹੈ।

ਨਾ ਅਜੇ ਤੂੰ ਛੱਡ ਕੇ ਜਾ,
ਕੁਝ ਕਦਮ ਤਾਂ ਨਾਲ ਚੱਲ,
ਤੈਨੂੰ ਨਹੀਂ, ਮੈਨੂੰ ਤਾਂ ਤੇਰੀ
ਰਹਿਬਰੀ ਦੀ ਲੋੜ ਹੈ।

ਬਾਝ ਤੇਰੇ ਆਪ ਹੀ ਮੈਂ
ਖ਼ੁਦ ਨੂੰ ਮੈਂ ਲਗਦਾ ਨਹੀਂ,
ਕਿੰਞ ਕਹਿ ਦੇਵਾਂ,
ਨਾ ਤੇਰੀ ਦੋਸਤੀ ਦੀ ਲੋੜ ਹੈ?

ਜੇਕਰ ਤੂੰ ਹੁਣ ਕਹਿੰਦਾ ਹੈਂ
ਕਿ ਤੈਨੂੰ ਮੇਰੀ ਲੋੜ ਨਹੀਂ,
ਫੇਰ ਦੱਸ ਮੈਨੂੰ
ਕਿਹੜੀ ਜ਼ਿੰਦਗੀ ਦੀ ਲੋੜ ਹੈ?

ਰੋਮ-ਰੋਮ ਮੇਰਾ
ਤੇਰਾ ਨਾਂ ਜਪਦਾ ਹੈ, ਰਾਤ-ਦਿਨ,
ਰੂਹ ਨੂੰ ਹੁਣ ਹੋਰ ਕਿਹੜੀ
ਬੰਦਗੀ ਦੀ ਲੋੜ ਹੈ?

ਲੋਅ ਨਹੀਂ ਮਿਲਦੀ ਸੂਰਜ ਦੀ,
ਬੇਸ਼ੱਕ ਮੈਨੂੰ ਨਾ ਮਿਲੇ,
ਪਰ ਘਣੇ ਇਸ ਜੰਗਲ ਵਿੱਚ
ਥੋੜੀ ਚਾਨਣੀ ਦੀ ਲੋੜ ਹੈ।

ਜੋ ਮੇਰੀ ਉਮਰਾਂ ਦੀ ਸਾਰੀ ਤਿਸ਼ਨਗੀ
ਸਮਝ ਸਕੇ,
ਮੈਨੂੰ ਤਾਂ 'ਅਜ਼ੀਜ਼' ਬੱਸ ਇੱਕ
ਉਸ ਨਦੀ ਦੀ ਲੋੜ ਹੈ।

ਪਰਮਿੰਦਰ ਸਿੰਘ ਅਜ਼ੀਜ਼

(ਡਾ.ਅਸਿਸ. ਪ੍ਰੋਫੈ. ਅੰਗਰੇਜ਼ੀ ਵਿਭਾਗ, ਦੇਵ ਸਮਾਜ ਕਾਲਜ ਫਾਰ ਵੀਮੈਨ ਸੈਕ. 45 ਚੰਡੀਗੜ੍ਹ 9888499071

ਬੁੱਝੋ ਮੈਂ ਤੁਹਾਨੂੰ ਕਿੰਨਾ ਪਿਆਰ ਕਰਦਾ ਹਾਂ

ਦਿਨ ਅਤੇ ਰਾਤ ਦੇ ਮਿਲਣ ਦਾ ਵੇਲਾ ਸੀ -ਸਾਂਝਾਂ ਦਾ! ਨਿੱਕਾ ਭੂਰਾ-ਸੁਨਹਿਰੀ ਸਹਿਆ ਅਤੇ ਵੱਡਾ ਭੂਰਾ-ਸੁਨਹਿਰੀ ਸਹਿਆ ਬਾਹਰ ਘੁੰਮਣ ਨਿੱਕਲੇ। ਬਾਹਰ ਦੂਰ ਦੂਰ ਤੱਕ ਹਰਾ ਘਾਅ ਸੀ, ਦ੍ਰਖ਼ਤ ਸਨ, ਅਤੇ ਥੋੜ੍ਹੀ ਥੋੜ੍ਹੀ ਠੰਢੀ ਹਵਾ ਚੱਲ ਰਹੀ ਸੀ। ਪਿਓ ਅਤੇ ਪੁੱਤ ਆਪਸ ਵਿਚ ਪਿਆਰੀਆਂ ਪਿਆਰੀਆਂ ਗੱਲਾਂ ਵੀ ਕਰ ਰਹੇ ਸਨ। ਨਿੱਕੇ ਭੂਰੇ-ਸੁਨਹਿਰੀ ਸਹੇ ਨੇ ਵੱਡੇ ਭੂਰੇ-ਸੁਨਹਿਰੀ ਸਹੇ ਨੂੰ ਆਪਣੀਆਂ ਬਾਹਾਂ ਪੂਰੀਆਂ ਚੌੜੀਆਂ ਖੋਲ੍ਹ ਕੇ ਕਿਹਾ- "ਮੈਂ ਤੁਹਾਨੂੰ ਏਨਾ ਪਿਆਰ ਕਰਦਾ ਹਾਂ!"



guesshowmuchilove.com

ਫੇਰ ਵੱਡੇ ਭੂਰੇ-ਸੁਨਹਿਰੀ ਸਹੇ ਨੇ ਆਪਣੀਆਂ ਬਹੁਤ ਵੱਡੀਆਂ ਵੱਡੀਆਂ ਬਾਹਾਂ ਪੂਰੀਆਂ ਖੋਲ੍ਹ ਕੇ ਕਿਹਾ- "ਤੇ ਮੈਂ ਤੈਨੂੰ ਏਨਾ ਪਿਆਰ ਕਰਦਾ ਹਾਂ!"

ਨਿੱਕਾ ਭੂਰਾ-ਸੁਨਹਿਰੀ ਸਹਿਆ ਖ਼ੁਸ਼ ਹੋ ਗਿਆ। ਫੇਰ ਉਸਨੇ ਬਾਹਾਂ ਪੂਰੀਆਂ ਉੱਚੀਆਂ ਕਰ ਕੇ ਓਹੀ ਗੱਲ ਕਹੀ। ਵੱਡੇ ਭੂਰੇ-ਸੁਨਹਿਰੀ ਸਹੇ ਨੇ ਵੀ ਓਸੇ ਤਰ੍ਹਾਂ ਆਪਣੀਆਂ ਵੱਡੀਆਂ ਵੱਡੀਆਂ ਬਾਹਾਂ ਪੂਰੀਆਂ ਉੱਤੇ ਕਰ ਕੇ ਓਹੀ ਗੱਲ ਕਹੀ।

ਫੇਰ ਨਿੱਕੇ ਭੂਰੇ-ਸੁਨਹਿਰੀ ਸਹੇ ਨੇ ਉੱਤੇ ਵੱਲ ਪੂਰੀਆਂ ਬਾਹਾਂ ਖੋਲ੍ਹ ਕੇ ਉੱਚੀ ਛਾਲ ਮਾਰ ਕੇ ਕਿਹਾ- ਤੇ ਮੈਂ ਏਨਾ! ਵੱਡੇ ਭੂਰੇ-ਸੁਨਹਿਰੀ ਸਹੇ ਨੇ ਵੀ ਓਸੇ ਤਰ੍ਹਾਂ ਉੱਤੇ ਬਾਹਾਂ ਕਰ ਕੇ ਉੱਤੇ ਵੱਲ ਛਾਲ ਮਾਰ ਕੇ ਕਿਹਾ- ਤੇ ਮੈਂ ਏਨਾ! ਉਸਦੇ ਕੰਨ ਤਾਂ ਦ੍ਰਖ਼ਤ ਦੇ ਪੱਤਿਆਂ ਤੱਕ ਪਹੁੰਚ ਰਹੇ ਸਨ!

ਨਿੱਕੇ ਭੂਰੇ-ਸੁਨਹਿਰੀ ਸਹੇ ਨੇ ਕਿਹਾ- ਮੈਂ ਤੁਹਾਨੂੰ ਸਾਰੇ ਜੰਗਲ ਜਿੰਨਾ ਪਿਆਰ ਕਰਦਾ ਹਾਂ। ਵੱਡੇ ਭੂਰੇ-ਸੁਨਹਿਰੀ ਸਹੇ ਨੇ ਕਿਹਾ- ਮੈਂ ਤੈਨੂੰ ਸਾਰੇ ਜੰਗਲ ਅਤੇ ਓਸ ਝੀਲ ਅਤੇ ਉਨ੍ਹਾਂ ਪਹਾੜਾਂ ਤੱਕ ਪਿਆਰ ਕਰਦਾ ਹਾਂ।

ਹੁਣ ਤੱਕ ਚੰਨ ਨਿਕਲ ਆਇਆ ਸੀ। ਨਿੱਕੇ ਸਹੇ ਕਿਹਾ- "ਮੈਂ ਤੁਹਾਨੂੰ ਅਸਮਾਨ ਤੱਕ ਪਿਆਰ ਕਰਦਾ ਹਾਂ!" ਵੱਡੇ ਭੂਰੇ-ਸੁਨਹਿਰੀ ਸਹੇ ਨੇ ਨਿੱਕੇ ਭੂਰੇ-ਸੁਨਹਿਰੀ ਸਹੇ ਨੂੰ ਗੋਦੀ ਚੁੱਕ ਕੇ ਚੰਨ ਵੱਲ ਇਸ਼ਾਰਾ ਕਰ ਕੇ ਕਿਹਾ- ਮੈਂ ਤੈਨੂੰ ਚੰਨ ਤੱਕ ਅਤੇ ਸਾਰੇ ਰਾਹ ਵਾਪਿਸ ਧਰਤੀ ਤੱਕ ਦਾ ਪਿਆਰ ਕਰਦਾ ਹਾਂ।

ਨਿੱਕਾ ਭੂਰਾ-ਸੁਨਹਿਰੀ ਸਹਿਆ ਏਨੇ ਪਿਆਰ ਨਾਲ ਬਹੁਤ ਰੱਜਿਆ ਰੱਜਿਆ ਮਹਿਸੂਸ ਕਰ ਰਿਹਾ ਸੀ। ਹੁਣ ਤਾਂ ਉਸ ਨੂੰ ਥੋੜ੍ਹੀ ਥੋੜ੍ਹੀ ਨੀਂਦ ਆ ਰਹੀ ਸੀ। ਉਹ ਵੱਡੇ ਭੂਰੇ-ਸੁਨਹਿਰੀ ਸਹੇ ਦੀਆਂ ਬਾਹਾਂ ਵਿਚ ਸੌਂ ਗਿਆ। ਵੱਡਾ ਭੂਰਾ-ਸੁਨਹਿਰੀ ਸਹਿਆ ਉਸ ਨੂੰ ਚੁੱਕ ਕੇ ਘਰ ਲੈ ਆਇਆ।

(ਜਾਣਕਾਰੀ ਲਈ ਕਿਤਾਬ ਦਾ ਸਾਰ) GUESS HOW MUCH I LOVE YOU: 1994 ਵਿਚ ਲਿਖੀ ਗਈ ਬਹੁਤ ਮਸ਼ਹੂਰ, ਇਨਾਮੀ ਕਹਾਣੀਆਂ ਦੀਆਂ ਕਿਤਾਬਾਂ ਦੀ ਲੜੀ ਵਿੱਚੋਂ ਪਹਿਲੀ ਕਿਤਾਬ। ਦੁਨੀਆ ਵਿਚ 6 ਕਰੋੜ ਕਾਪੀਆਂ ਵਿਕ ਚੁੱਕੀਆਂ ਹਨ। ਆਓ ਇਸ ਸਾਦਾ ਜਿਹੀ ਥੀਮ ਤੋਂ ਬੱਚਿਆਂ ਲਈ ਕਹਾਣੀਆਂ ਲਿਖਣ ਬਾਰੇ ਸਿੱਖੀਏ। ਉਨ੍ਹਾਂ ਨੂੰ ਉਪਦੇਸ਼-ਨਸੀਹਤਾਂ ਨਹੀਂ, ਪਿਆਰ ਵਾਲੀ ਨਿੱਘੀ ਸਾਂਝ ਚਾਹੀਦੀ ਹੁੰਦੀ ਹੈ। – ਸੰ.

ਜ਼ੂ ਵਾਲੀ ਜ਼ੋਈ ਪੀਟਰ ਆਂਦ੍ਰੇ ਦੀ ਕਿਤਾਬ ਤੋਂ ਜੋੜੀ ਕਹਾਣੀ ਪੂਨਮ ਸਿੰਘ



ਜ਼ੋਈ ਨਾਂ ਦੀ ਨਿੱਕੀ ਜਿਹੀ ਕੁੜੀ ਨੂੰ ਜਾਨਵਰਾਂ ਨਾਲ ਬੜਾ ਪਿਆਰ ਸੀ। ਉਸਦਾ ਬਹੁਤ ਦਿਲ ਕਰਦਾ ਸੀ ਕਿ ਉਹ ਅਸਲੀ ਜਾਨਵਰਾਂ ਕੋਲ ਜਾ ਜਾ ਕੇ ਉਨ੍ਹਾਂ ਨੂੰ ਮਿਲੇ, ਸਿਰਫ਼ ਖਿਡੌਣਿਆਂ ਵਾਲੇ ਨਹੀਂ। ਪਰ ਇਹ ਕਿਸ ਤਰ੍ਹਾਂ ਹੋ ਸਕਦਾ ਸੀ?

ਅਖੀਰ ਜ਼ੋਈ ਨੇ ਆਪਣੀਆਂ ਹੀ ਕਹਾਣੀਆਂ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ।

ਰੋਜ਼ ਉਹ ਇਸ ਬਾਰੇ ਨਵੀਆਂ ਨਵੀਆਂ ਕਹਾਣੀਆਂ ਬਣਾਉਂਦੀ ਕਿ ਉਹ ਜੰਗਲੀ ਜਾਨਵਰਾਂ ਕੋਲ ਗਈ ਹੈ। ਸਾਰੀਆਂ ਕਹਾਣੀਆਂ ਇਸ ਤਰ੍ਹਾਂ ਸ਼ੁਰੂ ਹੁੰਦੀਆਂ– "ਇੱਕ ਵਾਰ ਦੀ ਗੱਲ ਹੈ, ਮੈਂ ਆਪਣੇ ਮੰਮੀ ਪਾਪਾ ਨਾਲ ਜ਼ੂਅ (ਚਿੜੀਆ ਘਰ) ਗਈ। ਆਪਣੇ ਬੈਗ ਵਿਚ ਮੈਂ ਕੁਝ ਖਾਣ ਪੀਣ ਲਈ ਵੀ ਚੁੱਕਿਆ ਹੋਇਆ ਸੀ, ਤੇ ਬੜਾ ਕੁਝ ਹੋਰ ਜੋ ਮੈਨੂੰ ਲੱਗਦਾ ਸੀ ਕਿ ਜਾਨਵਰਾਂ ਨੂੰ ਪਸੰਦ ਆਏਗਾ। ਓਥੇ ਤਾਂ ਪਰ ਵੱਡੇ ਗੇਟ ਨੂੰ ਤਾਲਾ ਲੱਗਾ ਹੋਇਆ ਸੀ! ਮੈਂ ਕਿਹਾ – "ਮੈਂ ਤਾਂ ਪਰ ਜ਼ਰੂਰ ਹੀ ਅੰਦਰ ਜਾ ਕੇ ਜਾਨਵਰਾਂ ਨੂੰ ਮਿਲਣਾ ਹੈ।" ਮੈਨੂੰ ਜ਼ਿੱਦ ਕਰਦੀ ਨੂੰ ਵੇਖ ਕੇ ਜ਼ੂ ਦੀ ਸਾਂਭ-ਸਭਾਲ ਕਰਨ ਵਾਲੇ ਅੰਕਲ, ਢਿਮਕੂ, ਸਾਡੇ ਕੋਲ ਆਏ। ਉਨ੍ਹਾਂ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ– "ਨਿੱਕੀਏ ਕੁੜੀਏ, ਜ਼ੋਈਏ, ਅੱਜ ਸਾਡੇ ਜ਼ੂ ਵਿਚ ਕੰਮ ਕਰਨ ਵਾਲੇ ਸਾਰੇ ਜਣੇ ਆਏ ਹੀ ਨਹੀਂ ਹਨ। ਸ਼ਹਿਰ ਵਿਚ ਹੜਤਾਲ ਹੈ ਨਾ! ਮੈਂ ਇਕੱਲਾ ਕੀ ਕੀ ਕਰਾਂ? ਇਸ ਲਈ ਮੈਂ ਜ਼ੂ ਦੇ ਗੇਟ ਨੂੰ ਤਾਲਾ ਲਾਇਆ ਹੋਇਆ ਹੈ।"

ਮੈਂ ਕਿਹਾ– "ਮੈਨੂੰ ਦੱਸੋ! ਮੈਂ ਕਰਾਂਗੀ ਤੁਹਾਡੇ ਨਾਲ ਕੰਮ। ਦੱਸੋ ਕਿਹੜਾ ਕਿਹੜਾ ਕੰਮ ਹੁੰਦਾ ਹੈ?"

ਮੇਰੇ ਮੰਮੀ ਪਾਪਾ ਨੇ ਵੀ ਸੋਚਿਆ– "ਚਲੋ, ਜ਼ੋਈ ਕੋਈ ਚੰਗਾ ਕੰਮ ਹੀ ਕਰਨ ਲੱਗੀ ਹੈ। ਇਹ ਜ਼ੂ ਵਾਲਾ, ਢਿਮਕੂ, ਵੀ ਸਾਨੂੰ ਜਾਣਦਾ ਹੈ, ਇਸ ਨੂੰ ਕੋਈ ਸੱਟ ਨਹੀਂ ਲੱਗਣ ਦਏਗਾ।" ਫੇਰ ਮੇਰੇ ਮੰਮੀ ਪਾਪਾ ਮੈਨੂੰ ਦੋ ਘੰਟੇ ਲਈ ਓਥੇ ਛੱਡ ਕੇ ਚਲੇ ਗਏ।"

ਏਨੀ ਕਹਾਣੀ ਬਨਾਉਣ ਤੋਂ ਬਾਅਦ, ਜ਼ੋਈ ਕਦੇ ਇੱਕ, ਕਦੇ ਦੂਜੀ ਗੱਲ ਨਾਲ ਇਸ ਕਹਾਣੀ ਨੂੰ ਹਰ ਰੋਜ਼ ਹੀ ਨਵੀਂ ਬਣਾਈ ਜਾਂਦੀ ਸੀ!   ਅੱਗੋਂ ਜੋੜੀ ਹੋਈ ਉਸਦੀ ਪਹਿਲੀ ਕਹਾਣੀ ਇਹ ਸੀ–

"ਅਸੀਂ ਗੇਟ ਖੋਲ੍ਹ ਕੇ ਅੰਦਰ ਗਏ। ਸਭ ਤੋਂ ਪਹਿਲਾਂ ਅਸੀਂ ਭਾਲੂ ਦੇ ਪਿੰਜਰੇ ਕੋਲ ਗਏ। ਭਾਲੂ ਸਿਰ ਝੁਕਾਅ ਕੇ ਬੈਠਾ ਹੋਇਆ ਸੀ। ਉਸਨੂੰ ਰੋਟੀ ਨਹੀਂ ਸੀ ਮਿਲੀ ਨਾ, ਅੱਜ। ਮੈਂ ਆਪਣੇ ਬੈਗ ਵਿਚੋਂ ਉਸ ਦੇ ਖਾਣ ਲਈ ਡਬਲਰੋਟੀ ਕੱਢੀ। ਉਸ ਉੱਤੇ ਸ਼ਹਿਦ ਵੀ ਲੱਗਾ ਹੋਇਆ ਸੀ। ਲਓ ਜੀ, ਭਾਲੂ ਤਾਂ ਖੁਸ਼ ਹੋ ਗਿਆ! ਉਸਨੇ ਬੜੇ ਮਜ਼ੇ ਨਾਲ ਇਹ ਸ਼ਹਿਦ ਵਾਲੀ ਡਬਲਰੋਟੀ ਖਾਧੀ। ਸ਼ਹਿਦ ਭਾਲੂਆਂ ਨੂੰ ਬਹੁਤ ਪਸੰਦ ਹੁੰਦਾ ਹੈ ਨਾ! ਮੈਨੂੰ ਇਹ ਪਹਿਲਾਂ ਹੀ ਪਤਾ ਸੀ! ਮੈਂ ਜਾਨਵਰਾਂ ਬਾਰੇ ਕਿਤਾਬਾਂ ਪੜ੍ਹਦੀ ਰਹਿੰਦੀ ਹਾਂ ਨਾ! ਜ਼ੂ ਵਾਲੇ ਢਿਮਕੂ ਅੰਕਲ ਬਹੁਤ ਖੁਸ਼ ਹੋ ਗਏ। ਉਨ੍ਹਾਂ ਮੈਨੂੰ ਸ਼ਾਬਾਸ਼ ਦਿੱਤੀ। ਫੇਰ ਮੈਂ ਉਨ੍ਹਾਂ ਨਾਲ ਜ਼ੂ ਦੀ ਸਫ਼ਾਈ ਕਰਨ ਵਿਚ ਮਦਦ ਕੀਤੀ।

ਇਸੇ ਤਰ੍ਹਾਂ ਅਗਲੇ ਦਿਨ ਉਸ ਨੇ ਇਹ ਕਹਾਣੀ ਬਣਾਈ ਕਿ – "ਮੈਂ ਜ਼ੂ ਵੇਖਣ ਗਈ ਅਤੇ ਢਿਮਕੂ ਅੰਕਲ ਨਾਲ ਹਾਥੀ ਕੋਲ ਗਈ। ਹਾਥੀ ਬਹੁਤ ਉਦਾਸ ਬੈਠਾ ਸੀ। ਅਸਲ ਵਿਚ, ਹਾਥੀ ਦਾ ਜਨਮਦਿਨ ਸੀ। ਉਸ ਨੂੰ ਕਿਸੇ ਨੇ ਵੀ ਹੈਪੀ ਬਰਥਡੇ ਨਹੀਂ ਕਿਹਾ ਸੀ। ਮੈਂ ਆਪਣੇ ਬੈਗ ਵਿਚੋਂ ਇੱਕ ਕੇਕ ਕੱਢਿਆ, ਅਤੇ ਕੁਝ ਭੁਕਾਨੇ ਵੀ। ਮੈਂ ਭੁਕਾਨੇ ਫੁਲਾਏ ਅਤੇ ਅਸੀਂ ਕੇਕ ਕੱਟ ਕੇ ਹਾਥੀ ਨੂੰ ਕਿਹਾ– "ਹੈਪੀ ਬਰਥਡੇ, ਹਾਥੀ!" ਹਾਥੀ ਖੁਸ਼ ਹੋ ਗਿਆ! ਫੇਰ ਅਸੀਂ ਕੇਕ ਖਾਧਾ। ਫੇਰ ਮੈਂ ਢਿਮਕੂ ਅੰਕਲ ਨਾਲ ਜ਼ੂ ਦੀ ਸਫ਼ਾਈ ਕੀਤੀ।"

ਬੱਚਿਓ ਤੁਸੀਂ ਵੀ ਹਰ ਰੋਜ਼ ਕੋਈ ਕਹਾਣੀ ਬਣਾਓ! ਅਸੀਂ ਇਸ ਕਿਤਾਬ ਦੀ ਕਹਾਣੀ ਨੂੰ ਕੁਝ ਕੁ ਨਵੀਂ ਤਰ੍ਹਾਂ ਬਣਾਇਆ ਹੈ। ਕਿਤਾਬ AMAZON ਉੱਤੇ ਮਿਲਦੀ ਹੈ।

ਜ਼ੈਨ ਤੇ ਅਦਿਤੀ ਨੇ ਰਤਨ ਟਾਟਾ ਦੇ ਜਾਨਵਰਾਂ ਲਈ ਪਿਆਰ ਬਾਰੇ ਜਾਣਿਆ

‘Ratan Tata: The Amazing TATA Adventures’, Paromita Sengupta ਦੀ ਕਿਤਾਬ ਵਿੱਚੋਂ



“ਸਾਨੂੰ ਉਨ੍ਹਾਂ ਦੇ ਪਾਲਤੂ ਜਾਨਵਰਾਂ ਬਾਰੇ ਦੱਸੋ। ਉਨ੍ਹਾਂ ਦੇ ਕਿਹੜੇ ਕਿਹੜੇ ਨਾਂ ਸੀ?”ਜ਼ੈਨ ਨੇ ਪੁੱਛਿਆ। ਇਹ ਜਾਨਣ ਦਾ ਉਸ ਨੂੰ ਬਹੁਤ ਮਜ਼ਾ ਆ ਰਿਹਾ ਲੱਗਦਾ ਸੀ। ਉਸਨੂੰ ਆਪ ਵੀ ਜਾਨਵਰ, ਬਹੁਤ, ਪਸੰਦ ਸਨ। ਮੈਂਗੋ ਹੀ ਉਸਦਾ ਇੱਕੋ ਪਾਲਤੂ ਜਾਨਵਰ ਨਹੀਂ ਸੀ। ਕਈ ਵਾਰ ਉਹ ਅਵਾਰਾ ਬਿੱਲੀਆਂ ਤੇ ਕਤੂਰੇ ਘਰ ਲੈ ਆਉਂਦਾ ਸੀ। ਇੱਕ ਵਾਰ, ਉਹ ਇੱਕ ਚੂਹਾ ਵੀ ਲਿਆਇਆ ਸੀ ਅਤੇ ਉਸਨੂੰ ਘਰ ਰੱਖਣਾ ਚਾਹੁੰਦਾ ਸੀ। ਉਸ ਦੇ ਅੱਬਾ-ਅੰਮੀ ਇਹ ਮੰਨੇ ਨਹੀਂ ਸਨ।

“ਰਤਨ ਕੋਲ, ਟਾਟਾ ਪੈਲਸ ਵਿਚ, ਇੱਕ ਕੁੱਤਾ ਹੁੰਦਾ ਸੀ। ਇਹ ਫ਼ੌਕਸ ਟੈਰੀਅਰ ਨਸਲ ਦਾ ਸੀ ਜੋ ਉਸਦੀ ਦਾਦੀ ਕਹਿੰਦੀ ਸੀ ਕਿ ਨਹੀਂ ਰੱਖਣਾ। ਪਰ ਫੇਰ ਵੀ, ਇਹ ਆ ਗਿਆ। ਕੁਝ ਸਾਲਾਂ ਬਾਦ, ਦਾਦੀ ਨੂੰ ਵੀ ਇਸ ਨਾਲ ਪਿਆਰ ਹੋ ਗਿਆ ਸੀ, ਖ਼ਾਸਕਰ ਓਦੋਂ ਜਦ ਰਤਨ ਪੜ੍ਹਾਈ ਲਈ ਅਮਰੀਕਾ ਚਲਾ ਗਿਆ। ਬਚਪਨ ਦੇ ਇਸ ਪਹਿਲੇ ਪਾਲਤੂ ਕੁੱਤੇ ਤੋਂ ਬਾਅਦ, ਰਤਨ ਨੇ ਹੋਰ ਵੀ ਕਿੰਨੇ ਹੀ ਰੱਖੇ। ਆਮ ਤੌਰ ’ਤੇ ਇਹ ਜਰਮਨ ਸ਼ੈੱਪ੍ਰਡ ਹੁੰਦੇ। ਉਸਦੇ ਦੋ ਕੁੱਤਿਆਂ ਦੇ ਨਾਂ ਟੀਟੋ ਅਤੇ ਟੈਂਗੋ ਸਨ,” ਨਾਨੂ ਨੇ ਸਮਝਾਇਆ। “ਗੋਆ ਗਿਆ ਸੀ ਇੱਕ ਵਾਰ, ਤਾਂ ਓਥੋਂ ਇੱਕ ਗਲੀ ਦਾ ਕੁੱਤਾ ਵੀ ਲੈ ਆਇਆ ਤੇ ਬੁੱਝੋ ਉਸ ਨੇ ਉਸ ਦਾ ਕੀ ਨਾਂ ਰੱਖਿਆ!” ਨਾਨੂ ਨੇ ਰੁਕ ਕੇ ਉਨ੍ਹਾਂ ਦੇ ਚਿਹਰਿਆਂ ਵੱਲ ਵੇਖਿਆ। ਉਹ ਜਾਨਣ ਲਈ ਝਾਕੀ ਜਾ ਰਹੇ ਸਨ। “ਗੋਆ,” ਨਾਨੂ ਨੇ ਕਿਹਾ ਅਤੇ ਜ਼ੋਰ ਦੀ ਹੱਸ ਪਏ।

“ਗੋਆ ਤੋਂ ਆਏ ਕੁੱਤੇ ਦਾ ਨਾਂ ਗੋਆ! ਕੁਝ ਸਮਝ ਆਈ, ਮੈਂਗੋ?” ਜ਼ੈਨ ਨੇ ਲੈਬਰਾਡੋਰ ਵੱਲ ਵੇਖ ਕੇ ਕਿਹਾ, “ਤੈਨੂੰ ਅਸੀਂ ਡੈਡੀ ਦੇ ਦੋਸਤ ਕੋਲੋਂ ਰਾਂਚੀ ਤੋਂ ਲਿਆਏ ਸੀ। ਸ਼ਾਇਦ ਤੇਰਾ ਨਾਂ ਵੀ ਸਾਨੂੰ ਰਾਂਚੀ ਰੱਖਣਾ ਚਾਹੀਦਾ ਸੀ!”

“ਸ਼ਸ਼ਸ਼! ਜ਼ੈਨ, ਚੁੱਪ ਵੀ ਕਰ! ਨਾਨੂ ਨੂੰ ਗੱਲ ਦੱਸਣ ਦੇ,” ਅਦਿਤੀ ਕੁਝ ਗੁੱਸੇ ਹੋ ਗਈ ਲੱਗਦੀ ਸੀ। ਨਾਨੂ ਨੇ ਫੇਰ ਟਾਟਾ ਦੇ ਹੋਰ ਪਾਲਤੂ ਜਾਨਵਰਾਂ ਬਾਰੇ ਦੱਸਿਆ। “ਟੀਟੋ ਜਮਸ਼ੇਦਪੁਰ ਤੋਂ ਲਿਆਂਦਾ ਕਤੂਰਾ ਸੀ, ਪਰ ਟਾਟਾ ਨੇ ਉਸ ਨੂੰ ਜਮਸ਼ੇਦਪੁਰ ਤਾਂ ਨਹੀਂ ਸੱਦਿਆ, ਨਾ? ਟੀਟੋ ਰਤਨ ਦਾ ਆੜੀ ਅਤੇ ਸਾਥੀ ਸੀ, ਅਤੇ ਟੈਂਗੋ ਓਦੋਂ ਆਇਆ ਜਦ ਟੀਟੋ ਕੁਝ ਬੁੱਢਾ ਹੋਣ ਲੱਗ ਪਿਆ। ਟੀਟੋ 1998 ਵਿਚ ਮਰ ਗਿਆ ਅਤੇ ਟੈਂਗੋ 2004 ਵਿਚ। ਉਨ੍ਹਾਂ ਦੀ ਮੌਤ ਨੇ ਟਾਟਾ ਨੂੰ ਬਹੁਤ ਜ਼ਿਆਦਾ ਦੁੱਖ ਦਿੱਤਾ। ਉਸ ਖੱਪੇ ਨੂੰ ਭਰਨ ਲਈ, ਉਸ ਨੇ ਦੋ ਹੋਰ ਜਰਮਨ ਸ਼ੈੱਪ੍ਰਡ ਕਤੂਰੇ ਅਪਣਾਅ ਲਏ ਅਤੇ ਉਨ੍ਹਾਂ ਦੇ ਨਾਂ ਵੀ ਟੀਟੋ ਅਤੇ ਟੈਂਗੋ ਹੀ ਰੱਖੇ।” ਜ਼ੈਨ ਨਾਨੂ ਵੱਲ ਇੱਕ ਟੱਕ ਵੇਖੀ ਜਾ ਰਿਹਾ ਸੀ ਅਤੇ ਉਸ ਨੇ ਮੈਂਗੋ ਨੂੰ ਜੱਫੀ ਪਾ ਲਈ ਜਿਵੇਂ ਕਹਿ ਰਿਹਾ ਹੋਏ- ਹਾਂ, ਮੈਂ ਸਮਝ ਸਕਦਾ ਹਾਂ।

“ਟੀਟੋ ਤੇ ਟੈਂਗੋ ਰਤਨ ਦੇ ਦੋਸਤ ਸਨ, ਤੇ ਉਹ ਉਨ੍ਹਾਂ ਨੂੰ ਸੈਰ ਲਈ ਲਿਜਾਉਣ, ਕਾਰ ਉੱਤੇ ਘੁਮਾਉਣ, ਅਤੇ ਕਈ ਵਾਰ ਤਾਂ ਸਮਾਜਕ ਪਰੋਗਰਾਮਾਂ ਵਿਚ ਵੀ ਲੈ ਜਾਂਦਾ। ਰਤਨ ਨੂੰ ਆਪਣੇ ਕੁੱਤੇ ਏਨੇ ਪਸੰਦ ਸਨ ਕਿ ਉਸ ਨੇ ਇਸਦਾ ਪੱਕਾ ਇੰਤਜ਼ਾਮ ਕੀਤਾ ਕਿ ਜਦੋਂ ਉਹ ਨਹੀਂ ਰਿਹਾ, ਓਦੋਂ ਵੀ ਉਨ੍ਹਾਂ ਦਾ ਚੰਗੀ ਤਰ੍ਹਾਂ ਖ਼ਿਆਲ ਰੱਖਿਆ ਜਾਏ। ਆਪਣੀ ਲਿਖੀ ਵਿਰਾਸਤ ਵਿਚ ਆਪਣੇ ਰਸੋਈਏ ਨੂੰ ਜ਼ਿੰਮੇਵਾਰੀ ਦਿੱਤੀ ਕਿ ਉਨ੍ਹਾਂ ਨੂੰ ਖੁਆਉਂਦਾ ਪਿਆਉਂਦਾ ਰਹੇਗਾ- ਅਤੇ ਇਸ ਕੰਮ ਲਈ ਪੈਸੇ ਰੱਖੇ। ਪਰ ਸਿਰਫ਼ ਆਪਣੇ ਪਾਲਤੂ ਜਾਨਵਰਾਂ ਲਈ ਹੀ ਨਹੀਂ, ਉਸਨੂੰ ਸਾਰੇ ਜਾਨਵਰਾਂ ਦੀ ਫ਼ਿਕਰ ਹੁੰਦੀ ਸੀ। ਟਾਟਾ ਗਰੁੱਪ ਦੇ ਹੈੱਡ ਕੁਆਟਰ, ਟਾਟਾ ਹਾਊਸ ਦੀ ਗੱਲ ਹੀ ਲੈ ਲਓ। ਜੇ ਅਸੀਂ ਓਸ ਬਿਲਡਿੰਗ ਵਿਚ ਵੜਾਂਗੇ, ਸਾਨੂੰ ਤਾਂ ਸੁਰੱਖਿਆ ਗਾਰਡ ਚੈੱਕ ਕਰਨਗੇ, ਪਰ ਅਵਾਰਾ ਜਾਨਵਰਾਂ ਨੂੰ ਕੁਝ ਨਹੀਂ ਕਹਿਣਗੇ- ਕੋਈ ਵੀ ਅਵਾਰਾ ਜਾਨਵਰ ਓਸ ਬਿਲਡਿੰਗ ਵਿਚ ਜਦੋਂ ਮਰਜ਼ੀ ਵੜ ਸਕਦਾ ਹੈ! ਜਿਨ੍ਹਾਂ ਜਾਨਵਰਾਂ ਨੂੰ ਵੀ ਕੁਝ ਖਾਣ ਨੂੰ ਜਾਂ ਕੋਈ ਆਸਰਾ ਚਾਹੀਦਾ ਹੁੰਦਾ ਹੈ, ਉਨ੍ਹਾਂ ਲਈ ਟਾਟਾ ਹੈੱਡਕੁਆਟਰ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ। ਓਸ ਬਿਲਡਿੰਗ ਦੀ ਗ੍ਰਾਊਂਡ ਫ਼ਲੋਰ ਉੱਤੇ ਤਾਂ ਕੁੱਤਿਆਂ ਲਈ ਕੈਨਲ (ਘਰ) ਵੀ ਹੈ। ਇੱਕ ਵਾਰ, ਰਤਨ ਨੇ ਤਾਜ ਹੋਟਲ ਦੇ ਦਰਵਾਜ਼ੇ ਵੀ ਅਵਾਰਾ ਕੁੱਤਿਆਂ ਲਈ ਖੋਲ੍ਹ ਦਿੱਤੇ ਸੀ, ਮੁਲਾਜ਼ਮਾਂ ਨੂੰ ਕਿਹਾ ਸੀ ਕਿ ਇਨ੍ਹਾਂ ਨਾਲ ਚੰਗਾ ਵਤੀਰਾ ਕੀਤਾ ਜਾਏ,” ਨਾਨੂ ਨੇ ਗੱਲ ਮੁਕਾਉਂਦਿਆਂ ਕਿਹਾ, ਅਤੇ ਸੁਣਨ ਵਾਲਿਆਂ ਦੀਆਂ ਅੱਖਾਂ ਪੂਰੀਆਂ ਟੱਡੀਆਂ ਵੇਖ ਕੇ ਉਹ ਮੁਸਕ੍ਰਾਅ ਪਏ।

“ਵਾਓ! ਹੁਣ ਸਮਝ ਆਈ ਕਿ ਉਨ੍ਹਾਂ ਮੁੰਬਾਈ ਵਿਚ ਜਾਨਵਰਾਂ ਲਈ ਹਸਪਤਾਲ ਕਿਓਂ ਖੋਲ੍ਹਿਆ !” ਜ਼ੈਨ ਨੇ ਹੌਲੀ ਜਿਹੇ ਕਿਹਾ।

“ਹਾਂ, ਜ਼ੈਨ। ਇੱਕ ਵਾਰ, ਟੈਂਗੋ ਦੀ ਲੱਤ ਟੁੱਟ ਗਈ ਤੇ ਉਸਨੂੰ ਜੋੜ ਬਦਲਣ ਦੇ ਅਪਰੇਸ਼ਨ ਲਈ ਵਿਦੇਸ਼ ਲਿਜਾਣਾ ਪਿਆ ਸੀ। ਓਦੋਂ ਉਸ ਨੂੰ ਪਤਾ ਲੱਗਾ ਕਿ ਸਾਡੇ ਦੇਸ਼ ਵਿਚ ਜਾਨਵਰਾਂ ਦੇ ਇਲਾਜ ਲਈ ਚੰਗੇ ਹਸਪਤਾਲ ਨਹੀਂ ਹਨ ਅਤੇ ਉਨ੍ਹਾਂ ਫ਼ੈਸਲਾ ਕੀਤਾ ਕਿ ਉਹ ਇਹ ਬਨਾਉਣਗੇ। ਇਸ ਤਰ੍ਹਾਂ ਇਹ ਹਸਪਤਾਲ ਬਣਿਆ। ਇਸ ਹਸਪਤਾਲ ਵਿਚ ਸਭ ਤੋਂ ਚੰਗਾ ਹਰ ਇਲਾਜ ਮੌਜੂਦ ਹੈ। ਆਪਣੇ ਪਾਲਤੂ ਅਤੇ ਅਵਾਰਾ ਜਾਨਵਰਾਂ ਦਾ ਵੀ ਉਨ੍ਹਾਂ ਨੂੰ ਏਨਾ ਖ਼ਿਆਲ ਸੀ। ਸਮਾਜਲ ਮੀਡੀਏ ਵਿਚ ਵੀ, ਰਤਨ ਅਕਸਰ ਕੁੱਤਿਆਂ ਬਾਰੇ ਕੁਝ ਲਿਖਦੇ ਰਹਿੰਦੇ ਅਤੇ ਸਭ ਨੂੰ ਬੇਨਤੀ ਕਰਦੇ ਕਿ ਕਿਰਪਾ ਇਨ੍ਹਾਂ ਨਾਲ ਚੰਗੀ ਤਰ੍ਹਾਂ ਵਰਤੋ, ਖ਼ਾਸਕਰ ਬਰਸਾਤਾਂ ਵਿਚ ਜਦੋਂ ਇਨ੍ਹਾਂ ਦੇ ਬਹਿਣ ਲਈ ਕੋਈ ਥਾਂ ਨਹੀਂ ਹੁੰਦੀ। ਉਹ ਅਵਾਰਾ ਕੁੱਤਿਆਂ ਲਈ ਆਸਰੇ, ਖਾਣਾ, ਅਤੇ ਸਾਂਭ ਸੰਭਾਲ ਲੱਭਣ ਵਿਚ ਮਦਦ ਕਰਦੇ ਹੁੰਦੇ ਸੀ। ਇਸ ਬਾਰੇ ਬਹੁਤ ਸਾਰੀਆਂ ਦਿਲਚਸਪ ਕਹਾਣੀਆਂ ਹਨ ਕਿ ਕੁੱਤੇ ਉਨ੍ਹਾਂ ਲਈ ਕਿੰਨੀ ਵੱਡੀ ਚੀਜ਼ ਸਨ।।”

“ਦੱਸੋ! ਦੱਸੋ ਸਾਨੂੰ!” ਦੋਹਾਂ ਬੱਚਿਆਂ ਨੇ ਇਕੱਠਿਆਂ ਟੱਪ ਟੱਪ ਕੇ ਕਿਹਾ। “ਬਊ!” ਮੈਂਗੋ ਨੇ ਵੀ ਅਦਿਤੀ ਅਤੇ ਜ਼ੈਨ ਦਾ ਸਾਥ ਦਿੰਦਿਆਂ ਭੌਂਕ ਕੇ ਕਿਹਾ। “ਇੱਕ ਵਾਰ ਆਪਣੇ ਬੁੱਢੇ ਹੋ ਚੁੱਕੇ ਕੁੱਤੇ ਦੇ ਬਿਮਾਰ ਪੈ ਜਾਣ ਕਰਕੇ ਉਨ੍ਹ ਨੇ ਇੰਗਲੈਂਡ ਦੇ ਰਾਜਕੁਮਾਰ ਦਾ ਸੱਦਾ ਪਰਵਾਨ ਨਹੀਂ ਸੀ ਕੀਤਾ।”

“ਕੀ? ਉਨ੍ਹਾਂ ਇੰਗਲੈਂਡ ਦੇ ਰਾਜਕੁਮਾਰ ਦਾ ਸੱਦਾ ਠੁਕਰਾਅ ਦਿੱਤਾ ਸੀ?” ਅਦਿਤੀ ਨੇ ਪੁੱਛਿਆ, ਬਹੁਤ ਹੈਰਾਨੀ ਵਿਚ।

“ਹਾਂ, ਏਨੀ ਕਦਰ ਕਰਦੇ ਸੀ ਉਹ ਆਪਣੇ ਪਾਲਤੂ ਕੁੱਤਿਆਂ ਦੀ।”

“Scroll” ਤੋਂ। ਅਨੁ: ਪੂਨਮ ਸਿੰਘ

MONSOON - ROZANA SPOKESMAN

ਚਿੱਟੇ ਬਗਲੇ, ਬੱਦਲ ਕਾਲੇ

ਵੇਖੋ ਕਿੰਨੇ ਚੜ੍ਹ ਕੇ ਆਏ
ਬੱਦਲ ਕਾਲੇ ਕਾਲੇ ਛਾਏ
ਠੰਡੀ ਠੰਡੀ ਵਗਦੀ ਪੌਣ!
ਬੱਚਿਓ!
ਇਹ ਹੁੰਦਾ ਮਹੀਨਾ- ਸਾਉਣ!

ਮੀਂਹ ਨਾਲ ਟੋਏ ਭਰ ਗਿਆ
ਉੱਚੇ ਨੀਵੇਂ ਇੱਕੋ ਕਰ ਗਿਆ
ਡੱਡੂਆਂ ਨੇ ਹੈ ਟਰ ਟਰ ਲਾਈ
ਹਰੇ-ਪੀਲੇ ਜਿਹੇ ਦੇਣ ਵਿਖਾਈ
ਠੰਡੀ ਠੰਡੀ ਵਗਦੀ ਪੌਣ!
ਬੱਚਿਓ!
ਇਹ ਹੁੰਦਾ ਮਹੀਨਾ- ਸਾਉਣ!

ਹਰ ਪਾਸੇ ਹੀ ਹੈ ਹਰਿਆਲੀ
ਜੋਬਨ ਉੱਤੇ, ਪੱਤ ਪੱਤ ਡਾਲੀ
ਕੋਇਲਾਂ, ਪਪੀਹੇ, ਬੋਲਣ ਮੋਰ
ਚੜ੍ਹੀ ਜਾਵੇ ਮਸਤੀ ਦੀ ਲੋਰ
ਠੰਡੀ ਠੰਡੀ ਵਗਦੀ ਪੌਣ!
ਬੱਚਿਓ!
ਇਹ ਹੁੰਦਾ ਮਹੀਨਾ- ਸਾਉਣ!

ਹਰ ਪਾਸੇ ਹੈ ਆਈ ਬਹਾਰ
ਕੁਦਰਤ ਤੋਂ ਜਾਈਏ ਬਲਿਹਾਰ
ਤਿੱਤਲੀਆਂ ਭੌਰੇ ਨੇ ਮੰਡਰਾਉਂਦੇ
ਫੁੱਲਾਂ ਉੱਤੇ ਚੱਕਰ ਲਾਉਂਦੇ
ਠੰਡੀ ਠੰਡੀ ਵਗਦੀ ਪੌਣ!
ਬੱਚਿਓ!
ਇਹ ਹੁੰਦਾ ਮਹੀਨਾ- ਸਾਉਣ!

ਚਿੱਟੇ ਬਗਲੇ, ਬੱਦਲ ਕਾਲੇ
ਸੁਹਣੇ ਲੱਗਣ ਸਭ ਨੂੰ
ਬਾਹਲੇ
'ਪੱਤੋ' - ਸੁਹਣਾ ਸਾਵਣ
ਆਇਆ! ਹਰਾ ਹੋ ਜਾਏ,
ਜੋ ਮਨ ਸੀ ਕਮੁਲਾਇਆ
ਠੰਡੀ ਠੰਡੀ ਵਗਦੀ ਪੌਣ!
ਬੱਚਿਓ!
ਇਹ ਹੁੰਦਾ ਮਹੀਨਾ- ਸਾਉਣ!

ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ ਮੋਗਾ 94658-21417

SNOWY EGRET IN FLIGHT BY TIM ADOBE

ਨਣਦ-ਭਰਜਾਈ
ਰਾਮ ਸਰੂਪ ਅਣਖੀ

ਨਣਦ-ਭਰਜਾਈ ਦੋਵੇਂ ਦੁਖੀ ਸਨ। ਸੀਤੋ ਤੀਹ ਸਾਲਾਂ ਦੀ ਹੋ ਚੁੱਕੀ ਸੀ, ਹਾਲੇ ਤੱਕ ਉਹਦਾ ਕਿਧਰੇ ਮੰਗਣਾ-ਵਿਆਹ ਨਹੀਂ ਹੋਇਆ ਸੀ। ਉਹ ਪਿੰਡ ਦੇ ਮੁੰਡਿਆਂ ਤੋਂ ਖ਼ਰਾਬ ਵੀ ਹੋ ਚੁੱਕੀ ਸੀ। ਮਾਂ-ਬਾਪ ਨਹੀਂ ਸੀ। ਭਰਾ ਉਹਦੀ ਸਾਰ ਨਾ ਲੈਂਦਾ। ਨਾ ਕੋਈ ਰਿਸ਼ਤੇਦਾਰ ਉਹਦੇ ਬਾਰੇ ਸੋਚਦਾ। ਮਾਮਿਆਂ ਨੂੰ ਵੀ ਕੋਈ ਫ਼ਿਕਰ ਨਹੀਂ ਸੀ। ਭਰਾ ਨੂੰ ਭੁੱਕੀ ਖਾਣ ਦਾ ਅਮਲ ਸੀ। ਜ਼ਮੀਨ ਥੋੜ੍ਹੀ ਸੀ। ਉਹ ਆਪ ਵਾਹੀ ਨਹੀਂ ਕਰਦਾ ਸੀ। ਹਿੱਸੇ 'ਤੇ ਦੇ ਕੇ ਰੱਖਦਾ। ਘਰ ਦਾ ਮਸਾਂ ਹੀ ਗੁਜ਼ਾਰਾ ਹੁੰਦਾ। ਸੀਤੋ ਨੂੰ ਘਰ ਚਾਹੀਦਾ ਸੀ, ਉਹਦਾ ਆਪਣਾ ਘਰ। ਪਿੰਡ ਦੇ ਮੁੰਡੇ ਤਾਂ ਆਪਣੀ ਹਵਸ ਪੂਰੀ ਕਰਦੇ ਤੇ ਉਹਦੇ ਹੱਥ ਕੁਝ ਰੁਪਏ ਫੜਾ ਜਾਂਦੇ। ਇਹ ਸਭ ਉਹਨੂੰ ਪਸੰਦ ਨਹੀਂ ਸੀ, ਪਰ ਉਹ ਮਜਬੂਰ ਸੀ, ਸਭ ਕਰਦੀ, ਸਭ ਝੱਲਦੀ। ਉਹਦੀਆਂ ਆਪਣੀਆਂ ਜ਼ਰੂਰਤਾਂ ਵੀ ਸਨ। ਕਿੱਥੋਂ ਪੂਰੀਆਂ ਕਰਦੀ ਉਹ ਇਹ ਜ਼ਰੂਰਤਾਂ। ਤਨ ਢਕਣ ਨੂੰ ਕੱਪੜੇ ਚਾਹੀਦੇ ਸਨ। ਪੈਰਾਂ ਨੂੰ ਜੁੱਤੀ ਦੀ ਲੋੜ ਸੀ ਤੇ ਫੇਰ ਹਾਰ-ਸ਼ਿੰਗਾਰ ਦਾ ਸਮਾਨ ਵੀ ਮੁੱਲ ਮਿਲਦਾ। ਭਰਾ ਸਭ ਦੇਖਦਾ, ਪਰ ਅੱਖਾਂ ਮੀਚ ਛੱਡਦਾ। ਉਹਨੂੰ ਚੜ੍ਹੀ ਲੱਥੀ ਦੀ ਕੋਈ ਸਮਝ ਨਹੀਂ ਸੀ। ਸੁਖਦੇਵ ਤਾਂ ਐਡਾ ਬੇਸ਼ਰਮ ਸੀ, ਕਦੇ-ਕਦੇ ਭੁੱਕੀ ਲਿਆਉਣ ਲਈ ਸੀਤੋਂ ਤੋਂ ਹੀ ਪੈਸੇ ਲੈ ਕੇ ਜਾਂਦਾ।

ਗੇਲੋ ਨੂੰ ਉਹ ਮਾਰਦਾ ਕੁੱਟਦਾ। ਉਹਦੇ 'ਤੇ ਐਵੇਂ ਹੀ ਖਿਝਿਆ ਰਹਿੰਦਾ। ਚੱਜ ਨਾਲ ਉਹਨੂੰ ਬੁਲਾਉਂਦਾ ਚਲਾਉਂਦਾ ਵੀ ਨਹੀਂ ਸੀ। ਮਾੜੀ ਜਿਹੀ ਗੱਲ 'ਤੇ ਉਹਨੂੰ ਧੇਹ-ਧੇਹ ਕੁੱਟ ਸੁੱਟਦਾ। ਉਹ ਰੁੱਸ ਕੇ ਪੇਕੀਂ ਉੱਠ ਜਾਂਦੀ। ਪੇਕਿਆਂ ਵਾਲੇ ਐਡੇ ਤਕੜੇ ਨਹੀਂ ਸਨ ਕਿ ਉਹ ਜਵਾਈ ਨੂੰ ਸਮਝਾ ਸਕਦੇ। ਦੋਵੇਂ ਸਾਲੇ ਆਏ ਵੀ, ਦੋ-ਤਿੰਨ ਵਾਰੀ। ਉਨ੍ਹਾਂ ਸਾਹਮਣੇ ਤਾਂ ਸੁਖਦੇਵ ਸਾਊ ਬਣ ਜਾਂਦਾ। ਉਨ੍ਹਾਂ ਦੀ ਪੂਰੀ ਸੇਵਾ ਕਰਦਾ। ਠੰਡੇ-ਸੀਲੇ ਕਰ ਕੇ ਤੋਰ ਦਿੰਦਾ। ਆਖਦਾ, 'ਹੁਣ ਗਾਹਾਂ ਤੋਂ ਭੁੱਕੀ ਵੀ ਛੱਡੀ। ਗਾਂ ਆਲੀ ਆਣ ਐ। ਗੇਲੋ ਨੂੰ ਪੰਜ-ਤਿੰਨ ਆਖਣਾ ਸਭ ਬੰਦ। ਇਹ ਮੈਨੂੰ ਕੁਛ ਆਖੀ ਜਾਵੇ, ਮੈਂ ਨ੍ਹੀਂ ਬੋਲਣਾ। ਜੇ ਥੋਨੂੰ ਲਾਂਭਾ ਆ ਗਿਆ ਜੋ ਮਰਜ਼ੀ ਕਰਿਓ।'
ਪਰ ਮਹੀਨੇ-ਵੀਹ ਦਿਨ ਬਾਅਦ ਹੀ ਉਹਦਾ ਫੇਰ ਉਹੀ ਹਾਲ। ਉਹਦਾ ਤਾਂ ਨਿੱਤ ਦਾ ਕਾਟੋ ਕਲੇਸ਼ ਸੀ। ਕੀ ਕਰਦੇ ਭਰਾ। ਗੇਲੋ ਨੂੰ ਸਮਝਾਉਣ ਲੱਗਦੇ, 'ਤੂੰ ਭਾਈ ਹਾਰ ਨਵਾਰ ਕਰ, ਕੱਟੀ ਜਾਹ। ਆਪੇ ਸਮਝੂ ਕਦੇ। ਇੱਕੋ ਜੇ ਦਿਨ ਸਦਾ ਨ੍ਹੀਂ ਰਹਿੰਦੇ ਹੁੰਦੇ।'

ਗੇਲੋ ਕਦੇ ਸੋਚਦੀ, ਉਹ ਇਸ ਘਰ ਨੂੰ ਛੱਡ ਦੇਵੇ। ਕੋਈ ਹੋਰ ਉਹਨੂੰ ਆਪਣੇ ਘਰ ਵਸਾ ਲਵੇ। ਪਰ ਅਜਿਹਾ ਸੰਭਵ ਨਹੀਂ ਸੀ। ਵਿਆਹੇ-ਵਰ੍ਹੇ ਬੰਦੇ ਉਹਦੇ ਨਾਲ ਖੇਹ ਖਾਂਦੇ। ਕੁਆਰੇ ਮੁੰਡੇ ਉਹਦੇ ਚੰਮ ਦੇ ਗਾਹਕ ਸਨ। ਉਹਨੂੰ ਘਰ ਵਸਾ ਕੇ ਕਿਸੇ ਨੇ ਕੀ ਕਰਨਾ ਸੀ।
ਪੁਰਾਣਾ ਵਕਤ ਹੁੰਦਾ ਤਾਂ ਉਹ ਕਿਸੇ ਛੜੇ ਬੰਦੇ ਦੇ ਘਰ ਜਾ ਬੈਠਦੀ। ਛੜਾ ਬੰਦਾ ਪਿੰਡ ਵਿਚ ਹੁਣ ਕੋਈ ਰਿਹਾ ਨਹੀਂ ਸੀ। ਜ਼ਮੀਨ ਚਾਹੇ ਕਿੰਨੀ ਥੋੜ੍ਹੀ ਹੁੰਦੀ, ਨਾ ਵੀ ਹੁੰਦੀ ਤਾਂ ਵੀ ਸਾਕ ਸਭਨੂੰ ਹੋ ਜਾਂਦਾ ਸੀ। ਉਹ ਚਿੱਤ ਵਿਚ ਹੱਸਦੀ ਵੀ। ਜਦੋਂ ਸੁਖਦੇਵ ਵਰਗਾ ਨਿਕੰਮਾ ਬੰਦਾ ਵਿਆਹਿਆ ਗਿਆ ਤਾਂ ਪਿੰਡ ਵਿਚ ਹੋਰ ਕੌਣ ਹੈ, ਜਿਸ ਨੂੰ ਸਾਕ ਨਾ ਹੋਇਆ ਹੋਵੇ। ਕੁੜੀ ਵਾਲੇ ਮੁੰਡੇ ਦੇ ਕੰਮ ਨੂੰ ਦੇਖਦੇ। ਕੀ ਉਹ ਉਨ੍ਹਾਂ ਦੀ ਧੀ ਨੂੰ ਰੋਟੀ ਦੇ ਸਕਦੈ, ਬੱਸ ਐਨਾ ਹੀ ਕਾਫ਼ੀ ਹੁੰਦਾ। ਗੇਲੋ ਕਿਸੇ ਪਾਸੇ ਦੀ ਵੀ ਨਹੀਂ ਸੀ। ਸੁਖਦੇਵ ਦੇ ਡੰਡੇ ਉਹਦੀ ਕਿਸਮਤ ਬਣ ਕੇ ਰਹਿ ਗਏ।

ਸੁਖਦੇਵ ਭੁੱਕੀ ਖਾਂਦਾ ਤੇ ਨਸ਼ੇ ਵਿਚ ਗੜੂੰਦ ਹੋਇਆ ਪਿਆ ਰਹਿੰਦਾ। ਪਿਸ਼ਾਬ ਕਰਨ ਮੰਜੇ ਤੋਂ ਉੱਠਦਾ, ਬੌਂਦਲਿਆ ਜਿਹਾ। ਜਿਵੇਂ ਕਬਰ ਵਿਚੋਂ ਮੁਰਦਾ ਉੱਠ ਕੇ ਤੁਰ ਪਿਆ ਹੋਵੇ।

ਨਣਦ-ਭਰਜਾਈ ਦਾ ਭੇਤ ਸਾਂਝਾ ਸੀ। ਉਹ ਰਲ-ਮਿਲ ਕੇ ਘਰ ਦਾ ਤੋਰਾ ਤੋਰਦੀਆਂ। ਸੀਤੋ ਕੋਲ ਪਿੰਡ ਦਾ ਕੋਈ ਮੁੰਡਾ ਆਉਂਦਾ ਤਾਂ ਗੇਲੋ ਉਨ੍ਹਾਂ ਦੀ ਰਾਖੀ ਕਰਦੀ। ਨਵੇਂ ਮੁੰਡੇ ਦੀ ਗੱਲਬਾਤ ਗੇਲੋ ਰਾਹੀਂ ਤੈਅ ਹੁੰਦੀ। ਗੇਲੋ ਕੋਲ ਆਇਆ ਬੰਦਾ ਸੀਤੋ ਲਈ ਮਹਿਮਾਨ ਹੁੰਦਾ। ਸੁਖਦੇਵ ਲਈ ਨਸ਼ੇ

ਰਾਮ ਸਰੂਪ ਅਣਖੀ

ਅਗਸਤ 28 1932-14 ਫ਼ਰਵਰੀ 2010. ਧੌਲਾ (ਬਰਨਾਲਾ); ਸਰਕਾਰੀ ਮਹਿੰਦਰਾ ਕਾਲਜ,ਕਿਸਾਨ, ਅੰਗ੍ਰੇਜ਼ ਦੇ ਅਧਿਆਪਕ, ਪੰਜਾਬੀ ਦੇ ਪ੍ਰਮੁੱਖ ਕਹਾਣੀ ਲੇਖਕ। 1987 ਵਿਚ ਨਾਵਲ 'ਕੋਠੇ ਖੜਕ ਸਿੰਘ' ਲਈ ਸਾਹਿਤ ਅਕਾਦਮੀ ਸਨਮਾਨ। ਪ੍ਰਮੁੱਖ ਕਿਰਤਾਂ - ਪ੍ਰਥਾਪੀ, ਦੁੱਲੇ ਦੀ ਢਾਬ, ਆਤਮਕਥਾ- ਮਲ੍ਹੇ ਝਾੜੀਆਂ।

ਸੁਖਦੇਵ ਭੁੱਕੀ ਖਾਂਦਾ ਤੇ ਨਸ਼ੇ ਵਿਚ ਗੜੂੰਦ ਹੋਇਆ ਪਿਆ ਰਹਿੰਦਾ। ਪਿਸ਼ਾਬ ਕਰਨ ਮੰਜੇ ਤੋਂ ਉੱਠਦਾ, ਬੌਂਦਲਿਆ ਜਿਹਾ। ਜਿਵੇਂ ਕਬਰ ਵਿਚੋਂ ਮੁਰਦਾ ਉੱਠ ਕੇ ਤੁਰ ਪਿਆ ਹੋਵੇ।......ਨਣਦ-ਭਰਜਾਈ ਦਾ ਭੇਤ ਸਾਂਝਾ ਸੀ। ਉਹ ਰਲ-ਮਿਲ ਕੇ ਘਰ ਦਾ ਤੋਰਾ ਤੋਰਦੀਆਂ।

ਦੀ ਘੂਕੀ ਇੱਕ ਸੰਘਣਾ ਹਨ੍ਹੇਰਾ ਸੀ। ਇਸ ਹਨ੍ਹੇਰੇ ਵਿਚ ਨਣਦ-ਭਰਜਾਈ ਦਾ ਕਾਰੋਬਾਰ ਚੱਲਦਾ ਰਹਿੰਦਾ।

ਪਰ ਇਹ ਹਨ੍ਹੇਰਾ ਦੋਵਾਂ ਨੂੰ ਪਸੰਦ ਨਹੀਂ ਸੀ। ਸੀਤੋ ਦਾ ਸੁਪਨਾ ਜਾਗਦਾ, ਕੋਈ ਉਹਨੂੰ ਲੈ ਲਵੇ ਤੇ ਆਪਣੇ ਘਰ ਵਸਾਏ। ਉਹਦੇ ਨਾਲ ਵਿਆਹ ਕਰਵਾ ਲਏ ਕੋਈ। ਆਪਣੀ ਸੋਚ ਉਡਾਰੀ ਨਾਲ ਉਹ ਇਕੱਲੀ ਬਹਿ ਕੇ ਗੱਲਾਂ ਕਰਦੀ। ਉਹਦੀ ਬਰਾਤ ਕਦੋਂ ਆਵੇਗੀ? ਉਹਦੇ ਵਿਆਹ ਦਾ ਲਾਊਡ ਸਪੀਕਰ ਕਦੋਂ ਵੱਜੇਗਾ? ਲਾਊਡ ਸਪੀਕਰ ਵੱਜੇਗਾ ਤਾਂ ਪਿੰਡ ਵਿਚ ਪਤਾ ਲੱਗੇਗਾ ਕਿ ਸੁਖਦੇਵ ਦੀ

ਨਣਦ ਭਰਜਾਈ

ਭੈਣ ਸੀਤੋ ਦਾ ਵਿਆਹ ਐ ਬਈ। ਗੱਲਾਂ ਹੋਣਗੀਆਂ, 'ਮੁੰਡਾ ਕਿੱਥੋਂ ਢੂਕਿਐ ਬਈ?' ਪਰ ਉਹਦਾ ਸੁਪਨਾ ਲੰਮੀ ਉਡਾਰੀ ਮਾਰ ਕੇ ਕੱਚੀ ਡੋਰ ਦੇ ਟੁੱਟ ਜਾਣ ਵਾਂਗ ਧਰਤੀ 'ਤੇ ਛਾਪਲ ਕੇ ਬੈਠ ਜਾਂਦਾ ਅਤੇ ਉਹਦੇ ਧੁਰ ਅੰਦਰੋਂ ਲੰਮੇ-ਲੰਮੇ ਹਉਕੇ ਨਿਕਲਣ ਲੱਗਦੇ। ਕੀ ਬਣਾਵੇ ਉਹ ਆਪਣੇ ਇਸ ਸਰੀਰ ਦਾ? ਸੋਨੇ ਜਿਹੀ ਦੇਹ ਕਿਹੜੇ ਲੇਖੇ ਲਾਵੇ ?

ਗੇਲੋ ਲਈ ਸੁਖਦੇਵ ਉਹਦੇ ਘਰਵਾਲਾ ਤਾਂ ਸੀ, ਪਰ ਇਹ ਘਰ ਕਦੋਂ ਘਰ ਜਿਹਾ ਸੀ? ਇਸ ਮਕਾਨ ਵਿਚ ਤਾਂ ਮਾਸ ਮੁੱਲ ਵਿਕਦਾ। ਹਵਸ ਦੀ ਪੂਰਤੀ ਤੱਕੜੀ ਨਾਲ ਤੋਲ ਕੇ ਕੀਤੀ ਜਾਂਦੀ। ਵਪਾਰੀ ਸੌਦਾ ਲੈਣ ਆਉਂਦੇ ਸਨ। ਉਹ ਸੋਚਦੀ, ਕਾਸ਼! ਉਹਦਾ ਕੋਈ ਘਰ ਹੁੰਦਾ। ਘਰ ਜਿਹਾ ਘਰ ਜਿਸ ਵਿਚ ਉਹਦਾ ਪਤੀ ਸਵੇਰ ਤੋਂ ਸ਼ਾਮ ਤੱਕ ਕਮਾਉਂਦਾ। ਮਿੱਟੀ ਨਾਲ ਮਿੱਟੀ ਬਣਿਆ ਰਹਿੰਦਾ। ਉਨ੍ਹਾਂ ਦੇ ਆਪਣੇ ਬੱਚੇ ਹੁੰਦੇ। ਉਹ ਗਲ-ਗਲ ਤੱਕ ਕਬੀਲਦਾਰੀ ਵਿਚ ਧਸੀ ਰਹਿੰਦੀ। ਘਰੇਲੂ ਚਿੰਤਾਵਾਂ ਵਿਚ ਜਿਉਂਦੀ ਜਾਗਦੀ। ਹੁਣ ਤਾਂ ਇਸ ਘਰ ਵਿਚ ਘਰ ਵਰਗੀ ਕੋਈ ਗੱਲ ਨਹੀਂ ਹੈ।

ਉਹ ਆਂਢਣਾਂ-ਗੁਆਂਢਣਾਂ ਨੂੰ ਦੇਖਦੀ। ਗੁਆਂਢੀ ਔਰਤਾਂ, ਆਪਣੇ ਬੱਚਿਆਂ ਨੂੰ ਗਾਲ੍ਹਾਂ ਕੱਢਦੀਆਂ, ਉੱਚਾ-ਉੱਚਾ ਬੋਲਦੀਆਂ, ਸਿਰ ਖਪਾਉਂਦੀਆਂ। ਘਰ ਵਾਲੇ ਨਾਲ ਕਿਸੇ ਘਰੇਲੂ ਮਸਲੇ ਵਿਚ ਦੂਰੋ-ਦੂਰੀ ਹੁੰਦੀਆਂ ਉਨ੍ਹਾਂ ਨੂੰ ਚੰਗੀਆਂ ਲੱਗਦੀਆਂ। ਗੇਲੋ ਲਈ ਤਾਂ ਲੜਾਈ-ਝਗੜੇ ਲਈ ਵੀ ਕੋਈ ਮੈਦਾਨ ਨਹੀਂ ਸੀ। ਕੀਹਦੇ ਨਾਲ ਲੜਦੀ ਉਹ? ਕਾਹਦੇ ਲਈ?

ਨਣਦ-ਭਰਜਾਈ ਇੱਕ ਦਿਨ ਅਚਾਨਕ ਨੇੜੇ ਦੇ ਸ਼ਹਿਰ ਆਈਆਂ। ਨ੍ਹਾ-ਧੋ ਕੇ ਨਵੇਂ ਕੱਪੜੇ ਪਾ ਕੇ ਆਈਆਂ ਸਨ। ਜਿਵੇਂ ਵਿਆਹ ਜਾਣਾ ਹੋਵੇ। ਦਿਨ ਵੇਲੇ ਤਾਂ ਬਜ਼ਾਰ ਦੀਆਂ ਦੁਕਾਨਾਂ 'ਤੇ ਫਿਰਦੀਆਂ-ਤੁਰਦੀਆਂ ਰਹੀਆਂ। ਸੂਰਜ ਛਿਪਦੇ ਨੂੰ ਉਹ ਸਟੇਸ਼ਨ 'ਤੇ ਆ ਬੈਠੀਆਂ। ਗੱਡੀ ਮੂੰਹ-ਹਨ੍ਹੇਰੇ ਆਉਂਦੀ ਹੁੰਦੀ। ਉਨ੍ਹਾਂ ਨੇ ਅੰਬਾਲੇ ਦੀਆਂ ਟਿਕਟਾਂ ਲਈਆਂ। ਉਹ ਘਰੋਂ ਮਿੱਥ ਕੇ ਤੁਰੀਆਂ ਸਨ ਕਿ ਅੰਬਾਲੇ ਜਾ ਕੇ ਉਹ ਕੰਜਰੀਆਂ ਵਾਲਾ ਧੰਦਾ ਕਰਨਗੀਆਂ। ਉਨ੍ਹਾਂ ਨੇ ਗੱਲਾਂ ਸੁਣੀਆਂ ਹੋਈਆਂ ਸਨ, ਉੱਥੇ ਅਜਿਹੇ ਅੱਡੇ ਹਨ। ਉਹ ਭਾਲ ਲੈਣਗੀਆਂ ਉਨ੍ਹਾਂ ਅੱਡਿਆਂ ਨੂੰ, ਦਲਾਲ ਬੰਦੇ ਖ਼ੁਦ ਵੀ ਅਜਿਹੀਆਂ ਔਰਤਾਂ ਦੀ ਇੰਤਜ਼ਾਰ ਵਿਚ ਰਹਿੰਦੇ ਹਨ। ਪਿੰਡ ਵਿਚ ਵੀ ਤਾਂ ਉਹ ਇਹੀ ਧੰਦਾ ਕਰਦੀਆਂ ਸਨ। ਸਾਰਾ ਪਿੰਡ ਉਨ੍ਹਾਂ ਨੂੰ ਦੇਖਦਾ ਹੈ। ਸਾਰੇ ਪਿੰਡ ਸਾਹਮਣੇ ਉਨ੍ਹਾਂ ਨੂੰ ਸਿਰ ਨੀਵਾਂ ਰੱਖ ਕੇ ਜਿਉਣਾ ਪੈਂਦਾ ਹੈ। ਜੇ ਇਹੀ ਕੰਮ ਉਨ੍ਹਾਂ ਦੀ ਕਿਸਮਤ ਵਿਚ ਲਿਖਿਆ ਹੋਇਆ ਹੈ, ਉਹ ਸ਼ਹਿਰ ਜਾ ਕੇ ਕਰਨਗੀਆਂ। ਉੱਥੇ ਉਨ੍ਹਾਂ ਨੂੰ ਹੋਰ ਕੋਈ ਨਹੀਂ ਜਾਣਦਾ। ਉਹੀ ਜਾਣਦੇ ਹੋਇਆ ਕਰਨਗੇ, ਜਿਹੜੇ ਉਨ੍ਹਾਂ ਕੋਲ ਆਇਆ ਕਰਨਗੇ। ਕਮਾਉਣਗੀਆਂ ਤੇ ਖਾਣਗੀਆਂ। ਮੌਜਾਂ ਕਰਨਗੀਆਂ। ਘਰ ਨਹੀਂ ਸਹੀ ਚੁਬਾਰਾ ਤਾਂ ਹੋਵੇਗਾ।

ਗੱਡੀ ਦੇ ਡੱਬੇ ਵਿਚ ਉਨ੍ਹਾਂ ਦੀ ਸੀਟ ਦੇ ਸਾਹਮਣੇ ਦੋ ਬੰਦੇ ਬੈਠੇ ਸਨ। ਉਹ ਅਗਾਂਹ ਕਿਤੋਂ ਆ ਰਹੇ ਸਨ। ਦੇਖਣ ਨੂੰ ਭਲੇਮਾਣਸ ਜਿਹੇ ਲੱਗਦੇ ਸਨ, ਪਰ ਉਨ੍ਹਾਂ ਵੱਲ ਲਗਾਤਾਰ ਝਾਕੀ ਜਾ ਰਹੇ ਸਨ। ਦੋ ਕੁ ਸਟੇਸ਼ਨ ਅਗਾਂਹ ਜਾ ਕੇ ਉਨ੍ਹਾਂ ਵਿਚ ਗੱਲਾਂ ਹੋਣ ਲੱਗੀਆਂ। ਕਿੱਥੋਂ ਚੱਲੇ ਹੋ, ਕਿੱਥੇ ਜਾ ਰਹੇ ਹੋ, ਗੱਲਾਂ ਇੱਕ-ਦੂਜੇ ਨੇ ਸੁਣੀਆਂ। ਦੋਵੇਂ ਬੰਦੇ ਪੰਜਾਬ ਦੇ ਨਹੀਂ ਸਨ, ਪਰ ਪੰਜਾਬ ਵਿਚ ਆਉਂਦੇ ਜਾਂਦੇ ਸਨ। ਉਨ੍ਹਾਂ ਦਾ ਕੰਮ ਅਜਿਹਾ ਹੀ ਕੋਈ ਸੀ। ਸਟੇਸ਼ਨ ਲੰਘਦੇ ਗਏ। ਗੱਲਾਂ ਹੋਰ ਹੁੰਦੀਆਂ ਰਹੀਆਂ। ਬੰਦਿਆਂ ਨੇ ਭਾਂਪਿਆ, ਉਹ ਦੋਵੇਂ ਜਣੀਆਂ ਅੰਦਰੋਂ ਉਖੜੀਆਂ ਹੋਈਆਂ ਹਨ। ਦੋਵਾਂ ਦਾ ਥਾਂ ਟਿਕਾਣਾ ਕੋਈ ਨਹੀਂ। ਦੋਵੇਂ ਹੀ ਕਿਸੇ ਥਾਂ ਟਿਕਾਣੇ ਪਹੁੰਚਣਾ ਚਾਹੁੰਦੀਆਂ ਹਨ। ਦੋਵਾਂ ਦਾ ਕੋਈ ਥਾਂ ਟਿਕਾਣਾ ਉਨ੍ਹਾਂ ਨੂੰ ਉਡੀਕ ਰਿਹਾ ਸੀ। ਦੋਵਾਂ ਦੀ ਭਾਵਨਾ ਸੀ, ਕੋਈ ਉਨ੍ਹਾਂ ਨੂੰ ਰੋਟੀ ਕੱਪੜਾ ਦੇ ਸਕਦਾ ਹੋਵੇ। ਉਨ੍ਹਾਂ ਨੂੰ ਘਰ ਵਸਾਵੇ। ਕੋਈ ਵੀ ਹੋਵੇ, ਕਿਤੋਂ ਦਾ ਹੋਵੇ। ਲਖਮੀ ਰਾਮ ਤੇ ਨਗਾਹੀ ਲਾਲ ਨੇ ਦਿੱਲੀ ਜਾਣਾ ਸੀ, ਪਰ ਉਹ ਅੰਬਾਲੇ ਹੀ ਉਤਰ ਗਏ। ਚਾਰਾਂ ਵਿਚ ਇੱਕ ਪਰਸਪਰ ਜਿਹੀ ਸਾਂਝ ਪੈਦਾ ਹੋ ਚੁੱਕੀ ਸੀ। ਕਿਸੇ ਨੂੰ ਕਿਸੇ ਦਾ ਕੋਈ ਡਰ ਨਹੀਂ ਸੀ, ਕੋਈ ਓਹਲਾ ਨਹੀਂ ਸੀ, ਕੋਈ ਸ਼ੱਕ ਨਹੀਂ ਸੀ। ਬੰਦਿਆਂ ਕੋਲ ਕਾਫ਼ੀ ਪੈਸੇ ਸਨ। ਕਮੀਜ਼ਾਂ ਥੱਲੇ ਪਹਿਨੀਆਂ ਜਾਕਟਾਂ ਦੀਆਂ ਜੇਬਾਂ ਦੇਖੀਆਂ ਸਨ। ਇਸੇ ਕਰਕੇ ਜਾਂ ਕਿਸੇ ਹੋਰ ਖਿੱਚ ਨਾਲ ਉਹ ਦੋਵੇਂ ਉਨ੍ਹਾਂ ਦੇ ਮਗਰ ਲੱਗ ਤੁਰੀਆਂ। ਸਟੇਸ਼ਨ ਤੋਂ ਬਾਹਰ ਉਨ੍ਹਾਂ ਨੇ ਇੱਕ ਹੋਟਲ ਵਿਚ ਰੋਟੀ ਖਾਧੀ। ਰਾਤ ਦੇ ਗਿਆਰਾਂ ਵੱਜ ਚੁੱਕੇ ਸਨ। ਫੇਰ ਉਸੇ ਹੋਟਲ ਵਿਚ ਇੱਕ ਕਮਰਾ ਲੈ ਕੇ ਚਾਰਾਂ ਨੇ ਰਾਤ ਕੱਟੀ। ਲਖਮੀ ਰਾਮ ਤੇ ਨਗਾਹੀ ਲਾਲ ਆਪਸ ਵਿਚ ਹਿੰਦੀ ਵਰਗੀ ਕੋਈ ਭਾਸ਼ਾ ਬੋਲਦੇ, ਉਨ੍ਹਾਂ ਨਾਲ ਪੰਜਾਬੀ ਜਿਹੀ ਬੋਲਦੇ। ਲਖਮੀ ਰਾਮ ਵੱਡਾ ਸੀ ਤੇ ਉਹਨੇ ਗੇਲੋ ਦੇ ਮੋਢੇ 'ਤੇ ਹੱਥ ਰੱਖ ਦਿੱਤਾ ਤੇ ਆਖ ਦਿੱਤਾ ਕਿ ਤੂੰ ਮੇਰੀ ਹੋ ਚੁੱਕੀ। ਸਾਫ਼ ਸੀ ਫਿਰ ਨਗਾਹੀ ਲਾਲ ਦੀ ਵੰਡ ਵਿਚ ਸੀਤੋ ਆ ਗਈ। ਗੇਲੋ ਦਾ ਰੰਗ ਪਿੱਲੀਆਂ ਇੱਟਾਂ ਜਿਹਾ ਸੀ। ਸਰੀਰ ਢਿਲਕਿਆ-ਢਿਲਕਿਆ। ਲਖਮੀ ਰਾਮ ਦਾ ਰੰਗ ਗੋਰਾ ਸੀ। ਪਰ ਉਹਦਾ ਜੁੱਸਾ ਤਕੜਾ ਸੀ। ਗੇਲੋ ਉਹਦੇ ਨਾਲ ਰਹਿ ਕੇ ਖ਼ੁਸ਼ ਸੀ। ਉਹਦੇ ਅੰਗਾਂ ਵਿਚੋਂ ਗੇਲੋ ਨੂੰ ਅਲੋਕਾਰ ਜਿਹਾ ਸੁੱਖ ਮਿਲਿਆ। ਸੀਤੋ ਰੰਗ ਦੀ ਪੱਕੀ ਸੀ। ਸਰੀਰ ਗਠਿਆ ਹੋਇਆ। ਨਗਾਹੀ ਲਾਲ ਜਮਾ ਕਾਲਾ ਧੂਸ਼ ਸੀ। ਦੋਵੇਂ ਇੱਕ-ਦੂਜੇ ਨੂੰ ਚੰਗੇ ਲੱਗੇ।

ਦੋਵਾਂ ਦੇ ਟਿਕਾਣੇ ਦਿੱਲੀ ਵਿਚ ਸਨ। ਲਖਮੀ ਹੋਰ ਪਾਸੇ ਰਹਿੰਦਾ ਸੀ ਤੇ ਨਗਾਹੀ ਹੋਰ ਪਾਸੇ। ਦਿੱਲੀਓਂ ਬਾਹਰ ਜਾਂਦੇ ਤਾਂ ਕਿਵੇਂ ਨਾ ਕਿਵੇਂ ਇਕੱਠੇ ਹੋ ਜਾਂਦੇ। ਲਖਮੀ ਹੰਢਿਆ ਹੋਇਆ ਬੰਦਾ ਸੀ। ਕੰਮ-ਧੰਦੇ ਵਿਚ ਨਗਾਹੀ ਉਹਦਾ ਸ਼ਗਿਰਦ ਸੀ। ਹੁਣ ਉਹ ਪਤਨੀਆਂ ਨੂੰ ਘਰੀਂ ਛੱਡ ਕੇ ਪੰਜਾਬ ਚਲੇ ਜਾਂਦੇ, ਹਰਿਆਣੇ ਚਲੇ ਜਾਂਦੇ, ਰਾਜਸਥਾਨ ਤੇ ਯੂ.ਪੀ. ਵਿਚ ਚਲੇ ਜਾਂਦੇ। ਸੀਤੋ ਤੇ ਗੇਲੋ ਘਰਾਂ ਵਿਚ ਰਹਿੰਦੀਆਂ ਤੇ ਮੌਜਾਂ ਕਰਦੀਆਂ। ਉਨ੍ਹਾਂ ਲਈ ਖਾਣ-ਪੀਣ ਨੂੰ ਖੁੱਲ੍ਹਾ ਸੀ। ਚੰਗੇ ਵਾਹਵਾ ਮਕਾਨ ਸਨ। ਜਦੋਂ ਉਹ ਦਿੱਲੀ ਵਿਚ ਹੁੰਦੇ ਤਾਂ ਇੱਕ-ਦੂਜੇ ਦੇ ਘਰੀਂ ਵੀ ਜਾਂਦੇ। ਸੀਤੋਂ ਤੇ ਗੇਲੋ ਸਹੇਲੀਆਂ ਵਾਂਗ ਮਿਲਦੀਆਂ। ਇਕੱਠੀਆਂ ਬੈਠ ਕੇ ਕਦੇ

ਗੱਲਾਂ ਕਰਦੀਆਂ ਤੇ ਸੁੱਖ ਦਾ ਸਾਹ ਲੈਂਦੀਆਂ। ਗੇਲੋ ਆਖਦੀ, 'ਹੁਣ ਠੀਕ ਆਂ ਆਪਾਂ। ਨੀ ਬਥੇਰਾ ਮੋਹ ਕਰਦੇ ਨੇ ਇਹ ਤਾਂ ਆਪਾਂ ਨੂੰ । ਲਖਮੀ ਤਾਂ ਮੇਰੇ ਪੈਰਾਂ ਥੱਲੇ ਹੱਥ ਦਿੰਦੈ।'

ਸੀਤੋ ਹੱਸਦੀ, 'ਪਿਆਰ ਤਾਂ ਨਗਾਹੀ ਵੀ ਅੰਤਾਂ ਦਾ ਕਰਦੈ। ਪਰ ਦੇਖਣ 'ਚ (ਉਈਂ) ਜਾ ਲੱਗਦੈ-ਜੈਖਾਣਾ। ਊਂ ਜਦੋਂ ਐਥੇ ਹੁੰਦੈ, ਸਾਰੀ ਰਾਤ ਖਹਿੜਾ ਨ੍ਹੀਂ ਛੱਡਦਾ। ਜਿਵੇਂ ਨਵੀਂ ਮੁਕਲਾਵੇ ਆਈ ਹੋਵਾਂ। ਬਾਹਲਾ ਹੀ ਚਾਹੁੰਦੈ, ਭਾਈ ਮੈਨੂੰ ਤਾਂ। ਫੇਰ ਜਦੋਂ ਜਾਊ ਦੱਸ ਕੇ ਜਾਊ ਬਈ ਮੈਂ ਐਨੇ ਦਿਨ ਨੀ ਆਉਂਦਾ ਹੁਣ। ਨੋਟਾਂ ਦੀ ਮੁੱਠੀ ਭਰ ਕੇ ਫੜਾ ਦਿੰਦੈ। ਆਖਦੈ, ਆਹ ਲੈ, ਤੰਗੀ ਨਾ ਕੱਟੀਂ।'

ਦੋਵੇਂ ਚਾਂਭੜਾਂ ਪਾਉਂਦੀਆਂ, 'ਨੀ ਆਪਾਂ ਤਾਂ ਸੁਰਗ 'ਚ ਆ ਗੀਆਂ।' ਏਦਾਂ ਹੀ ਦੋ ਸਾਲ ਲੰਘ ਗਏ। ਫੇਰ ਪੈਸਿਆਂ ਪਿੱਛੇ ਉਨ੍ਹਾਂ ਦੀ ਲੜਾਈ ਹੋ ਗਈ। ਨਗਾਹੀ ਕਹਿੰਦਾ ਸੀ, 'ਮੈਨੂੰ ਪੂਰਾ ਹਿੱਸਾ ਨਹੀਂ ਮਿਲਿਆ।' ਲਖਮੀ ਦਾ ਜਵਾਬ ਸੀ, 'ਤੇਰਾ ਐਨਾ ਹੀ ਬਣਦਾ ਸੀ।' ਤੇ ਫੇਰ ਉਹ ਆਪਣਾ-ਆਪਣਾ ਧੰਦਾ ਕਰਨ ਲੱਗੇ। ਇੱਕ-ਦੂਜੇ ਨੂੰ ਮਿਲਦੇ ਵੀ ਨਹੀਂ ਸਨ। ਉਨ੍ਹਾਂ ਦਾ ਮਿਲਣਾ ਬੰਦ ਹੋਇਆ ਤਾਂ ਨਾਲ ਹੀ ਸੀਤੋ ਤੇ ਗੇਲੋ ਵੀ ਮਿਲਣੋਂ ਰਹਿ ਗਈਆਂ। ਉਨ੍ਹਾਂ ਦੇ ਘਰ ਦਸ-ਦਸ ਮੀਲਾਂ 'ਤੇ ਸਨ। ਪੇਂਡੂ ਜ਼ਨਾਨੀਆਂ। ਉਨ੍ਹਾਂ ਨੂੰ ਤਾਂ ਬੱਸ ਦਾ ਪਤਾ ਨਹੀਂ ਸੀ, ਕਿਹੜੀ ਕਿੱਧਰ ਨੂੰ ਜਾਂਦੀ ਹੈ।

ਦੋਵੇਂ ਡਰਦੀਆਂ ਸਨ, ਕਿਧਰੇ ਗਵਾਚ ਹੀ ਨਾ ਜਾਣ। ਛੇ ਮਹੀਨੇ ਲੰਘ ਗਏ। ਉਹ ਇਕੱਲੀਆਂ ਰਹਿ ਗਈਆਂ। ਗੇਲੋ ਲਖਮੀ ਨੂੰ ਆਖਦੀ, 'ਤੁਸੀਂ ਭਾਵੇਂ ਕਿੰਨਾ ਗੁੱਸੇ-ਗਿਲੇ ਰਹੋ, ਮੇਰਾ ਤਾਂ ਬਾਹਲਾ ਚਿੱਤ ਕਰਦੈ, ਜਾਣੀ ਕੋਈ ਚਿੜੀ-ਜਨੌਰ ਬਣ ਕੇ ਸੀਤੋ ਨੂੰ ਜਾ ਮਿਲਾਂ। ਮੈਨੂੰ ਇੱਕ ਵਾਰੀ ਤਾਂ ਮਿਲਾ ਦੇ ਉਹਨੂੰ। ਪਤਾ ਨ੍ਹੀ ਵਿਚਾਰੀ ਦਾ ਕੀ ਹਾਲ ਹੋਊਗਾ?' ਤੇ ਫੇਰ ਲਖਮੀ ਉਹਨੂੰ ਲੈ ਕੇ ਗਿਆ। ਮਕਾਨ ਨੂੰ ਜਿੰਦਰਾ ਲੱਗਿਆ ਹੋਇਆ ਸੀ। ਇੱਧਰ-ਉੱਧਰ ਗਵਾਂਢੀਆਂ ਤੋਂ ਪੁੱਛਿਆ। ਐਡੇ ਵੱਡੇ ਸ਼ਹਿਰ ਵਿਚ ਗੁਆਂਢ ਨਾਉਂ ਦੀ ਕੋਈ ਚੀਜ਼ ਨਹੀਂ ਸੀ। ਇੱਕ ਜ਼ਨਾਨੀ ਨੇ ਐਨਾ ਦੱਸਿਆ, 'ਭਾਈ ਅਸੀਂ ਤਾਂ ਕਦੇ ਦਰਵਾਜ਼ਾ ਖੁੱਲ੍ਹਾ ਨ੍ਹੀਂ ਦੇਖਿਆ, ਇੱਕ ਮ੍ਹੀਨੇ ਤੋਂ। ਨਾ ਉਹ ਤੀਮੀਂ ਦੇਖੀ ਹੈ। ਅੱਗੇ ਤਾਂ ਬਾਰ ਵਿਚ ਖੜ੍ਹੀ ਕਦੇ ਦਿੱਸ ਜਾਂਦੀ ਸੀ। ਲੱਗਦੈ, ਮਕਾਨ ਛੱਡ 'ਗੇ ਉਹ।'

ਉੱਧਰ ਪਿੰਡ ਵਿਚ ਸੁਖਦੇਵ ਦਾ ਬੁਰਾ ਹਾਲ ਸੀ। ਉਹਨੂੰ ਭੈਣ ਤੇ ਬਹੂ ਦਾ ਵੱਡਾ ਮਿਹਣਾ ਸੀ।

ਉਹਨੂੰ ਕੋਈ ਕੁਝ ਆਖਦਾ ਤਾਂ ਉਹ ਕੰਨ ਬੰਦ ਕਰ ਲੈਂਦਾ। ਅਗਲੇ ਦੀ ਗੱਲ ਸੁਣਦਾ ਹੀ ਨਹੀਂ ਸੀ। ਉਹਨੂੰ ਵੱਡਾ ਫ਼ਿਕਰ ਸੀ ਤਾਂ ਰੋਟੀ ਦਾ ਸੀ। ਭੁੱਖਾ ਰਹਿ-ਰਹਿ ਜਦੋਂ ਉਹਦੀ ਕੋਈ ਪੇਸ਼ ਨਾ ਗਈ ਤਾਂ ਉਹ ਗੁਰਦੁਆਰੇ ਜਾ ਬੈਠਾ। ਘਰ ਨੂੰ ਜਿੰਦਰਾ ਲਾ ਰੱਖਦਾ। ਘਰ ਵਿਚ ਜਿੰਦਰਾ ਲਾਉਣ ਨੂੰ ਸੀ ਵੀ ਕੀ। ਘਰ ਵਿਚ ਤਾਂ ਉਹ ਸਿਰਫ਼ ਰਾਤ ਕੱਟਣ ਆਉਂਦਾ। ਭੁੱਕੀ ਦੇ ਨਸ਼ੇ ਵਿਚ ਉਹਨੂੰ ਕੋਈ ਅਹਿਸਾਸ ਨਹੀਂ ਰਹਿ ਜਾਂਦਾ ਸੀ ਕਿ ਘਰ ਬਹੂ ਬਗੈਰ ਖਾਲ੍ਹੀ ਹੈ। ਇੱਥੇ ਹੀ ਕਿਤੇ ਉਹਦੀ ਮਾਂ ਜਾਈ ਭੈਣ ਬੈਠੀ ਹੁੰਦੀ।

ਗੁਰਦੁਆਰੇ ਉਹਨੂੰ ਤੜਕੇ-ਤੜਕੇ ਵੇਸਣੀ ਰੋਟੀ ਖਾਣ ਨੂੰ ਮਿਲਦੀ, ਚਾਹ ਦੀ ਬਾਟੀ ਹੁੰਦੀ। ਦੁਪਹਿਰ ਵੇਲੇ ਭਾਂਤ-ਭਾਂਤ ਦੀਆਂ ਰੋਟੀਆਂ। ਪਿੰਡ ਵਿਚੋਂ ਪਰਸ਼ਾਦੇ ਆਉਂਦੇ ਸਨ। ਦਾਲਾਂ-ਸਬਜ਼ੀਆਂ ਆਉਂਦੀਆਂ ਸਨ। ਦੁਪਹਿਰ ਤੋਂ ਪਿਛਲੇ ਪਹਿਰ ਤੱਕ ਲੰਗਰ ਵਰਤਦਾ ਰਹਿੰਦਾ। ਰਾਹੀ-ਪਾਂਧੀ, ਬੁੜ੍ਹੇ-ਠੇਰੇ, ਜਿਨ੍ਹਾਂ ਦੀ ਘਰ ਵਿਚ ਕੋਈ ਪੁੱਛ-ਦੱਸ ਨਾ ਹੁੰਦੀ, ਪ੍ਰਸ਼ਾਦਾ ਛਕਦੇ। ਸੁਖਦੇਵ ਇਨ੍ਹਾਂ ਸਭ ਵਿਚ ਸ਼ਾਮਲ ਸੀ। ਆਥਣ ਵੇਲੇ ਗੁਰਦੁਆਰੇ ਵਿਚ ਲੰਗਰ ਪੱਕਦਾ, ਆਥਣੇ ਵੀ ਉਹਨੂੰ ਪ੍ਰਸ਼ਾਦਾ ਮਿਲ ਜਾਂਦਾ। ਗੁਰੂ ਦਾ ਘਰ ਸੀ, ਉੱਥੇ ਤਾਂ ਕਿਸੇ ਨੂੰ ਇਨਕਾਰ ਹੀ ਨਹੀਂ ਸੀ। ਸੁਖਦੇਵ ਭੁੱਕੀ ਖਾ ਕੇ ਮਸਤ ਹੋਇਆ ਇੱਕ ਟੁੱਟੀ ਜਿਹੀ ਮੰਜੀ ਵਿਚ ਲਮਕਿਆ ਪਿਆ ਰਹਿੰਦਾ। ਉੱਠ ਕੇ ਤੁਰਦਾ ਜਿਵੇਂ ਕਈ ਵਰ੍ਹਿਆਂ ਤੋਂ ਬਿਮਾਰ ਸੀ। ਗੁਰਦੁਆਰੇ ਵਿਚ ਬੈਠੇ ਬਜ਼ੁਰਗ ਬੰਦੇ ਉਹਨੂੰ ਸੁਣਾ ਕੇ ਆਖਦੇ 'ਰੰਨ ਨ੍ਹੀ, ਕੰਨ ਨ੍ਹੀ, ਮੌਜਾਂ ਮਾਣਦੈਂ ਬਈ ਸਰਦਾਰ ਸੁਖਦੇਵ ਸਿੰਘ।'

ਹੋਰ ਕੋਈ ਆਖਦਾ, 'ਇਹਨੂੰ ਸ਼ਰਮ ਤਾਂ ਭੋਰਾ ਨੀ ਕਿਸੇ ਗੱਲ ਦੀ। ਭੈਣ ਕਿਧਰੇ ਤੁਰ 'ਗੀ, ਬਹੂ ਕਿਧਰੇ ਤੁਰ 'ਗੀ। ਭੈਣ .. ਨੇ ਪਿੰਡ ਨੂੰ ਦਾਗ਼ ਲਵਾ 'ਤਾ। ਹੁਣ ਆਹ ਫਿਰਦੈ ਡੇਕੇ ਭੰਨ੍ਹਦਾ।'

'ਚੰਗਾ ਭਲਾ ਜੁਆਨ ਐ। ਜ਼ਮੀਨ ਦੇ ਦੋ ਓਰੇ ਵੀ ਹੈਗੇ ਕੋਲ। ਕਮੂਤ ਤੋਂ ਤੀਮੀਂ ਨ੍ਹੀ ਸਾਂਭੀ ਗਈ।'

'ਤੀਮੀਂ ਤਾਂ ਚੱਲ ਬਗਾਨੀ ਧੀ ਸੀ, ਹੋਰ ਕੀ ਕਰਦੀ ਉਹ। ਇਹ ਤਾਂ ਨਿਕੰਮਾ ਸੀ। ਭੈਣ ਦਾ ਨ੍ਹੀਂ ਸੋਚਿਆ ਕੁਛ, ਪੱਟੇ ਵਏ ਨੇ।'

'ਉਏ ਭਾਈ, ਕੁੜੀ ਤੇ ਬਹੂ ਦੇ ਚਾਲੇ ਮਾੜੇ ਸੀ। ਇਹਦੇ ਕੀ ਵੱਸ ਸੀ।'

'ਇਹਦੇ ਕਰਕੇ ਈ ਉਨ੍ਹਾਂ ਦਾ ਪੈਰ ਘਰੋਂ ਬਾਹਰ ਹੋਇਆ। ਇਹ ਚੱਜ ਦਾ ਹੁੰਦਾ ਤਾਂ ਭੈਣ ਨੂੰ ਵੀ ਚਾਰ ਭਮਾਲੀਆਂ ਦਿੱਤੀਆਂ ਜਾਂਦੀਆਂ, ਤੀਵੀਂ ਵੀ ਵੱਸੀ ਰਹਿੰਦੀ। ਇਹ ਤਾਂ ਆਹ ਫਿਰਦੈ ਹੁਣ। ਪਾਂ ਆਲੇ ਕੁੱਤੇ ਆਂਗੂ ਜਾਨ ਬਚਾਉਂਦਾ।'

ਸੁਖਦੇਵ ਬੋਲਾ ਨਹੀਂ ਸੀ । ਉਹ ਦੇ ਕੰਨਾਂ ਵਿਚ ਸਭ ਦੀਆਂ ਗੱਲਾਂ ਪੈਂਦੀਆਂ, ਪਰ ਉਹ ਅਣ-ਸੁਣੀਆਂ ਕਰ ਛੱਡਦਾ। ਉਹ ਸਮਝਦਾ, ਲੋਕ ਤਾਂ ਕੁੱਤੇ ਹਨ, ਭੌਂਕੀ ਜਾਂਦੇ ਨੇ।

ਇੱਕ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਪੁਲਿਸ ਦੇ ਚਾਰ ਸਿਪਾਹੀ ਤੇ ਥਾਣੇਦਾਰ ਲਖਮੀ ਦੇ ਘਰ ਅੱਗੇ ਆ ਖੜ੍ਹੇ। ਦਰਵਾਜ਼ਾ ਖੜਕਾਇਆ, ਲਖਮੀ ਘਰ ਹੀ ਸੀ ਤੇ ਗੇਲੋ ਉਹਦੀ ਪਤਨੀ ਵੀ। ਉਹ ਪੁਲਿਸ ਦੇਖ ਕੇ ਘਬਰਾ ਗਏ। ਕਿਉਂ ਆਈ ਹੈ ਪੁਲਿਸ? ਫੇਰ ਤਾਂ ਹੋਰ ਵੀ ਘਬਰਾਹਟ ਹੋਈ, ਜਦੋਂ ਉਨ੍ਹਾਂ ਨੇ ਦੇਖਿਆ ਕਿ ਪੁਲਿਸ ਵਾਲੇ ਸੀਤੋ ਨੂੰ ਲੈ ਕੇ ਆਏ ਹਨ।

ਸਿਪਾਹੀਆਂ ਨੇ ਮਕਾਨ ਅੰਦਰ ਵੜਦਿਆਂ ਹੀ ਲਖਮੀ ਨੂੰ ਕਾਬੂ ਕਰ ਲਿਆ। ਪਹਿਲਾਂ ਤਾਂ ਉਹਨੇ ਸ਼ੱਕ ਕੀਤਾ ਕਿ ਇਹ ਭਾਣਾ ਨਗਾਹੀ ਦੇ

ਨਣਦ ਭਰਜਾਈ

ਪੈਰੋਂ ਬੀਤਿਆ ਹੈ। ਪਰ ਫੇਰ ਉਹ ਸੋਚਣ ਲੱਗਿਆ, ਸੀਤੋ ਕਿਉਂ ਨਾਲ ਆਈ ਹੈ? ਸੀਤੋ ਅਜਿਹਾ ਭੈੜਾ ਕੰਮ ਨਹੀਂ ਕਰਵਾ ਸਕਦੀ। ਸੀਤੋ ਤਾਂ ਉਨ੍ਹਾਂ ਦੀ ਆਪਣੀ ਹੈ। ਫੇਰ ਉਹਨੇ ਫ਼ਿਕਰ ਕੀਤਾ ਕਿ ਜੇ ਸੀਤੋ ਹੈ ਤਾਂ ਨਗਾਹੀ ਕਿੱਥੇ ਹੈ? ਉਹਦੀ ਸਮਝ ਵਿਚ ਕੁਝ ਵੀ ਨਹੀਂ ਆ ਰਿਹਾ ਸੀ। ਪੁਲਿਸ ਵਾਲੇ ਉਹਨੂੰ ਹੁਣ ਉਨ੍ਹਾਂ ਦੇ ਨਾਲ ਥਾਣੇ ਜਾਣ ਲਈ ਆਖ ਰਹੇ ਸਨ। ਉਹ ਗੇਲੋ ਨੂੰ ਵੀ ਨਾਲ ਲੈ ਕੇ ਜਾਣਾ ਚਾਹੁੰਦੇ ਸਨ। ਸੀਤੋ ਚੁੱਪ ਖੜ੍ਹੀ ਸੀ । ਕੁਝ ਨਹੀਂ ਬੋਲ ਰਹੀ ਸੀ। ਉਹ ਮੂੰਹ ਖੋਲ੍ਹਣ ਲੱਗਦੀ ਤਾਂ ਸਿਪਾਹੀ ਉਹ ਨੂੰ ਝਿੜਕ ਦਿੰਦਾ।

ਗੱਲ ਇਹ ਸੀ ਕਿ ਨਗਾਹੀ ਆਪਣੇ ਘਰ ਓਪਰਿਆਂ ਬੰਦਿਆਂ ਨੂੰ ਲਿਆਉਣ ਲੱਗਿਆ ਸੀ । ਸੀਤੋ ਉਹਨੂੰ ਮਨ੍ਹਾ ਕਰਦੀ। ਪਰ ਉਹ ਹਟਦਾ ਨਹੀਂ ਸੀ। ਉਹ ਸ਼ਰਾਬ ਪੀਂਦੇ ਤੇ ਸੀਤੋ ਨੂੰ ਵੀ ਖਰਾਬ ਕਰਦੇ। ਅਖ਼ੀਰ ਇੱਕ ਦਿਨ ਨਗਾਹੀ ਘਰ ਨਹੀਂ ਆਇਆ। ਦੋ ਦਿਨ, ਚਾਰ ਦਿਨ, ਉਹ ਤਾਂ ਹਫ਼ਤਾ ਨਹੀਂ ਮੁੜਿਆ ਕਿਧਰੋਂ। ਘਰ ਵਿਚ ਨਗਾਹੀ ਦਾ ਮਿੱਤਰ ਸੀ। ਜਦੋਂ ਸੀਤੋ ਨਗਾਹੀ ਨੂੰ ਉਡੀਕ-ਉਡੀਕ ਥੱਕ ਗਈ ਤਾਂ ਮਿੱਤਰ ਨੇ ਭਾਂਡਾ ਭੰਨ੍ਹ ਦਿੱਤਾ। ਦੱਸਿਆ ਕਿ ਉਹ ਹੁਣ ਕਦੇ ਵੀ ਨਹੀਂ ਆਵੇਗਾ। ਉਹ ਹੁਣ ਉਸੇ ਦੀ ਹੈ। ਪਰ ਦੋ ਮਹੀਨੇ ਵੀ ਨਹੀਂ ਲੰਘੇ ਸਨ ਕਿ ਇੱਕ ਬੰਦਾ ਉੱਥੇ ਹੋਰ ਆਉਣ ਲੱਗਿਆ। ਫੇਰ ਉਹ ਉਹਦਾ ਪਤੀ ਬਣ ਬੈਠਾ। ਪਤਾ ਉਹਨੂੰ ਉਦੋਂ ਲੱਗਿਆ, ਜਦੋਂ ਉਹ ਦੂਜਾ ਬੰਦਾ ਉਹਨੂੰ ਕਿਧਰੋਂ ਘਰੋਂ ਬਾਹਰ ਲੈ ਕੇ ਜਾਣ ਦੀ ਜ਼ਿਦ ਕਰ ਰਿਹਾ ਸੀ। ਉਹ ਸ਼ਰਾਬੀ ਹੋ ਕੇ ਇੱਕ ਰਾਤ ਮੂੰਹੋਂ ਫੁੱਟਿਆ ਕਿ ਨਗਾਹੀ ਨੇ ਉਹਨੂੰ ਆਪਣੇ ਮਿੱਤਰ ਕੋਲ ਵੇਚ ਦਿੱਤਾ ਸੀ ਤੇ ਉਹ ਮਿੱਤਰ ਨੇ ਫੇਰ ਉਹ ਉਹਨੂੰ ਵੇਚ ਦਿੱਤੀ ਹੈ। ਹੁਣ ਉਹ ਉਹਦੀ ਮੁੱਲ ਦੀ ਤੀਵੀਂ ਹੈ। ਉਹ ਉਹਨੂੰ ਵਿਸ਼ਵਾਸ ਦਿਵਾ ਰਿਹਾ ਸੀ ਕਿ ਉਹ ਉਸਨੂੰ ਕਿਸੇ ਸ਼ਰੀਫ਼ ਆਦਮੀ ਦੇ ਘਰ ਬਿਠਾਏਗਾ। ਆਪ ਤਾਂ ਉਹ ਤੀਮੀਆਂ ਵੇਚਣ ਦਾ ਧੰਦਾ ਕਰਦਾ ਹੈ। ਸੀਤੋ ਉਹਦੀ ਗੱਲ ਮੰਨ ਗਈ ਸੀ। ਰੋਂਦੀ ਵੀ ਜਾਂਦੀ, ਉਹਦੀਆਂ ਗੱਲਾਂ ਮੰਨੀ ਵੀ ਜਾਂਦੀ। ਬੰਦੇ ਨੂੰ ਜਦੋਂ ਵਿਸ਼ਵਾਸ ਹੋ ਗਿਆ ਤਾਂ ਉਹ ਉਹਨੂੰ ਇਕੱਲੀ ਛੱਡ ਕੇ ਗਾਹਕ ਲੈਣ ਟੁਰ ਗਿਆ। ਕਹਿ ਗਿਆ ਕਿ ਉਹ ਤਿੰਨ ਦਿਨਾਂ ਨੂੰ ਮੁੜੇਗਾ। ਉਹ ਆਪਣਾ ਖਿਆਲ ਰੱਖੇ, ਜ਼ਮਾਨਾ ਮਾੜਾ ਹੈ।

ਉਹ ਬੰਦਾ ਘਰੋਂ ਬਾਹਰ ਹੋਇਆ ਤਾਂ ਉਹ ਉਸੇ ਵੇਲੇ ਮਕਾਨ ਤੋਂ ਥੋੜ੍ਹੀ ਦੂਰ ਪੈਂਦੇ ਰਿਕਸ਼ਾ ਸਟੈਂਡ 'ਤੇ ਗਈ। ਇੱਕ ਰਿਕਸ਼ੇ ਵਾਲੇ ਨੂੰ ਕਿਹਾ ਕਿ ਉਹ ਉਹਨੂੰ ਥਾਣੇ ਲੈ ਚੱਲੇ। ਰਿਕਸ਼ਾ ਵਾਲੇ ਨੇ ਦਸ ਰੁਪਏ ਮੰਗੇ। ਉਹ ਮੰਨ ਗਈ। ਸੀਤੋ ਨੂੰ ਥਾਣੇ ਦਾ ਕੋਈ ਪਤਾ ਨਹੀਂ ਸੀ ਕਿ ਕਿੱਥੇ ਹੈ? ਰਿਕਸ਼ਾ ਚਾਲਕ ਸਮਝਦਾ ਸੀ ਕਿ ਉਹ ਥਾਣੇ ਪਹਿਲਾਂ ਵੀ ਜਾਂਦੀ ਹੋਵੇਗੀ। ਇਸੇ ਕਰਕੇ ਉਹਨੇ ਦਸ ਰੁਪਏ ਦੇਣੇ ਮੰਨੇ ਹਨ। ਸੀਤੋ ਨੂੰ ਤਸੱਲੀ ਸੀ ਕਿ ਉਹ ਆਪ ਹੀ ਉਹਨੂੰ ਥਾਣੇ ਲੈ ਜਾਵੇਗਾ। ਦਸ ਰੁਪਏ ਹੋਏ ਕਿ ਘੱਟ-ਵੱਧ ਹੋਏ।

ਥਾਣੇ ਵਿਚ ਜਾ ਕੇ ਉਹ ਰੋਣ ਪਿੱਟਣ ਲੱਗੀ। ਆਖ ਰਹੀ ਸੀ, 'ਮੈਨੂੰ ਬਚਾ ਲਓ। ਮੈਨੂੰ ਮੇਰੇ ਪਿੰਡ ਭੇਜ ਦਿਓ। ਮੇਰੇ ਨਾਲ ਧੋਖਾ ਹੋਇਐ।'

ਪੁਲਿਸ ਕੋਲ ਅਜਿਹੇ ਮਾਮਲੇ ਆਉਂਦੇ ਰਹਿੰਦੇ ਹਨ। ਉਹ ਹੈਰਾਨ ਨਹੀਂ ਹੋਏ। ਕੋਲ ਬਿਠਾ ਕੇ ਉਹਨੂੰ ਪਹਿਲਾਂ ਤਾਂ ਦਿਲਾਸਾ ਦਿੱਤਾ ਅਤੇ ਕਿਹਾ, 'ਤੂੰ ਹੁਣ ਸਾਡੇ ਕੋਲ ਐਂ। ਸਾਡੀ ਹਿਫ਼ਾਜ਼ਤ ਵਿਚ ਤੈਨੂੰ ਹੁਣ ਕੁਛ ਨਹੀਂ ਹੋਏਗਾ। ਕੋਈ ਤੈਨੂੰ ਕੁਛ ਨਹੀਂ ਕਰ ਸਕਦਾ। ਤੂੰ ਆਪਣੇ ਮਾਂ-ਬਾਪ ਕੋਲ ਜਾਏਂਗੀ।' ਫੇਰ ਉਨ੍ਹਾਂ ਨੇ ਉਸ ਤੋਂ ਸਾਰੀ ਵਾਰਤਾ ਸੁਣੀ। ਉਹ ਉਹਨੂੰ ਅਜੀਬ-ਅਜੀਬ ਸਵਾਲ ਕਰਦੇ ਸਨ। ਉਹ ਸਭ ਕੁਝ ਨਿੱਡਰ ਦੱਸਦੀ ਜਾ ਰਹੀ ਸੀ। ਕਈ ਵਾਰ ਰੋਈ। ਇੱਕ-ਦੋ ਵਾਰ ਹੱਸੀ ਵੀ। ਕਦੇ ਉਹਦਾ ਚਿਹਰਾ ਗੁਲਾਬ ਵਾਂਗ ਖਿੜ ਉੱਠਦਾ, ਕਦੇ ਅੱਖਾਂ ਵਿਚ ਘੋਰ ਉਦਾਸੀ ਹੁੰਦੀ। ਉਹਨੇ ਦੱਸਿਆ ਸੀ ਕਿ ਦਿੱਲੀ ਵਿਚ ਹੀ ਨਗਾਹੀ ਲਾਲ ਦਾ ਸਾਥੀ ਲਖਮੀ ਰਾਮ ਰਹਿੰਦਾ ਹੈ। ਉਹਦੇ ਕੋਲ ਉਹਦੀ ਭਰਜਾਈ ਗੇਲੋ ਹੈ। ਉਹ ਦੋਵੇਂ ਉਨ੍ਹਾਂ ਨੂੰ ਲਾਰਾ ਲਾ ਕੇ ਦਿੱਲੀ ਲੈ ਆਏ। ਮੇਰੇ ਨਾਲ ਤਾਂ ਆਹ ਹਾਲ ਹੋ ਰਿਹਾ ਹੈ। ਮੇਰੀ ਭਰਜਾਈ ਗੇਲੋ ਦੀ ਪਤਾ ਨਹੀਂ ਕੀ ਹਾਲਤ ਹੈ।

ਗੇਲੋ, ਸੀਤੋ ਤੇ ਪੁਲਿਸ ਵੱਲ ਕੌੜ-ਕੌੜ ਝਾਕਦੀ। ਪੁਲਿਸ ਵਾਲੇ ਉਹਨੂੰ ਜੋ ਵੀ ਪੁੱਛਦੇ, ਉਹ ਦੱਸਦੀ ਨਹੀਂ ਸੀ। ਫਟੀਆਂ-ਫਟੀਆਂ ਨਿਗਾਹਾਂ ਨਾਲ ਬੱਸ ਝਾਕਦੀ ਹੀ। ਆਪਣੇ ਪੇਟ ਵੱਲ ਝਾਕਦੀ ਤਾਂ ਅੱਖਾਂ ਭਰ ਲੈਂਦੀ। ਲਖਮੀ ਨੇ ਦੱਸਿਆ ਕਿ ਉਹ ਦੋਵੇਂ ਉਨ੍ਹਾਂ ਨੂੰ ਉਨ੍ਹਾਂ ਦੀ ਮਰਜ਼ੀ ਨਾਲ ਪੰਜਾਬ ਤੋਂ ਲੈ ਕੇ ਆਏ ਸਨ । ਨਗਾਹੀ ਨਾਲ ਉਸਦਾ ਕੋਈ ਸਬੰਧ ਨਹੀਂ ਅਤੇ ਨਾ ਹੀ ਹੁਣ ਉਹ ਉਹਦੇ ਬਾਰੇ ਬਹੁਤਾ ਕੁਝ ਜਾਣਦਾ ਹੈ। ਗੇਲੋ ਆਪਣੀ ਮਰਜ਼ੀ ਨਾਲ ਉਹਦੇ ਘਰ ਰਹਿ ਰਹੀ ਹੈ। ਇਹ ਵੀ ਦੱਸਿਆ ਕਿ ਉਹ ਦੂਰ ਪਿੰਡਾਂ-ਸ਼ਹਿਰਾਂ ਵਿਚ ਜਾ ਕੇ ਦੇਸੀ ਦਵਾਈਆਂ ਵੇਚਦਾ ਹੈ। ਉਹ ਸ਼ਰੀਫ਼ ਆਦਮੀ ਹੈ। ਉਹਦੇ ਬਾਰੇ ਉਹਦੇ ਆਂਢ-ਗੁਆਂਢ ਤੋਂ ਪੁੱਛਿਆ ਜਾਵੇ।

ਪਰ ਪੁਲਿਸ ਮੰਨੀ ਨਹੀਂ। ਉਹ ਜਾਣਦੇ ਸਨ ਕਿ ਬਦਮਾਸ਼ ਲੋਕ ਸੌ ਤਾਣੇ ਤਣਦੇ ਹਨ। ਗੱਲਾਂ ਤੇ ਬਹਾਨਿਆਂ ਦੇ ਧਨੀ ਹੁੰਦੇ ਹਨ। ਇਨ੍ਹਾਂ ਨੂੰ ਡਰਾਮੇ ਕਰਨੇ ਆਉਂਦੇ ਹਨ। ਰੋ ਵੀ ਪੈਂਦੇ ਹਨ। ਪਾਗਲ ਬਣ ਕੇ ਹੱਸਣ ਲੱਗਦੇ ਹਨ। ਦਿੱਲੀ ਦੀ ਪੁਲਿਸ ਨੇ ਪੰਜਾਬ ਪੁਲਿਸ ਨੂੰ ਵਾਇਰਲੈਸ ਕੀਤੀ। ਨਣਦ-ਭਰਜਾਈ ਦੇ ਪਿੰਡ ਨੂੰ ਲੱਗਦੇ ਥਾਣੇ ਦੀ ਪੁਲਿਸ ਦੂਜੇ ਦਿਨ ਹੀ ਆ ਧਮਕੀ। ਉਹ ਤਿੰਨਾਂ ਨੂੰ ਫੜ ਕੇ ਪੰਜਾਬ ਲੈ ਗਏ।

ਲਖਮੀ ਰਾਮ 'ਤੇ ਉਧਾਲੇ ਦਾ ਕੇਸ ਪੈ ਗਿਆ। ਉਹਨੂੰ ਸਜ਼ਾ ਹੋਈ। ਨਣਦ-ਭਰਜਾਈ ਜਦੋਂ ਪਿੰਡ ਛੱਡੀਆਂ ਗਈਆਂ, ਉਨ੍ਹਾਂ ਦਾ ਉੱਥੇ ਕੋਈ ਨਹੀਂ ਸੀ। ਸੁਖਦੇਵ ਛੇ ਮਹੀਨੇ ਪਹਿਲਾਂ ਸਲਫਾਸ ਖਾ ਕੇ ਮਰ ਗਿਆ ਸੀ। ਪਿੰਡ ਵਾਲਿਆਂ ਨੇ ਸੀਤੋ 'ਤੇ ਤਰਸ ਕੀਤਾ ਤੇ ਉਹਨੂੰ ਸੁਖਦੇਵ ਵਾਲੇ ਘਰ ਵਿਚ ਬਿਠਾ ਦਿੱਤਾ। ਗੇਲੋ ਉਸ ਪਿੰਡ ਨਹੀਂ ਟਿਕੀ। ਆਪਣੇ ਪੇਕਿਆਂ ਦੇ ਘਰ ਚਲੀ ਗਈ। ਕਹਿੰਦੀ ਸੀ ਕਿ ਉਹ ਲਖਮੀ ਦਾ ਬੱਚਾ ਜੰਮੇਗੀ। ਜਦੋਂ ਉਹ ਜੇਲ੍ਹ ਵਿਚੋਂ ਬਾਹਰ ਆਇਆ, ਉਹਦੇ ਘਰ ਜਾ ਕੇ ਹੀ ਵਸੇਗੀ।

ਕਲਚਰ ਐਂਡ ਫ਼ੋਕਸ ਗਰੁੱਪ ਦੀ ਮਦਦ ਨਾਲ

ਮਹਾਨ ਕ੍ਰਾਂਤੀਕਾਰੀ ਅਜੀਤ ਸਿੰਘ ਦੀ ਸਮਾਧ - ਪੰਚਪੁਲਾ, ਡਲਹੌਜ਼ੀ

ਬਲਵਿੰਦਰ ਬਾਲਮ

ਪਠਾਨਕੋਟ, ਪੰਜਾਬ, ਤੋਂ ਡਲਹੌਜੀ ਲਗਭਗ 90 ਕਿਲੋਮੀਟਰ ਦੂਰ ਪੈਂਦਾ ਹੈ। ਡਲਹੌਜੀ ਜਿੱਥੇ ਮੌਸਮਾਂ ਵਿਚ ਸਿਰਤਾਜ ਮੰਨਿਆ ਜਾਂਦਾ ਹੈ ਉਥੇ ਇਹ ਸ਼ਹਿਰ ਕ੍ਰਾਂਤੀਕਾਰੀਆਂ ਦਾ ਸ਼ਹਿਰ ਵੀ ਹੈ। ਭਾਰਤ ਦੇਸ਼ ਦੇ ਮਹਾਨ ਕ੍ਰਾਂਤੀਕਾਰੀ ਸਰਦਾਰ ਅਜੀਤ ਸਿੰਘ ਦੀ ਸਮਾਧ, ਪੰਚਪੁਲੇ (ਡਲਹੌਜ਼ੀ), ਦੇ ਚੌਂਕ ਨੂੰ ਭਾਗ ਲਾ ਰਹੀ ਹੈ। ਇਸ ਸਥਾਨ ਉੱਤੇ ਲੋਕ ਜੋੜੇ (ਜੁੱਤੀਆਂ) ਉਤਾਰ ਕੇ ਮੱਥਾ ਟੇਕਦੇ ਹਨ।

ਪੰਚਪੁਲਾ ਨਾਂਅ ਇਸ ਕਰਕੇ ਪਿਆ ਕਿ ਇੱਥੇ ਪੰਜ ਪੁਲੀਆਂ ਹੁੰਦੀਆਂ ਸੀ। ਮਹਾਨ ਕ੍ਰਾਂਤੀਕਾਰੀ, ਦੇਸ਼ ਭਗਤ ਸਰਦਾਰ ਅਜੀਤ ਸਿੰਘ ਦੀ ਸਮਾਧ, ਯਾਤਰੀ ਸ਼ਰਧਾ ਨਾਲ ਵੇਖਣ ਆਉਂਦੇ ਹਨ। ਸਮਾਧ ਉਪਰ ਵੱਡੇ ਅਕਾਰ ਦੀ ਇਕ ਟਿਊਬ (ਲਾਈਟ) ਲਾਈ ਗਈ ਹੈ ਜੋ ਰਾਤ ਨੂੰ ਜਗਦੀ ਹੋਈ ਅੰਗਰੇਜ਼ੀ ਦੇ ਲਫ਼ਜ਼ ਏ (A) ਦੇ ਰੂਪ ਵਿਚ ਨਜ਼ਰ ਆਉਂਦੀ ਹੈ, ਮਹਾਨ ਕ੍ਰਾਂਤੀਕਾਰੀ ਅਜੀਤ ਸਿੰਘ ਦੇ ਨਾਂਅ ਦੇ ਪਹਿਲੇ ਅੱਖਰ ਪਿੱਛੇ। ਇਸ ਨੂੰ ਦੂਰੋਂ ਜਗਦੀ ਹੋਈ ਵੇਖ ਕੇ ਦਿਲਾਂ ਵਿਚ ਇਕ ਜਗਿਆਸਾ ਪੈਦਾ ਹੁੰਦੀ ਹੈ ਕਿ ਇਹ ਦਿਲਕਸ਼ ਚੀਜ਼ ਕੀ ਹੈ? ਲੋਕ ਇਸ ਭੇਤ ਨੂੰ ਜਾਣਨ ਲਈ ਓਥੋਂ ਤੱਕ ਜ਼ਰੂਰ ਪਹੁੰਚਦੇ ਹਨ। ਡਲਹੌਜ਼ੀ ਤੋਂ ਕੁਝ ਦੂਰੀ 'ਤੇ ਸਥਿਤ ਹੈ ਇਹ ਜਗ੍ਹਾ।

ਡਲਹੌਜ਼ੀ ਦੇ ਬੁੱਧੀਜੀਵੀਆਂ ਦੀ ਤਮੰਨਾ ਹੈ ਕਿ ਇਸ ਸ਼ਹਿਰ ਦਾ ਨਾਂਅ ਬਦਲ ਕੇ ਅਜੀਤ ਸਿੰਘ ਨਗਰ ਰੱਖਿਆ ਜਾਏ -ਤਾਂ ਜੋ ਇਸ ਮਹਾਨ ਕ੍ਰਾਂਤੀਕਾਰੀ, ਅਜੀਤ ਸਿੰਘ, ਦੀ ਯਾਦ, ਆਉਣ ਵਾਲੀ ਪੀੜੀ ਤਕ ਪਹੁੰਚਦੀ ਰਹੇ।

ਪੰਚਪੁਲੇ ਵਿਚ ਜਿੱਥੇ ਅਜੀਤ ਸਿੰਘ ਦੀ ਸਮਾਧ ਹੈ, ਉਥੇ ਇਕ ਛੋਟਾ ਜਿਹਾ ਬਜ਼ਾਰ ਹੈ। ਚਾਰੇ ਪਾਸੇ ਉੱਚੇ ਹਰੇ-ਭਰੇ ਪਹਾੜ, ਪਿਛਲੇ ਪਾਸੇ ਡੂੰਘੀ ਖੱਡ। ਅੱਤਿ ਦੀ ਗਰਮੀ ਵਿਚ ਵੀ ਇਥੇ ਮੌਸਮ ਠੰਡਾ ਅਤੇ ਸੁਹਾਵਨਾ ਲੁਭਾਵਨਾ ਹੁੰਦਾ ਹੈ। ਡਲਹੌਜੀ ਨਾਲੋਂ ਕਿਤੇ ਬਿਹਤਰ ਹੈ ਪੰਚਪੁਲਾ ਦਾ

ਚੌਂਕ! ਇਥੋਂ ਹਿਮਾਚਲ ਟੂਰਿਜ਼ਮ ਦਾ ਕੈਫੇਟੀਰੀਆ ਵੀ ਹੈ। ਬਨੀਖੇਤ ਅਤੇ ਡਲਹੌਜ਼ੀ ਇਲਾਕੇ ਲਈ ਪਾਣੀ ਦੀ ਸਪਲਾਈ ਇਥੋਂ ਹੀ ਹੁੰਦੀ ਹੈ। ਅਜੀਤ ਸਿੰਘ ਦੀ ਸਮਾਧ ਸੰਗਮਰਮਰ ਦੀ ਬਣੀ ਹੋਈ ਹੈ। ਇਹ ਸਥਾਨ ਕਿਸੇ ਤੀਰਥ ਸਥਾਨ ਤੋਂ ਘੱਟ ਨਹੀਂ।

ਦੇਸ਼ ਦੀ ਵੰਡ ਤੋਂ ਪਹਿਲਾਂ (ਲਗਭਗ 1915) ਅਜੀਤ ਸਿੰਘ, ਉਸ ਸਮੇਂ ਦੇ ਮਹਾਨ ਕ੍ਰਾਂਤੀਕਾਰੀ- ਉਨ੍ਹਾਂ ਨੂੰ ਕ੍ਰਾਂਤੀ ਦਾ ਬਾਦਸ਼ਾਹ ਕਿਹਾ ਜਾਂਦਾ ਸੀ- ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਕ੍ਰਾਂਤੀ ਦਾ ਬਿਗਲ ਵਜਾਅ ਦਿੱਤਾ ਸੀ। ਉਨ੍ਹਾਂ ਕਸਮ ਖਾਧੀ ਸੀ ਕਿ ਉਹ ਅੰਗਰੇਜ਼ਾਂ ਦੇ ਹੱਥ ਨਹੀਂ ਆਉਣਗੇ! ਅੰਗਰੇਜ਼ ਸਰਕਾਰ ਨੇ ਅਜੀਤ ਸਿੰਘ ਨੂੰ ਜ਼ਿੰਦਾ ਜਾਂ ਮੁਰਦਾ ਫੜਨ ਲਈ ਹਜ਼ਾਰਾਂ ਰੁਪਈਆ ਦਾ ਇਨਾਮ ਰੱਖਿਆ ਹੋਇਆ ਸੀ। ਉਹ ਪਰ ਭੇਸ ਬਦਲਣ ਵਿਚ ਬੜੇ ਮਾਹਿਰ ਸਨ ਅਤੇ ਤੀਖਣ ਬੁੱਧੀ ਦੇ ਮਾਲਿਕ ਸਨ! ਮੌਕੇ 'ਤੇ ਹੀ ਖ਼ੂਬਸੂਰਤ ਫ਼ੈਸਲਾ ਲੈਣ ਵਾਲੇ ਨਿਡਰ ਕ੍ਰਾਂਤੀਕਾਰੀ ਸਨ। ਉਹ ਮੁਸਲਮਾਨ ਦਾ ਭੇਸ ਬਣਾਅ ਕੇ ਕਈ ਚਿਰ ਅੰਗਰੇਜ਼ ਕਰਨਲ ਨੂੰ ਉਰਦੂ ਪੜ੍ਹਾਉਂਦੇ ਰਹੇ! ਏਸੇ ਸਮੇਂ ਦੌਰਾਨ ਉਨ੍ਹਾਂ ਦੀ ਮੁਲਾਕਾਤ ਕ੍ਰਾਂਤੀਕਾਰੀ ਸੂਫ਼ੀ ਅੰਬਾ ਪ੍ਰਸ਼ਾਦ ਨਾਲ ਹੋਈ।

ਸੂਫ਼ੀ ਜੀ ਦਾ ਸੱਜਾ ਹੱਥ ਨਹੀਂ ਸੀ। ਦੋਵ੍ਹਾਂ ਦੀ ਦੋਸਤੀ ਕਾਫ਼ੀ ਗੂੜ੍ਹੀ ਹੋ ਗਈ- ਕ੍ਰਾਂਤੀ ਦੀਆਂ ਵਿਓਂਤਾਂ ਬਣਾਉਂਦੇ ਰਹਿੰਦੇ। ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਕਈ-ਕਈ ਰਾਤਾਂ ਸੌਂਦੇ ਹੀ ਨਾ- ਸਕੀਮਾਂ, ਵਿਉਂਤਾਂ ਬਣਾਉਂਦੇ ਰਹਿੰਦੇ।

ਇੱਕ ਕਿੱਸਾ: ਇਕ ਦਿਨ ਦੋਵੇਂ ਰੂਹ-ਪੋਸ਼ (ਅੰਡਰਗ੍ਰਾਉਂਡ) ਹੋ ਗਏ ਅਤੇ ਪਰਸ਼ੀਆ (ਈਰਾਨ) ਚਲੇ ਗਏ। ਓਥੇ ਉਹ ਇਕ ਸਰਾਂਅ ਵਿਚ ਠਹਿਰ ਗਏ, ਜਿੱਥੇ ਕੱਪੜੇ ਦੇ ਵਪਾਰੀ ਵੀ ਠਹਿਰੇ ਹੋਏ ਸਨ। ਇਕ ਦਿਨ ਰੌਲਾ ਪੈ ਗਿਆ ਤੇ ਪੁਲਿਸ ਨੇ ਸਰਾਂਅ ਨੂੰ ਘੇਰਾ ਪਾ ਲਿਆ ਹੈ , ਕਿਉਂਕ ਅਜੀਤ ਸਿੰਘ ਦਾ ਇਥੇ ਠਹਿਰਨ ਦਾ ਪੁਲਿਸ ਨੂੰ ਸ਼ੱਕ ਪੈ ਗਿਆ ਸੀ। ਪੁਲਿਸ ਨੂੰ ਵੇਖ ਕੇ ਸੂਫ਼ੀ ਜੀ ਅਤੇ ਅਜੀਤ ਸਿੰਘ ਕੁਝ ਘਬਰਾਏ ਪਰ ਹੌਸਲਾ ਨਾ ਛੱਡਿਆ। ਇਸ ਸਰਾਂਅ ਵਿਚ ਇਕ ਮੁਸਲਮਾਨ ਪਠਾਣ ਵੀ ਠਹਿਰਿਆ ਹੋਇਆ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਮਹਾਨ ਕ੍ਰਾਂਤੀਕਾਰੀ ਅਜੀਤ ਸਿੰਘ ਅਤੇ ਸੂਫ਼ੀ ਜੀ ਇਥੇ ਠਹਿਰੇ ਹੋਏ ਹਨ ਅਤੇ ਪੁਲਿਸ ਉਨ੍ਹਾਂ ਨੂੰ ਲੱਭ ਰਹੀ ਹੈ -ਤਾਂ ਪਠਾਣ ਨੇ ਅਜੀਤ ਸਿੰਘ ਅਤੇ ਸੂਫ਼ੀ ਜੀ ਨੂੰ ਕਿਹਾ ਕਿ 'ਤੁਸੀਂ ਚਿੰਤਾ ਨਾ ਕਰੋ, ਪਠਾਣ ਮਰ ਜਾਏਗਾ ਪਰ ਤੁਹਾਨੂੰ ਹੱਥ ਨਹੀਂ ਲੱਗਣ ਦੇਵੇਗਾ, ਦੇਸ਼ ਨੂੰ ਤੁਹਾਡੀ ਜ਼ਰੂਰਤ ਹੈ; ਮੈਂ ਹਰ ਹਾਲ ਵਿਚ ਤੁਹਾਨੂੰ ਬਚਾਵਾਂਗਾ'। ਪਠਾਣ ਨੇ ਅਜੀਤ ਸਿੰਘ ਅਤੇ ਸੂਫ਼ੀ ਜੀ ਨੂੰ ਕੱਪੜਿਆਂ ਵਾਲੇ ਟਰੰਕ ਵਿਚ ਬੰਦ ਕਰ ਦਿੱਤਾ!! ਪੁਲਿਸ ਨੂੰ ਸਰਾਅ 'ਚੋਂ ਕੁਝ ਨਾ ਲੱਭਾ, ਆਖ਼ਿਰ ਕਾਫ਼ੀ ਤਲਾਸ਼ੀ ਲੈਣ ਤੋਂ ਬਾਅਦ ਪੁਲਿਸ ਵਾਪਿਸ ਚਲੀ ਗਈ।

ਪੁਲਿਸ ਨੇ ਪਰ ਮੁੜ ਇੱਕ ਛਾਪਾ ਮਾਰਿਆ। ਇਸ ਵਾਰ, ਸੂਫ਼ੀ ਅਤੇ ਅਜੀਤ ਸਿੰਘ ਨੂੰ ਪਠਾਣ ਨੇ ਜ਼ਨਾਨਾ ਕੱਪੜੇ (ਬੁਰਕਾ) ਪੁਆ ਕੇ ਜ਼ਨਾਨਾ ਕਮਰੇ ਵਿਚ ਬਿਠਾਅ ਦਿੱਤਾ। ਉਨ੍ਹਾਂ ਦਿਨਾਂ ਵਿਚ ਜ਼ਨਾਨਾ ਕਮਰਿਆਂ ਵਿਚ ਪੁਲਿਸ ਘੱਟ ਹੀ ਜਾਂਦੀ ਸੀ, ਜੇ ਜਾਂਦੀ ਵੀ ਸੀ ਤੇ ਬੁਰਕਾ ਚੁੱਕ ਕੇ ਨਹੀਂ ਸਨ ਵੇਖਦੇ।

ਖ਼ੈਰ, ਕੁਝ ਦਿਨਾਂ ਬਾਅਦ ਹੀ ਪੁਲਿਸ ਨਾਲ ਆਹਮਣਾ-ਸਾਹਮਣਾ ਵੀ ਹੋ

ਗਿਆ। ਇਨ੍ਹਾਂ ਲੁਕ ਕੇ ਗੋਲੀਆਂ ਚਲਾਈਆਂ। ਸੂਫ਼ੀ ਜੀ ਦਾ ਹੱਥ ਨਹੀਂ ਸੀ- ਉਹ ਪੈਰੂ ਨਾਲ ਪਿਸਤੌਲ ਚਲਾਉਂਦੇ ਸਨ! ਉਹ ਜ਼ਖ਼ਮੀ ਹੋ ਗਏ। ਸੂਫ਼ੀ ਜੀ ਨੇ ਅਜੀਤ ਸਿੰਘ ਨੂੰ ਕਿਹਾ ਕਿ 'ਤੂੰ ਦੌੜ ਜਾ, ਤੇਰੀ ਦੇਸ਼ ਨੂੰ ਅਜੇ ਬੜੀ ਜ਼ਰੂਰਤ ਹੈ- ਪਰ ਅਜੀਤ ਸਿੰਘ ਨਾ ਮੰਨੇ। ਆਖ਼ਿਰ ਸੂਫ਼ੀ ਜੀ ਨੇ ਕਿਹਾ ਕਿ 'ਵੇਖ ਮੈਂ ਤੇਰੇ ਨਾਲੋਂ ਵੱਡਾ ਹਾਂ, ਤੈਨੂੰ ਮੇਰਾ ਕਹਿਣਾ ਮੰਨਣਾ ਚਾਹੀਦਾ ਹੈ!' ਅਜੀਤ ਸਿੰਘ ਉਥੋਂ ਲੁਕਦੇ ਲੁਕਾਉਂਦੇ ਚਲੇ ਗਏ। ਸੂਫੀ ਜੀ ਨੂੰ ਪੁਲਿਸ ਨੇ ਫੜ ਲਿਆ। ਅਜੀਤ ਸਿੰਘ ਬ੍ਰਾਜ਼ੀਲ ਚਲ ਗਏ।

ਸੂਫ਼ੀ ਨੂੰ ਫਾਂਸੀ ਦਾ ਹੁਕਮ ਹੋ ਗਿਆ! ਜਿਸ ਦਿਨ ਸੂਫ਼ੀ ਜੀ ਨੂੰ ਫਾਂਸੀ ਦਿੱਤੀ ਜਾਣੀ ਸੀ, ਉਸ ਦਿਨ ਸੂਫ਼ੀ ਜੀ ਨਹਾਤੇ, ਤਿਆਰ ਹੋਏ ਅਤੇ ਗੀਤਾ ਪੜ੍ਹਨੀ ਸ਼ੁਰੂ ਕਰ ਦਿੱਤੀ। ਜਦੋਂ ਪੁਲਿਸ ਉਨ੍ਹਾਂ ਨੂੰ ਲੈਣ ਲਈ ਆਈ -ਤਾਂ ਉਹ ਇਸ ਫ਼ਾਨੀ ਦੁਨੀਆਂ ਤੋਂ ਦੂਰ ਜਾ ਚੁੱਕੇ ਸਨ! ਸੂਫ਼ੀ ਜੀ ਦੀ ਲਾਸ਼ ਲੋਕਾਂ ਨੂੰ ਦੇ ਦਿੱਤੀ ਗਈ। ਉਨ੍ਹਾਂ ਦੇ ਜਨਾਜ਼ੇ ਨਾਲ ਬਹੁਤ ਦੁਨੀਆਂ ਸੀ! ਈਰਾਨ ਵਿਚ ਅੱਜ ਵੀ ਉਨ੍ਹਾਂ ਦੀ ਕਬਰ ਮੌਜੂਦ ਹੈ। ਕਬਰ ਉੱਪਰ ਲਿਖਿਆ ਹੋਇਆ ਹੈ- 'ਆਕਾ ਮਾਲਿਕ। ਇਸ ਕਬਰ ਉੱਪਰ ਹਰ ਸਾਲ ਮੇਲਾ ਲੱਗਦਾ ਹੈ, ਈਰਾਨ ਵਿਚ। ਇਥੇ ਔਰਤਾਂ ਦੀਵੇ ਜਗਾਉਂਦੀਆਂ ਹਨ ਤੇ ਮੰਨਤਾਂ ਮੰਨਦੀਆਂ ਹਨ। ਵੇਖੋ ਕਿਵੇਂ, ਜਿਸ ਆਦਮੀ ਨੂੰ ਆਪਣੇ ਮੁਲਕ ਵਿਚ ਗੁਲਾਮੀ ਦੀ ਵਜ੍ਹਾ ਕਰਕੇ ਆਪਣਿਆਂ ਦਾ ਪਿਆਰ ਨਾ ਮਿਲ ਸਕਿਆ, ਉਸ ਨੇ ਦੂਜੇ ਮੁਲਕਾਂ ਦੇ ਦਿਲਾਂ 'ਤੇ ਰਾਜ ਕੀਤਾ!

1942 ਵਿਚ ਅਜੀਤ ਸਿੰਘ ਯੂਰਪ ਵਿਚ ਸਨ, ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਮਿਸ਼ਨ ਵਿਚ ਸਹਾਈ ਹੁੰਦੇ ਅਤੇ ਬਰਤਾਨੀਆ-ਵਿਰੋਧੀ ਸੁਨੇਹੇ ਬ੍ਰਾਡਕਾਸਟ (ਪ੍ਰਸਾਰਤ) ਕਰਦੇ। 1945 ਵਿਚ ਉਹ ਬਰਤਾਨੀਆ ਅਤੇ ਇਸਦੀਆਂ ਸਾਥੀ ਤਾਕਤਾਂ ਵੱਲੋਂ ਇਟਲੀ ਵਿਚ ਫੜੇ ਗਏ। 1946 ਦੇ ਅਖ਼ੀਰਲੇ ਦਿਨਾਂ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਉਨ੍ਹਾਂ ਨੂੰ ਵਾਪਿਸ ਬੁਲਾਅ ਲਿਆ- ਜੋ ਹੁਣ ਬ੍ਰਾਜ਼ੀਲ ਦੇ ਸ਼ਹਿਰੀ ਸਨ।

ਉਸ ਸਮੇਂ ਅਜੀਤ ਸਿੰਘ ਜੀ ਦੀ ਉਮਰ 77 ਸਾਲਾਂ ਦੇ ਕਰੀਬ ਸੀ, ਉਹ ਹੱਡੀਆਂ ਦਾ ਢਾਂਚਾ ਬਣ ਚੁੱਕੇ ਸਨ। 1947 ਵਿਚ ਉਹ ਇਕ ਵਾਰੀ ਫਿਰ ਉਸੇ ਕੋਠੀ ਵਿਚ ਰਹੇ ਜਿਥੇ 40 ਸਾਲ ਪਹਿਲਾਂ ਰਹੇ ਸੀ। ਸਰਦਾਰ ਅਜੀਤ ਸਿੰਘ ਸ਼ਹੀਦ ਭਗਤ ਸਿੰਘ ਜੀ ਦੇ ਚਾਚਾ ਜੀ ਸਨ। 14 ਅਗਸਤ 1947 ਦੀ ਰਾਤ ਨੂੰ ਡਲਹੌਜ਼ੀ ਦੇ ਲੋਕਾਂ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ, "ਮੇਰਾ ਅਜ਼ਾਦੀ ਦਾ ਸੁਪਨਾ ਪੂਰਾ ਹੋ ਗਿਆ ਹੈ!" ਪਰ ਦੇਸ਼ ਦੀ ਵੰਡ ਵੱਲੋਂ ਉਹ ਬਹੁਤ ਦੁਖੀ ਸਨ- ਕਿ ਉਨ੍ਹਾਂ ਦੀ ਮਾਂ-ਧਰਤੀ ਦੇ ਟੁਕੜੇ ਕਰ ਦਿੱਤੇ ਗਏ ਸਨ। ਰਾਤੀਂ ਬਾਰ੍ਹਾਂ ਵਜੇ ਉਨ੍ਹਾਂ ਆਜ਼ਾਦੀ ਦਾ ਐਲਾਨ ਸੁਣਿਆ ਅਤੇ ਸਵੇਰੇ 3.30 ਵਜੇ ਉਹ ਉੱਠੇ, ਜੰਗਲ ਪਾਣੀ ਗਏ ਅਤੇ ਕਹਿੰਦੇ ਹਨ ਕਿ ਵਾਪਸ ਆ ਉਨ੍ਹਾਂ ਆਪਣੀ ਚਾਰ ਦਹਾਕਿਆਂ ਦਾ ਇਕਲਾਪਾ ਕੱਟਣ ਵਾਲੀ ਪਤਨੀ ਨੂੰ ਆਖਿਆ, "ਰਾਮ ਕੌਰੇ, ਆ ਮੇਰੇ ਕੋਲ ਬੈਠ ਜਾ, ਮੈਂ ਅੱਜ ਕੁਝ ਗੱਲਾਂ ਤੇਰੇ ਨਾਲ ਕਰਨੀਆਂ ਨੇ"।.... ਵਿਚਾਰੀ ਰਾਮ ਕੌਰ, ਸਿੱਧੀ ਸਾਦੀ, ਕਹਿਣ ਲੱਗੀ, "ਕੀ ਕਹਿੰਦੇ ਹੋ, ਤੁਹਾਡੀ ਤਬੀਅਤ ਸੁਧਰ ਜਾਏਗੀ, ਸਰਦਾਰ ਜੀ।" ਉਹ ਇਹ ਸੁਣ ਕੇ ਹੱਸ ਪਏ ਤੇ ਕਹਿਣ ਲਗੇ, "ਭੋਲੀਏ ਇਹ ਵੇਲਾ ਤੈਨੂੰ ਫੇਰ ਨਹੀਂ ਮਿਲਣਾ, ਮੇਰੀ ਗੱਲ ਸੁਣ ਲੈ", ਪਰ ਉਹ ਨਾ ਸਮਝ ਸਕੀ, ਦੁੱਧ ਲੈਣ ਚਲੀ ਗਈ। ਪੰਜਾਂ ਸੱਤਾਂ ਮਿੰਟਾਂ ਤੋਂ ਬਾਅਦ ਜਦੋਂ ਉਹ ਦੁੱਧ ਲੈ ਕੇ ਪਰਤੀ ਤਾਂ ਮਹਾਨ ਦੇਸ਼ ਭਗਤ ਸਰਦਾਰ ਅਜੀਤ ਸਿੰਘ ਬਹੁਤ ਦੂਰ ਜਾ ਚੁੱਕੇ ਸਨ। ਤੁਸੀਂ ਵੀ ਇਸ ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਦੀ ਸਮਾਧ ਉਪਰ ਸ਼ਰਧਾ ਦੇ ਫੁੱਲ ਚੜ੍ਹਾਉਣ ਜ਼ਰੂਰ ਜਾਉ।

ਓਂਕਾਰ ਨਗਰ, ਗੁਰਦਾਸਪੁਰ 98156-25409

ਡਾ. ਵਿਜੈ ਗਰਗ ਆਨਲਾਈਨ ਮੈਗਜ਼ੀਨ ਐਫ਼ਐਨਬੀ ਦੇ ਅਕਾਦਮਕ ਸੰਪਾਦਕ ਨਿਯੁਕਤ

ਸੇਵਾਮੁਕਤ ਪ੍ਰਿੰਸੀਪਲ, ਸਿੱਖਿਆਵਿਦ ਅਤੇ ਪ੍ਰਸਿੱਧ ਲੇਖਕ ਡਾ. ਵਿਜੈ ਗਰਗ ਨੂੰ ਆਨਲਾਈਨ ਮੈਗਜ਼ੀਨ ਐਫ਼ਐਨਬੀ (ਵਰਲਡ ਨਿਊਜ਼ ਫ਼ਾਰ ਸੇਲ) ਦੇ ਅਕਾਦਮਕ ਸੰਪਾਦਕ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਸਿੱਖਿਆ, ਵਿਗਿਆਨ ਸੰਚਾਰ ਅਤੇ ਅਕਾਦਮਕ ਲੇਖਨ ਦੇ ਖੇਤਰ ਵਿੱਚ ਉਨ੍ਹਾਂ ਦੀ ਲੰਬੀ ਸੇਵਾ ਦੀ ਇੱਕ ਹੋਰ ਮਹੱਤਵਪੂਰਨ ਪ੍ਰਾਪਤੀ ਹੈ।

ਡਾ. ਗਰਗ ਸਿੱਖਿਆ, ਵਿਗਿਆਨ, ਤਕਨਾਲੋਜੀ, ਵਾਤਾਵਰਣ, ਸਿਹਤ, ਸਮਾਜਕ ਜਾਗਰੂਕਤਾ ਅਤੇ ਸਮਕਾਲੀ ਮੁੱਦਿਆਂ 'ਤੇ ਲਗਾਤਾਰ ਲਿਖਦੇ ਹਨ। ਉਨ੍ਹਾਂ ਦੇ ਲੇਖ ਵੱਖ-ਵੱਖ ਡਿਜੀਟਲ ਮੰਚਾਂ ਅਤੇ ਪ੍ਰਕਾਸ਼ਨਾਂ ਰਾਹੀਂ ਦੁਨੀਆ ਭਰ ਵਿਚ ਪਹੁੰਚ ਰਹੇ ਹਨ।

ਅਕਾਦਮਕ ਸੰਪਾਦਕ ਵਜੋਂ ਉਹ ਐਫ਼ਐਨਬੀ ਦੀ ਅਕਾਦਮਕ ਗੁਣਵੱਤਾ, ਸਿੱਖਿਆਤਮਕ ਸਮੱਗਰੀ ਅਤੇ ਗਿਆਨ ਆਧਾਰਤ ਦਿਸ਼ਾ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਉਣਗੇ। ਤਜਰਬੇਕਾਰ ਸਿੱਖਿਆਵਿਦ, ਕਾਲਮਨਿਸਟ ਅਤੇ ਵਿਗਿਆਨ ਸੰਚਾਰਕ ਵਜੋਂ ਉਨ੍ਹਾਂ ਦਾ ਤਜਰਬਾ ਇਸ ਜ਼ਿੰਮੇਵਾਰੀ ਲਈ ਅਹਿਮ ਹੈ।

ਐਫ਼ਐਨਬੀ ਦੀ ਅੰਤਰਰਾਸ਼ਟਰੀ ਡਿਜੀਟਲ ਪਹੁੰਚ ਹੈ। ਮੈਗਜ਼ੀਨ ਨੂੰ 150 ਤੋਂ ਵੱਧ ਦੇਸ਼ਾਂ ਤੋਂ ਪਾਠਕ ਮਿਲਦੇ ਹਨ, ਜਿਸ ਨਾਲ ਇਸਨੂੰ ਵਿਸ਼ਾਲ ਵਿਸ਼ਵ ਪੱਧਰੀ ਪਹੁੰਚ ਪ੍ਰਾਪਤ ਹੈ। ਡਾ. ਗਰਗ ਦੀ ਨਿਯੁਕਤੀ ਨਾਲ ਮੈਗਜ਼ੀਨ ਦੀ ਸਿੱਖਿਆ ਅਤੇ ਗਿਆਨ ਆਧਾਰਤ ਸਮੱਗਰੀ ਹੋਰ ਮਜ਼ਬੂਤ ਹੋਣ ਦੀ ਉਮੀਦ ਹੈ।

ਡਾ. ਗਰਗ ਨੇ ਸਿੱਖਿਆ ਦੇ ਖੇਤਰ ਵਿੱਚ ਕਈ ਦਹਾਕਿਆਂ ਤੱਕ ਸੇਵਾਵਾਂ ਨਿਭਾਈਆਂ ਹਨ। ਸੇਵਾਮੁਕਤੀ ਤੋਂ ਬਾਅਦ ਵੀ ਉਹ ਲੇਖਨ ਅਤੇ ਗਿਆਨ ਪ੍ਰਸਾਰ ਨਾਲ ਸਰਗਰਮੀ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਲੇਖ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿੱਚ ਪ੍ਰਕਾਸ਼ਤ ਹੁੰਦੇ ਹਨ।

ਇਹ ਨਿਯੁਕਤੀ ਸਿੱਖਿਆ ਅਤੇ ਲੋਕ-ਗਿਆਨ ਦੇ ਖੇਤਰ ਵਿੱਚ ਡਾ. ਗਰਗ ਦੇ ਲਗਾਤਾਰ ਯੋਗਦਾਨ ਦੀ ਮਾਨਤਾ ਹੈ। ਅਕਾਦਮਕ ਸੰਪਾਦਕ ਵਜੋਂ ਉਨ੍ਹਾਂ ਦੀ ਨਵੀਂ ਭੂਮਿਕਾ ਦੁਨੀਆ ਭਰ ਦੇ ਪਾਠਕਾਂ ਤੱਕ ਸਾਰਥਕ, ਭਰੋਸੇਯੋਗ ਅਤੇ ਗਿਆਨਵਰਧਕ ਸਮੱਗਰੀ ਪਹੁੰਚਾਉਣ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਸਾਬਤ ਹੋ ਸਕਦੀ ਹੈ। ਵਧਾਈ!

ਮੀਨਾ ਕੁਮਾਰੀ ਦੀ ਡਾਇਰੀ -1

ਆਜ ਸੁਬਹ ਜਲਦੀ ਹੀ ਬੇਦਾਰ (ਚੇਤੰਨ) ਹੋ ਗਈ। ਨਮਾਜ਼ ਔਰ ਤਿਲਾਵਤ (ਕੁਰਆਨ ਸ਼ਰੀਫ਼ ਪੜ੍ਹਨ) ਕੇ ਬਾਅਦ ਘਰ ਕੇ ਦਰਵਾਜ਼ੇ ਪਰ ਆ ਕਰ ਖੜੀ ਹੋ ਗਈ। ਕਰੀਬੀ ਬੰਗਲੋਂ ਕੇ ਬੱਚੇ ਔਰ ਨੰਨ੍ਹੀ ਮੁੰਨੀ ਬੱਚੀਆਂ ਸਫ਼ੈਦ, ਉਜਲੀ ਫ਼ਰਾਕੇਂ ਪਹਿਨੇ, ਬਸਤਾ ਲਟਕਾਏ, ਅਪਨੀ ਆਯਾ ਔਰ ਵਾਲਿਦੈਨ (ਮਾਂ ਬਾਪ) ਕੇ ਸਾਥ ਇਸਕੂਲ ਜਾ ਰਹੀ ਥੀਂ।

ਇਕ ਨੰਨ੍ਹੀ ਬੱਚੀ ਨੇ ਮੁਝੇ ਦੇਖ ਲਿਯਾ ਤੋ ਝਟ ਅਪਨੇ ਪਾਪਾ ਸੇ ਕਹਨੇ ਲਗੀ, ਪਾਪਾ ਪਾਪਾ, ਦੇਖੀਏ, ਵੋ ਮੀਨਾ ਕੁਮਾਰੀ ਖੜੀ ਹੈਂ। ਬੱਚੀ ਕੇ ਪਾਪਾ ਨੇ ਪਲਟ ਕਰ ਦੇਖਾ, ਔਰ ਬੱਚੀ ਸੇ ਕੁਛ ਕਹਾ। ਬੱਚੀ ਨੇ ਬੰਗਲੇ ਕੇ ਕਰੀਬ ਆਕਰ ਹਾਥ ਹਿਲਾਯਾ ਔਰ ਫਿਰ ਦੌੜਤੀ ਹੁਈ ਅਪਨੇ ਪਾਪਾ ਕੇ ਪਾਸ ਚਲੀ ਗਈ। ਮੈਨੇ ਉਸੇ ਆਵਾਜ਼ ਦੀ, ਲੇਕਿਨ ਵੋ ਹਾਥ ਹਿਲਾਤੀ ਹੁਈ ਦੂਰ ਚਲੀ ਗਈ।

ਯਹ ਬੱਚੀਆਂ ਮੁਝੇ ਦੇਖਕਰ ਬਹੁਤ ਖ਼ੁਸ਼ ਹੋਤੀ ਹੈਂ, ਔਰ ਮੈਂ ਉਨਕੇ ਬਚਪਨ ਕੋ ਦੇਖਕਰ ਖ਼ੁਸ਼ ਹੋਤੀ ਹੂੰ। ਕਿਤਨਾ ਸ਼ਾਨਦਾਰ ਬਚਪਨ ਹੈ ਉਨਕਾ, ਕਿਤਨਾ ਉਜੜਾ ਉਜੜਾ ਬਚਪਨ ਮੇਰਾ। ਯੇ ਬੱਚੀਆਂ ਅਪਨੇ ਪਾਪਾ ਕੀ ਉਂਗਲੀ ਪਕੜ ਕਰ ਸਕੂਲ ਜਾਤੀ ਹੈਂ, ਔਰ ਮੈਂ ਅਪਨੇ ਬਾਬੂਜੀ ਕੇ ਸਾਥ ਇਕ ਬਲਗ਼ਮੀ ਸੀ ਪੁਰਾਨੀ ਫ਼ਰਾਕ ਪਹਿਨੇ ਸਟੂਡੀਓ-ਸਟੂਡੀਓ ਜਾਯਾ ਕਰਤੀ ਥੀ।

ਆਜ ਮੈਂ ਇਕ਼ਬਾਲ ਬੰਗਲਾ ਮੇਂ ਰਹਤੀ ਹੂੰ, ਲੇਕਿਨ ਮੇਰਾ ਬਚਪਨ ਤੋ ਖੋਲੀ ਮੇਂ ਗੁਜ਼ਰਾ ਹੈ। ਕਿਤਨੀ ਅਜੀਬ ਜ਼ਿੰਦਗੀ ਥੀ ਵੋ ਭੀ। ਇਕ੍ ਵਕ੍ਤ ਖਾ ਲੀਆ ਤੋ ਜਹਾਨ ਮਿਲ ਗਿਆ। ਵਰਨਾ ਫ਼ਾਕਾ ਹੋਤੇ ਕਿਤਨੀ ਦੇਰ ਲਗਤੀ?

ਮੈਨੇ ਮਧੂ ਸੇ ਪੂਛਾ, ਕਿ ਯੇ ਬੱਚੀਆਂ ਸਕੂਲ ਸੇ ਕਬ ਵਾਪਿਸ ਆਤੀ ਹੈਂ? ਮਧੂ ਨੇ ਬੜੇ ਸੋਚ ਸਮਝ ਕਰ ਜਵਾਬ ਦੀਆ ਥਾ, ਯਹੀ ਕੋਈ ਬਾਰਾ ਏਕ ਬਜੇ ਤਕ ਆਤੀ ਹੈਂ।

ਬਾਰਾ ਏਕ ਬਜੇ ਮੈਂ ਸਟੂਡੀਓ ਮੇਂ ਥੀ, ਇਸ ਲੀਏ ਛੁੱਟੀ ਕੇ ਵਕ੍ਤ ਬੱਚੀ ਕੋ ਨਾ ਦੇਖ ਸਕੀ। ਲੇਕਿਨ ਕਲ ਸੁਬਹ ਫ਼ਿਰ ਬੇਦਾਰ ਹੋਊਂਗੀ, ਇਸ ਪਿਆਰੀ ਬੱਚੀ ਕੋ ਦੇਖਨੇ ਕੇ ਲੀਏ।

ਮੋਤੀ ਲਾਲ ਜੀ ਨੇ ਚੰਦ ਦਿਨ ਪਹਲੇ ਯੂੰ ਹੀ ਮੁਝੇ ਛੇੜਾ ਥਾ, "ਮੀਨਾ ਅਪਨੀ ਖੋਲੀ ਕੋ ਭੂਲੀ ਤੋ ਨਹੀਂ, ਜਾਨਤੀ ਹੋ ਉਸ ਖੋਲੀ ਨੇ ਆਜ ਤੁਮਹੇਂ ਮੀਨਾ ਕੁਮਾਰੀ ਬਨਾਯਾ ਹੈ।"

ਮੈਂ ਸੋਚਤੀ ਹੂੰ ਕਿ ਬੇਬੀ ਮੀਨਾ, ਮੀਨਾ ਕੁਮਾਰੀ ਤੋ ਬਨ ਗਈ, ਲੇਕਿਨ ਟੁਕੜੇ ਟੁਕੜੇ ਹੋ ਕਰ।

ਅਬ ਸੇ ਕੁਛ ਦੇਰ ਪਹਿਲੇ ਆਦਿਲ ਰਸ਼ੀਦ ਸਾਹਬ ਯਹਾਂ ਸੇ ਗਏ ਹੈਂ। ਕਿਤਨੇ ਅੱਛੇ ਨਾਵਲ ਲਿਖੇ ਹੈਂ, ਉਨ੍ਹੋਂ ਨੇ। ਮੈਂ ਜਬ ਭੀ ਉਨਕੀ ਕੋਈ ਕਿਤਾਬ ਪੜ੍ਹਤੀ ਹੂੰ, ਘੰਟੋਂ ਰੋਤੀ ਹੂੰ। ਉਨ ਕੇ ਨਾਵਲ ਕੀ ਹੀਰੋਇਨ ਭੀ ਮੇਰੇ ਜੈਸੀ ਕੋਈ ਲੜਕੀ ਹੋਤੀ ਹੈ। ਕਿਤਨੀ ਮੁਸੀਬਤੇਂ ਝੇਲ ਕਰ ਅਪਨੇ ਮਹਬੂਬ ਸੇ ਮਿਲ ਪਾਤੀ ਹੈ। ਹਰ ਆਨ ਏਕ ਨਈ ਆਫ਼ਤ ਉਸਕੇ ਸਾਮਨੇ ਹੋਤੀ ਹੈ। ਔਰ ਵੋ ਲਾਚਾਰ-ਓ-ਪਰੇਸ਼ਾਨ ਇਸ ਦੁਨੀਆ ਮੇਂ ਹਰ ਸ਼ਖ਼ਸ ਕਾ ਚੇਹਰਾ ਤਕਤੀ ਹੈ। ਨਾ ਜਾਨੇ ਕਬ ਮੇਰਾ ਮਹਬੂਬ ਮੁਝੇ ਮਿਲ ਜਾਏਗਾ। ਨਾ ਜਾਨੇ ਅਭੀ ਔਰ ਕਿਤਨੀ ਮੁਸੀਬਤੇਂ ਮੇਰੇ ਆੜੇ ਆਏਂਗੀ।

ਅੱਲ੍ਹਾ - ਮੈਂ ਭੀ ਕਿਤਨੀ ਬੇਗ਼ੈਰਤ ਹੋ ਚਲੀ ਹੂੰ। ਕੋਈ ਲੜਕੀ ਇਸ ਤਰਹ ਅਪਨੇ ਮਹਬੂਬ ਕਾ ਤਜ਼ਕਿਰਾ (ਜ਼ਿਕਰ) ਕਰਤੀ ਹੈ? ਅਗਰ ਕੋਈ ਇਸ ਵਕ੍ਤ ਯੇ ਪੜ੍ਹ ਲੇ, ਤੋ ਕ੍ਯਾਮਤ ਆ ਜਾਏ। ਬਾਬੂ ਜੀ ਨਾ ਜਾਨੇ ਕਿਆ ਸਮਝ ਬੈਠੇਂ। ਲੇਕਿਨ ਮੈਂ ਭੀ ਕਿਆ ਕਰੂੰ, ਕਿਸ ਤਰਹ ਦਿਲ ਕੋ ਸਮਝਾਊਂ। ਫ਼ਿਲਮੋਂ ਮੇਂ ਹੀਰੋਇਨ ਬਨ ਕਰ ਆਤੀ ਹੂੰ। ਹੀਰੋ ਕੇ ਸਾਥ ਰੋਮਾਨੀ ਡਾਇਲਾਗ ਅਦਾ ਕਰਨੇ ਹੋਤੇ ਹੈਂ। ਗਾਨੇ ਗਾਏ ਜਾਤੇ ਹੈਂ। ਹੀਰੋ ਕੇ ਕਰੀਬ ਆ ਕਰ ਜਜ਼ਬਾਤੀ ਅਦਾਕਾਰੀ ਕਰਨੀ ਹੋਤੀ ਹੈ।

ਆਦਿਲ ਰਸ਼ੀਦ ਕਾ ਮਾਸਟਰਪੀਸ ਨਾਵਲ "ਲਰਜ਼ਤੇ ਆਂਸੂ" ਦੋ ਰੋਜ਼ ਕ੍ਬਲ (ਪਹਿਲਾਂ) ਹੀ ਖ਼ਤਮ ਕੀਆ ਥਾ। ਆਜ ਉਨਸੇ ਮੁਲਾਕਾਤ ਹੋ ਗਈ। ਅਗਰ ਇਸ ਨਾਵਲ ਪਰ ਫ਼ਿਲਮ ਬਨੇ ਤੋ ਇੰਤਿਹਾਈ ਕਾਮਯਾਬ ਰਹੇ। ਇਸ ਨਾਵਲ ਕੀ ਤਸਨੀਮ ਕਾ ਕਿਰਦਾਰ ਮੈਂ ਅਦਾ ਕਰੂੰ ਤੋ ਉਸੇ ਮੈਂ ਅਪਨੀ ਸਬ ਸੇ ਬੜੀ ਖ਼ੁਸ਼ੀ ਸਮਝੂੰਗੀ। ਕਾਸ਼ ਐਸਾ ਹੀ ਹੋ!

ਇਸ ਬਾਰ ਆਦਿਲ ਰਸ਼ੀਦ ਸਾਹਬ ਸੇ ਮੁਲਾਕਾਤ ਹੁਈ, ਤੋ ਉਨਸੇ ਤਜ਼ਕਿਰਾ ਕਰੂੰਗੀ ਕਿ ਵੋ ਯੇ ਕਹਾਨੀ ਕਿਸੀ ਪ੍ਰੋਡਿਊਸਰ ਕੋ ਦਿਖਾਏਂ, ਔਰ ਪ੍ਰੋਡਿਊਸਰ ਮੁਝੇ ਬਿਨਾ ਮੁਆਵਜ਼ਾ ਰੋਲ ਅਦਾ ਕਰਨੇ ਕੇ ਲੀਏ ਕਹੇ, ਤੋ ਮੈਂ ਉਸ ਪਰ ਭੀ ਤਿਆਰ ਹੂੰ। ਕਮ-ਅਜ਼-ਕਮ ਲੋਗ ਨਈ ਮੀਨਾ ਕੋ ਦੇਖ ਲੇਂਗੇ। ਦੁਨੀਆ ਮੇਂ ਪੈਸਾ ਹੀ ਤੋ ਸਭ ਕੁਛ ਨਹੀਂ ਹੋਤਾ।

ਯੇ ਫ਼ੰਤਾਸੀ ਫ਼ਿਲਮੇਂ ਤੋ ਬਸ ਪੈਸਾ ਕਮਾਨੇ ਕਾ ਏਕ ਜ਼ਰੀਆ ਹੈਂ। ਇਨ ਮੇਂ ਸੰਜੀਦਾ, ਸੋਬਰ ਔਰ ਗੰਭੀਰ ਰੋਲ ਕਹਾਂ?

'ਬੈਜੂ ਬਾਵਰਾ' ਰਿਲੀਜ਼ ਹੁਏ ਦੋ ਹਫ਼ਤੇ ਹੋ ਚੁਕੇ ਹੈਂ। ਆਜ ਭਾਰਤ ਭੂਸ਼ਣ ਮਿਲੇ ਤੋ ਕਹਿਨੇ ਲਗੇ, "ਇਨ ਦੋ ਹਫ਼ਤੋਂ ਮੇਂ ਤਮਾਮ ਸਿਨੇਮਾ ਘਰੋਂ ਕੇ ਹਾਊਸ ਫੁਲ ਗਏ ਹੈਂ। ਐਡਵਾਂਸ ਟਿਕਟੋਂ ਕੇ ਲਿਏ ਬੜੀ-ਬੜੀ ਲੰਬੀ ਲਾਈਨੇਂ ਲਗਤੀ ਹੈਂ। ਟਿਕਟ ਹਾਸਿਲ ਕਰਨੇ ਕੇ ਲੀਏ ਝਗੜੇ ਹੋਤੇ ਹੈਂ, ਦੋ ਚਾਰ ਕੇ ਸਰ ਫਟ ਜਾਤੇ ਹੈਂ, ਪੁਲੀਸ ਭੀ ਆ ਜਾਤੀ ਹੈ ਲੇਕਿਨ ਫ਼ਿਲਮ ਦੇਖਨੇ ਵਾਲੇ ਬਾਜ਼ ਨਹੀਂ ਆਤੇ।" ਇਸ ਸੇ ਪਹਿਲੇ ਤੋ ਮੇਰੀ ਕਿਸੀ ਫ਼ਿਲਮ ਕੋ ਇਤਨੀ ਸ਼ੋਹਰਤ ਨਹੀਂ ਮਿਲੀ। ਸਭ ਲੋਗ ਮੇਰੇ ਕਾਮ ਕੀ ਤਾਅਰੀਫ਼ ਕਰ ਰਹੇ ਹੈਂ।

ਭੂਸ਼ਨ ਕਹ ਰਹੇ ਥੇ ਕਿ ਅਬ ਹਮੇਂ ਫ਼ਿਲਮੋਂ ਕੇ ਕਾਂਟ੍ਰੈਕਟ ਕਰਤੇ ਵਕ੍ਤ ਏਹਤਿਆਤ ਬਰਤਨੀ ਚਾਹੀਏ। ਸਿਰਫ਼ ਅੱਛੀ ਕਹਾਨਿਯੋਂ

ਵਾਲੀ ਫ਼ਿਲਮੋਂ ਮੇਂ ਕਾਮ ਕਰੇਂਗੇ।   ਅੱਛੀ ਔਰ ਬੁਰੀ ਫ਼ਿਲਮੇਂ ਕਯਾ ਹੋਤੀ ਹੈਂ, ਇਨਕਾ ਇੰਤਖ਼ਾਬ (ਚੋਣ) ਕਿਸ ਤਰਹ ਕੀਆ ਜਾਏ, ਮੇਰੀ ਸਮਝ ਮੇਂ ਤੋ ਕੁਛ ਨਹੀਂ ਆਤਾ। ਹਮ ਕਾਮ ਕਰਨੇ ਵਾਲੇ ਹੀ ਤੋ ਉਸੇ ਅੱਛੀ ਔਰ ਬੁਰੀ ਬਨਾਤੇ ਹੈਂ। ਫਿਰ ਭੀ ਮੈਨੇ ਫ਼ੈਸਲਾ ਕਰ ਲੀਆ ਹੈ ਕਿ ਆਇੰਦਾ (ਅੱਗੇ ਤੋਂ) ਮੈਂ ਕਾਂਟ੍ਰੈਕਟ ਕੇ ਵਕ਼ਤ ਕਹਾਨਿਓਂ ਕੇ ਬਾਰੇ ਮੇਂ ਜ਼ਰੂਰ ਗ਼ੌਰ ਕਰੂੰਗੀ। ਇਸ ਫ਼ਿਲਮ ਨੇ ਮੁਝੇ ਜੋ ਸ਼ੋਹਰਤ ਦੀ ਹੈ, ਉਸੇ ਬਰਕਰਾਰ ਰਹਨਾ ਚਾਹੀਏ।
ਖ਼ੁਦਾ ਨ ਕਰੇ ਕਿ ਵੋ ਵਕ਼ਤ ਆਏ ਕਿ ਲੋਗ ਮੁਝੇ ਭੀ ਦੂਸਰੋਂ ਕੀ ਤਰਹ ਭੁਲਾ ਦੇਂ। ਮੁਝੇ ਨਹੀਂ ਭੂਲਨਾ ਚਾਹੀਏ, ਯਹਾਂ ਤਕ ਪਹੁੰਚਨੇ ਕੇ ਲੀਏ ਮੈਂ ਦਹਿਕਤੇ ਹੁਏ ਅੰਗਾਰੋਂ ਪਰ ਚਲੀ ਹੂੰ। ਹਰ ਵਕ਼ਤ ਮੇਰੇ ਸਰ ਪਰ ਬਾਲ ਸੇ ਬੰਧੀ ਤਲਵਾਰ ਲਟਕਤੀ ਰਹਤੀ ਹੈ।

ਅੱਲ੍ਹਾ- ਯੇ ਫ਼ਿਲਮ ਭੀ ਕਯਾ ਚੀਜ਼ ਹੈ। ਹਮਾਰੀ ਤਰਹ ਦੂਸਰੇ ਭੀ ਕਾਮ ਕਰਤੇ ਹੈਂ, ਅਪਨਾ ਖ਼ੂਨ ਪਸੀਨਾ ਬਹਾਤੇ ਹੈਂ। ਲੇਕਿਨ ਨ ਤੋ ਉਨ੍ਹੇਂ ਇਤਨਾ ਪੈਸਾ ਮਿਲਤਾ ਹੈ, ਨ ਇਤਨੀ ਸ਼ੋਹਰਤ।
ਕਲ ਮੈਂ ''ਫ਼ੇਮਸ'' (ਸਟੂਡੀਓ ਦਾ ਨਾਂ) ਸੇ ਵਾਪਸ ਆ ਰਹੀ ਥੀ, ਤੋ ਸੜਕ ਪਰ ਆਠ ਦਸ ਔਰਤੇਂ ਸੜਕ ਬਨਾ ਰਹੀ ਥੀਂ। ਵੋ ਬਾਂਸ ਮੇਂ ਲਗੇ ਏਕ ਵਜ਼ਨੀ ਹਥੌੜੇ ਸੇ ਸੜਕ ਕੂਟ ਰਹੀ ਥੀਂ। ਕਿਤਨੀ ਤੇਜ਼ ਧੂਪ ਥੀ, ਲੇਕਿਨ ਪਸੀਨੇ ਮੇਂ ਸਰਾਬੋਰ ਬਰਾਬਰ ਅਪਨਾ ਕਾਮ ਕਰ ਰਹੀ ਥੀਂ।   ਮੈਨੇ ਬਾਬੂਜੀ ਸੇ ਪੂਛਾ ਕਿ ਯੇ ਕਿਤਨੀ ਦੇਰ ਕਾਮ ਕਰਤੀ ਹੈਂ? ਉਨ੍ਹੋਂ ਨੇ ਬਤਾਇਆ, ''ਆਠ ਦਸ ਘੰਟੇ''।   ਅੱਲ੍ਹਾ- ਇਤਨੀ ਦੇਰ, ਇਸ ਤਰਹ ਮੈਂ ਕਾਮ ਕਰੂੰ ਤੋ ਮਰ ਨ ਜਾਊਂ!

ਮੈਂ ਮਹਾਬਲੇਸ਼ਵਰ ਮੇਂ ਸੇਹਤ ਬਨਾਨੇ ਗਈ ਥੀ। ਟਾਇਫ਼ਾਇਡ ਨੇ ਕਿਤਨਾ ਕਮਜ਼ੋਰ ਕਰ ਦੀਯਾ ਥਾ। ਲੇਕਿਨ ਇਸ ਦੂਸਰੀ ਉਫ਼ਤਾਦ (ਆਫ਼ਤ) ਨੇ ਤੋ ਕਹੀਂ ਕਾ ਨ ਰਖਾ। ਯੇ ਕਾਰ ਐਕਸਿਡੈਂਟ ਭੀ ਮੇਰੀ ਕ਼ਿਸਮਤ ਮੇਂ ਲਿਖਾ ਥਾ। ਅਭੀ ਕਿਤਨੇ ਇਮਤਿਹਾਨੋਂ ਸੇ ਗੁਜ਼ਰਨਾ ਹੈ- ਖ਼ੁਦਾ ਜਾਣੇ।
ਹਸਪਤਾਲ ਕੀ ਨਰਸੇਂ ਮੁਝੇ ਨਹੀਂ ਜਾਨਤੀ ਥੀਂ। ਬਾਬੂਜੀ ਨੇ ਉਨ੍ਹੇਂ ਬਤਾਇਆ ਕਿ ਯੇ ਮੇਰੀ ਬੇਟੀ ਹੈ, ਫ਼ਿਲਮੋਂ ਮੇਂ ਕਾਮ ਕਰਤੀ ਹੈ, ਇਸੇ ਲੋਗ ਮੀਨਾ ਕੁਮਾਰੀ ਕਹਿਤੇ ਹੈਂ। ਉਨ੍ਹੇਂ ਯਕੀਨ ਹੀ ਨ ਆਇਆ। ਔਰ ਵੋ ਭੋਲੀ ਭਾਲੀ ਨਰਸ ਮਾਰੀਆ ਤੋ ਏਕ ਫ਼ਿਲਮੀ ਰਸਾਲਾ ਲੇ ਆਈ ਔਰ ਮੇਰੇ ਚਿਹਰੇ ਕੇ ਕਰੀਬ ਰਖ ਕਰ ਦੇਰ ਤਕ ਦੇਖਤੀ ਰਹੀ। ਔਰ ਫਿਰ ਕਿਤਨੇ ਮਜ਼ੇ ਸੇ ਉਸਨੇ ਕਹਾ ਥਾ- ਲਗਤੀ ਤੋ ਤੁਮ ਮੀਨਾ ਕੁਮਾਰੀ ਹੀ ਹੋ।
ਉਸਕੀ ਯੇ ਬਾਤ ਮੁਝੇ ਕਿਤਨੀ ਬੁਰੀ ਲਗੀ ਥੀ, ਆਜ ਮੈਂ ਜਬ ਸੋਚਤੀ ਹੂੰ ਤੋ ਹੰਸੀ ਆਤੀ ਹੈ। ਵੁਹ ਬੇਚਾਰੀ ਨਰਸੇਂ ਭੀ ਕਯਾ ਕਰੇਂ? ਦੂਸਰੋਂ ਕੇ ਦੁਖ-ਦਰਦ ਬਾਂਟਨੇ ਮੇਂ ਉਨ੍ਹੇਂ ਇਤਨੀ ਮੁਹਲਤ ਹੀ ਕਹਾਂ ਮਿਲਤੀ ਹੈ ਕਿ ਵੋ ਮੀਨਾ ਕੁਮਾਰੀ ਕੋ ਪਹਿਚਾਨੇਂ। ਪਹਿਲੇ ਮੈਂ ਸਮਝਤੀ ਥੀ ਕਿ ਮੀਨਾ ਕੁਮਾਰੀ ਕੋ ਬੱਚਾ ਬੱਚਾ ਜਾਨਤਾ ਹੈ। ਕਿਤਨੀ ਨਾਦਾਨੀ ਥੀ ਮੇਰੀ।

ਯੇ ਕਮਾਲ ਸਾਹਬ ਭੀ ਕਮਾਲ ਕੇ ਆਦਮੀ ਹੈਂ। ਅਗਰ ਹਸਪਤਾਲ ਮੇਂ ਯੇ ਨਾ ਆਤੇ ਰਹਤੇ ਤੋ ਸ਼ਾਇਦ ਮੈਂ ਉਕਤਾ ਕਰ ਹਸਪਤਾਲ ਸੇ ਭਾਗ ਜਾਤੀ।   ਕਿਤਨੀ ਅੱਛੀ ਬਾਤੇਂ ਕਰਤੇ ਹੈਂ ਯੇ ਕਮਾਲ ਸਾਹਬ। ਕਹ ਰਹੇ ਥੇ ਕਿ, 'ਅਨਾਰਕਲੀ' ਬਨ ਗਈ ਤੋ ਤੁਮ੍ਹੇਂ ਹਿੰਦੁਸਤਾਨ ਕਾ ਬੱਚਾ ਬੱਚਾ ਜਾਨ ਜਾਏਗਾ।   ਅਬ ਤੋ ਵੋ ਇਤਨੇ ਬੇਤਕੱਲੁਫ਼ (ਨਿਰਉਚੇਚ) ਹੋ ਚੁਕੇ ਹੈਂ ਕਿ ਵੋ ਮੁਝੇ 'ਮੇਰੀ ਅਨਾਰਕਲੀ' ਕਹਤੇ ਹੈਂ।   ਅੱਲਾ -ਯੇ ਭੀ ਕੋਈ ਬਾਤ ਹੁਈ? ਫ਼ਿਲਮੋਂ ਮੇਂ ਤੋ ਹਜ਼ਾਰੋਂ ਨਾਮ ਰਖੇ ਜਾਤੇ ਹੈਂ। ਮਗਰ ਯੇ ਕਮਾਲ ਸਾਹਬ ਜਬ 'ਮੇਰੀ ਅਨਾਰਕਲੀ' ਕਹਿਤੇ ਹੈਂ ਤੋ ਬੜਾ ਭਲਾ ਲਗਤਾ ਹੈ। ਬਸ ਯਹੀ ਜੀ ਚਾਹਤਾ ਹੈ ਕਿ ਵੋ ਬਾਰ-ਬਾਰ ਕਹੇ ਜਾਏਂ, 'ਮੇਰੀ ਅਨਾਰਕਲੀ', 'ਮੇਰੀ ਅਨਾਰਕਲੀ'।
ਔਰ ਮੈਂ ਜਬ ਉਨ੍ਹੇਂ ਪੁਕਾਰੂੰ ਤੋ ਮੈਂ ਭੀ ਕੁਛ ਇਸੀ ਤਰਹ ਕਹੂੰ। ਕਹਿਨਾ ਚਾਹਤੀ ਹੂੰ ਤੋ ਅਲਫ਼ਾਜ਼ ਸਾਥ ਨਹੀਂ ਦੇਤੇ। ਕੁਛ ਕਹਿਨੇ ਕੀ ਕੋਸ਼ਿਸ਼ ਕਰਤੀ ਹੂੰ ਤੋ ਗ਼ੈਰਤ ਆਤੀ ਹੈ। ਇਤਨੀ ਜੁਰਅਤ ਕਹਾਂ ਸੇ ਲਾਊਂ!

ਕਮਾਲ ਸਾਹਬ ਹਸਪਤਾਲ ਆਤੇ ਥੇ, ਬੜੀ ਅਜੀਬ-ਅਜੀਬ ਹਰਕਤੇਂ ਕਰਤੇ ਥੇ। ਮੁਝ ਸੇ ਕਹਿਤੇ ਥੇ, ਜ਼ਰਾ ਅਪਨਾ ਹਾਥ ਇਧਰ ਲਾਨਾ। ਮੈਂ ਅਪਨਾ ਬਾਜ਼ੂ ਫੈਲਾਅ ਦੇਤੀ ਔਰ ਹਥੇਲੀ ਖੋਲ ਕਰ ਉਨਕੇ ਸਾਹਮਨੇ ਕਰਤੀ। ਵੋ ਅਪਨੇ ਦਾਏਂ ਹਾਥ ਕੀ ਕਲਿਮੇ (ਅੰਗੂਠੇ ਦੇ ਨਾਲ ਵਾਲੀ) ਵਾਲੀ ਉਂਗਲੀ ਸੇ ਹਥੇਲੀ ਪਰ ਲਿਖਤੇ, 'ਅਨਾਰਕਲੀ, ਮੇਰੀ ਅਨਾਰਕਲੀ'।
ਆਜ ਜਬ ਮੈਂ ਹਸਪਤਾਲ ਸੇ ਮੁੰਬਈ ਆ ਗਈ ਹੂੰ, ਤੋ ਕਈ ਬਾਰ ਅਪਨੀ ਕਲਿਮੇ ਵਾਲੀ ਉਂਗਲੀ ਸੇ ਦਾਈਂ ਹਥੇਲੀ ਪਰ ਅਨਾਰਕਲੀ, ਮੇਰੀ ਅਨਾਰਕਲੀ ਲਿਖਾ, ਲੇਕਿਨ ਕੁਛ ਭੀ ਨ ਹੁਆ।
ਅੱਲਾ -ਕਯਾ ਜਾਦੂ ਭਰਾ ਹੁਆ ਹੈ ਕਮਾਲ ਸਾਹਬ ਕੀ ਉਂਗਲੀ ਮੇਂ। ਕਮਾਲ ਸਾਹਿਬ ਨੇ ਹਸਪਤਾਲ ਮੇਂ ਮੁਝਸੇ ਕਹਾ ਥਾ ਕਿ ਵੁਹ ਮੁਝਸੇ ਸ਼ਾਦੀ ਕਰਨਾ ਚਾਹਤੇ ਹੈਂ। ਔਰ ਮੈਂ ਕਿਤਨੀ ਸ਼ਰਮਾਈ ਥੀ ਉਨਕੀ ਇਸ ਬਾਤ ਪਰ।
ਸ਼ਾਦੀ-   ਯੇ ਬਾਤ ਮੁਝਸੇ ਪਹਿਲੇ ਕਭੀ ਕਿਸੀ ਨੇ ਨਹੀਂ ਕਹੀ ਥੀ। ਮੈਂ ਸੋਚਤੀ ਹੂੰ ਕਿ ਕਮਾਲ ਸਾਹਿਬ ਨਹੀਂ ਮਿਲੇ ਤੋ ਕੁਛ ਭੀ ਨਹੀਂ ਮਿਲਾ। ਕਲ ਵੋ ਮਿਲੇਂਗੇ ਤੋ ਮੈਂ ਉਨਸੇ ਕਹਿ ਦੂੰਗੀ ਕਿ ਮੈਂ ਉਨਕੇ ਹੁਕਮ ਕੀ ਤਾਮੀਲ ਕੇ ਲੀਏ ਤੱਯਾਰ ਹੂੰ।
ਕਮਾਲ ਸਾਹਿਬ, ਮੇਰੇ ਕਮਾਲ ਸਾਹਿਬ! ਕਿਤਨੀ ਅੱਛੀ ਬਾਤੇਂ ਕਰਤੇ ਹੈਂ ਯਹ। ਕਿਤਨੇ ਸ਼ਿਅਰ ਉਨ੍ਹੇਂ ਯਾਦ ਹੈਂ।
ਹਸਪਤਾਲ ਮੇਂ ਕਹਾ ਥਾ, ਜਬ ਤੁਮ ਦੁਲਹਨ ਬਨਕਰ ਆਓਗੀ ਤੋ ਮੈਂ ਤੁਮ੍ਹਾਰਾ ਸਰਾਪਾ (ਮਸ਼ੂਕ ਦੇ ਸਾਰੇ ਅੰਗਾਂ ਦੀ ਤਰੀਫ਼) ਲਿਖੂੰਗਾ! ਕੈਸੇ ਹੋਂਗੇ ਵੋ ਸ਼ਿਅਰ? ਮੈਂ ਤੋ ਸੋਚ ਸੋਚ ਕਰ ਹੀ ਸ਼ਰਮਾਅ ਜਾਤੀ ਹੂੰ। ਆਜ ਸੁਬਹ ਮੈਨੇ ਬਹੁਤ ਦੇਰ ਤਕ ਆਈਨਾ ਦੇਖਾ ਔਰ ਬੇਸਾਖ਼ਤਾ (ਬਦੋ ਬਦੀ) ਜੀ ਚਾਹਾ ਕਿ ਖ਼ੁਦ ਕੋ ਚੂਮ ਲੂੰ, ਮਗਰ ਮੈਂ ਐਸਾ ਨ ਕਰ ਸਕੀ। ਕਹੀਂ ਕਮਾਲ ਸਾਹਿਬ ਕੋ ਪਤਾ ਚਲ ਜਾਤਾ ਤੋ ਮੇਰੇ ਮੁਤੱਅਲਿਕ ਕਿਆ ਸੋਚਤੇ?
ਖ਼ੁਦਾ ਕਰੇ ਯੇ ਰਾਤ ਜਲਦੀ ਸੇ ਗੁਜ਼ਰ ਜਾਏ, ਸੁਬਹ ਕਮਾਲ ਸਾਹਿਬ ਮਿਲੇਂਗੇ ਤੋ ਮੈਂ ਉਨਸੇ ਸਾਫ਼-ਸਾਫ਼ ਕਹਿ ਦੂੰਗੀ ਕਿ ਬਾਬੂ ਜੀ ਸੇ ਬਾਤ ਕਰ ਲੇਂ। ਬਾਬੂ ਜੀ ਰਾਜ਼ੀ ਨ ਹੋਂ, ਤਬ ਭੀ ਮੈਨੇ ਫ਼ੈਸਲਾ ਕਰ ਲੀਆ ਹੈ, ਵੋ ਜਿਸ ਵਕ਼ਤ ਕਹੇਂਗੇ ਖੜੀ ਹੋ ਜਾਊਂਗੀ। ਕਿਤਨਾ ਅੱਛਾ ਹੋ ਬਾਬੂ ਜੀ ਇਜਾਜ਼ਤ ਦੇ ਦੇਂ। ਇਸ ਦੁਨੀਆ ਸੇ ਬੜਾ ਡਰ ਲਗਤਾ ਹੈ, ਖ਼ੁਦਾ ਜਾਨੇ ਯੇ ਲੋਗ ਬਾਅਦ ਮੇਂ ਕਯਾ ਕਹੇਂ, ਦੋ ਪਲ ਜੀਨੇ ਭੀ ਨ ਦੇਂ।

ਉਰਦੂ ਤੋਂ ਲਿਪੀਅੰਤਰ- ਜੋਗਿੰਦਰ ਪਾਲ ਮਾਨ

ਕਕਨੂਸ ਪ੍ਰਕਾਸ਼ਨ, ਜਲੰਧਰ ਦੀ ਛਾਪੀ ਕਿਤਾਬਚੀ (94635-40352) 150 ਰੁ.

ਧਰਤੀ 'ਤੇ ਇੱਕ ਫ਼ਰਿਸ਼ਤੇ ਦੀ ਯਾਦ ਵਿੱਚ

9ਵੀਂ ਬਰਸੀ 'ਤੇ

with Angel on Earth Ruth Pfau

ਜੇਕਰ ਕੋਈ ਮੈਨੂੰ ਪੁੱਛੇ ਕਿ ਮੇਰੇ ਕੋਲ ਮੌਜੂਦ ਸਾਰੀਆਂ ਤਸਵੀਰਾਂ ਵਿੱਚੋਂ ਉਹ ਕਿਹੜੀ ਤਸਵੀਰ ਹੈ ਜੋ ਅਨਮੋਲ ਹੈ?
ਤਾਂ ਮੈਂ ਬਿਨਾਂ ਕਿਸੇ ਝਿਜਕ ਦੇ ਕਹਾਂਗਾ ਕਿ ਇਹ ਉਹੀ ਤਸਵੀਰ ਹੈ ਜਿਸ ਵਿੱਚ ਮੈਂ ਡਾਕਟਰ ਰੂਥ ਫ਼ਾਊ ਨਾਲ ਖੜ੍ਹਾ ਹਾਂ।
ਇੱਕ ਅਜਿਹੀ ਮਹਾਨ ਔਰਤ, ਜਿਨ੍ਹਾਂ ਨੂੰ ਹੱਕ-ਬਜਾਨਬ ਪਾਕਿਸਤਾਨ ਦੀ "ਮਦਰ ਟੈਰੇਸਾ" ਕਿਹਾ ਜਾਂਦਾ ਹੈ।

2016 ਦੀ ਗੱਲ ਹੈ, ਜਦੋਂ ਮੈਂ ਉਨ੍ਹਾਂ ਨੂੰ ਮਿਲਣ ਲਈ ਲਹੌਰ ਤੋਂ ਕਰਾਚੀ ਜਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਮੈਂ ਉਨ੍ਹਾਂ ਤੋਂ ਪੁੱਛਿਆ ਕਿ ਮੈਂ ਉਨ੍ਹਾਂ ਲਈ ਲਹੌਰ ਤੋਂ ਕੀ ਲੈ ਕੇ ਆਵਾਂ?
ਉਨ੍ਹਾਂ ਦਾ ਜਵਾਬ ਜਿੰਨਾ ਸਾਦਾ ਸੀ, ਓਨਾ ਹੀ ਸ਼ਾਇਰਾਨਾ ਵੀ: "ਮੇਰੇ ਲਈ ਲਹੌਰ ਤੋਂ ਫੁੱਲ ਲੈ ਆਉਣਾ।"
ਅਤੇ ਇਸ ਤਰ੍ਹਾਂ, ਮੈਂ ਉਨ੍ਹਾਂ ਲਈ ਲਹੌਰ ਤੋਂ ਇਹ ਗੁਲਦਸਤਾ ਲੈ ਕੇ ਗਿਆ ਅਤੇ ਉਨ੍ਹਾਂ ਨੂੰ ਭੇਂਟ ਕੀਤਾ।
ਉਨ੍ਹਾਂ ਦੇ ਕੋਲ ਬੈਠਣਾ ਇੱਕ ਖ਼ਮੋਸ਼ ਅਤੇ ਜਾਦੂਈ ਅਹਿਸਾਸ ਸੀ। ਰਹਿਮ-ਦਿਲੀ ਸਿਰਫ਼ ਉਨ੍ਹਾਂ ਦੇ ਰਵੱਈਏ ਦਾ ਹਿੱਸਾ ਨਹੀਂ ਸੀ, ਬਲਕਿ ਇੰਝ ਲੱਗਦਾ ਸੀ ਜਿਵੇਂ ਉਨ੍ਹਾਂ ਦੀ ਰੂਹ ਵਿੱਚੋਂ ਫੁੱਟਦੀ ਹੋਵੇ।
ਉਸ ਵੇਲੇ ਉਹ ਇੱਕ ਵਕੀਲ ਨਾਲ ਆਪਣੀ ਆਖ਼ਰੀ ਵਸੀਅਤ ਨੂੰ ਅੰਤਿਮ ਰੂਪ ਦੇ ਰਹੇ ਸਨ। ਮੇਰੇ ਸਾਹਮਣੇ ਉਹ ਆਪਣੇ ਵਕੀਲ ਨੂੰ ਵਸੀਅਤ ਵਿੱਚ ਕਹਿ ਰਹੇ ਸਨ ਕਿ ਉਹਨਾਂ ਦੇ ਆਖਰੀ ਵਕਤ 'ਚ ਉਹਨਾਂ ਨੂੰ ਵੈਂਟੀਲੇਟਰ 'ਤੇ ਨਾ ਪਾਇਆ ਜਾਏ ਬਲਕਿ ਉਹਨਾਂ ਨੂੰ ਕੁਦਰਤੀ ਤਰੀਕੇ ਨਾਲ ਮਰਨ ਦਿੱਤਾ ਜਾਏ।
ਕੁਝ ਮਹੀਨਿਆਂ ਬਾਅਦ ਉਹ ਕੋਮਲ ਜਿਹੀ ਲੋਅ ਬੁਝ ਗਈ ਅਤੇ ਉਹ ਇਸ ਫ਼ਾਨੀ ਦੁਨੀਆ ਤੋਂ ਰੁਖ਼ਸਤ ਹੋ ਗਏ।

1929 ਵਿੱਚ ਲਾਇਪਜ਼ਿਗ, ਜਰਮਨੀ ਵਿੱਚ ਪੈਦਾ ਹੋਏ ਡਾਕਟਰ ਰੂਥ ਫ਼ਾਊ ਨੇ 1960 ਵਿੱਚ ਜਰਮਨੀ ਛੱਡ ਦਿੱਤਾ ਅਤੇ ਖ਼ਮੋਸ਼ੀ ਨਾਲ ਪਾਕਿਸਤਾਨ ਨੂੰ ਆਪਣਾ ਸਦਾਬਹਾਰ ਮਸਕਨ (ਘਰ) ਸਿਰਫ਼ ਇਸ ਲਈ ਬਣਾਇਆ- ਕਿਉਂਕਿ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਪਾਕਿਸਤਾਨ ਵਿੱਚ ਕੋੜ੍ਹ ਦੀ ਬੀਮਾਰੀ ਤੇਜ਼ੀ ਨਾਲ ਫੈਲ ਰਹੀ ਹੈ ਅਤੇ ਜੇ ਇਸ ਦੀ ਰੋਕਥਾਮ ਮੋਹਰੀ ਤਰੀਕੇ ਨਾਲ ਨਾ ਕੀਤੀ ਗਈ, ਤਾਂ ਇਹ ਛੂਤ ਦੀ ਮੂਜ਼ੀ ਬੀਮਾਰੀ ਪਾਕਿਸਤਾਨ ਨੂੰ ਕਿਸੇ ਵੱਡੇ ਦੁਖਾਂਤ ਵੱਲ ਧੱਕ ਸਕਦੀ ਹੈ!

ਕਰਾਚੀ ਦੇ 'ਮੈਰੀ ਐਡੀਲੇਡ ਲੇਪਰੋਸੀ ਸੈਂਟਰ' ਵਿੱਚ ਦਹਾਕਿਆਂ ਦੀ ਬੇਗ਼ਰਜ਼ ਖ਼ਿਦਮਤ ਰਾਹੀਂ, ਉਨ੍ਹਾਂ ਨੇ ਇਸ ਮੂਜ਼ੀ ਬੀਮਾਰੀ ਖ਼ਿਲਾਫ਼ ਇੱਕ ਅਮਨਭਰੀ ਜੰਗ ਲੜੀ, ਜਿਸਦੇ ਨਤੀਜੇ ਵਜੋਂ ਆਖ਼ਰਕਾਰ 1996 ਵਿੱਚ ਵਿਸ਼ਵ ਸਿਹਤ ਸੰਗਠਨ (WHO) ਨੇ ਪਾਕਿਸਤਾਨ ਨੂੰ ਕੋੜ੍ਹ (ਜਜ਼ਾਮ) ਤੋਂ ਅਜ਼ਾਦ ਦੇਸ਼ ਐਲਾਨ ਦਿੱਤਾ।

ਇੱਥੇ ਦਿੱਤੀ ਇਹ ਤਸਵੀਰ ਮਹਿਜ਼ ਇੱਕ ਅਕਸ ਨਹੀਂ; ਬਲਕਿ ਧਰਤੀ 'ਤੇ ਇੱਕ ਸੱਚੇ ਫ਼ਰਿਸ਼ਤੇ ਦੇ ਸਾਏ ਹੇਠ ਬਿਤਾਏ ਗਏ ਇੱਕ ਪਲ ਦਾ ਯਾਦਗਾਰ ਮੁਜੱਸਮਾ (ਬੁੱਤ) ਹੈ। ਬੇਮਿਸਾਲ ਹਮਦਰਦੀ 'ਤੇ ਆਧਾਰਤ ਉਨ੍ਹਾਂ ਦੀ ਵਿਰਾਸਤ, ਇਨਸਾਨੀਅਤ ਦੀ ਸੱਚੀ ਸੇਵਾ ਦੇ ਹਕੀਕੀ ਮਾਅਨੇ ਯਾਦ ਦਿਵਾਉਣ ਵਾਲਾ ਇੱਕ ਲਾਸਾਨੀ ਸੁਨੇਹਾ ਹੈ।

10 ਅਗਸਤ ਉਨ੍ਹਾਂ ਦੀ 9ਵੀਂ ਬਰਸੀ ਹੈ ਅਤੇ ਉਨ੍ਹਾਂ ਨੂੰ ਜਿੰਨਾ ਵੀ ਖ਼ਰਾਜ-ਏ-ਤਹਸੀਨ (ਸ਼ਰਧਾਂਜਲੀ) ਪੇਸ਼ ਕੀਤਾ ਜਾਵੇ ਘੱਟ ਹੈ, ਕਿਉਂਕਿ ਉਨ੍ਹਾਂ ਦੀ ਬਦੌਲਤ ਅੱਜ ਪਾਕਿਸਤਾਨ ਕੋੜ੍ਹ ਵਰਗੀ ਛੂਤ ਦੀ ਮੂਜ਼ੀ ਬੀਮਾਰੀ ਤੋਂ ਮੁਕਤ ਹੈ। ਉਹ ਮੌਲਾਨਾ ਅਲਤਾਫ਼ ਹੁਸੈਨ ਹਾਲੀ ਦੇ ਇਸ ਸ਼ੇਅਰ ਦੀ ਸੱਚੀ ਤਸਵੀਰ ਸਨ:

ਯਹੀ ਹੈ ਇਬਾਦਤ ਯਹੀ ਦੀਨੋ ਈਮਾਂ

ਕੇ ਕਾਮ ਆਏ ਦੁਨੀਆ ਮੇ ਇਨਸਾਂ ਕੇ ਇਨਸਾਂ

ਮੁਨੀਰ ਹੁਸ਼ਿਆਰਪੁਰੀਆ, ਲਹੌਰ, ਪਾਕਿ.

ਸੱਚਰ ਦੀ ਕਲਮ ਤੋਂ – ਦੂਜਿਆਂ ਦੀ ਗੱਲ ਵੀ ਸੁਣਨੀ

ਸੁਝਾਅ – ਸੁਧਾਰ ਦੀ ਪੌੜੀ ਹਰ ਮਨੁੱਖ ਨੂੰ ਆਪਣੀ ਗੱਲ ਸਹੀ ਲੱਗਦੀ ਹੈ, ਪਰ ਸਿਆਣਪ ਇਸ ਵਿੱਚ ਹੈ ਕਿ ਅਸੀਂ ਦੂਜਿਆਂ ਦੀ ਗੱਲ ਸੁਣਨ ਲਈ ਵੀ ਮਨ ਖੁੱਲ੍ਹਾ ਰੱਖੀਏ। ਕਈ ਵਾਰ ਦੂਜੇ ਵੱਲੋਂ ਦਿੱਤਾ ਇੱਕ ਛੋਟਾ ਜਿਹਾ ਸੁਝਾਅ ਸਾਨੂੰ ਉਹ ਗੱਲ ਦਿਖਾ ਦਿੰਦਾ ਹੈ, ਜੋ ਆਪਣੀ ਨਜ਼ਰ ਤੋਂ ਓਝਲ ਰਹਿ ਜਾਂਦੀ ਹੈ। ਸੁਝਾਅ ਸੁਣਨਾ ਆਪਣੀ ਕਮਜ਼ੋਰੀ ਮੰਨਣਾ ਨਹੀਂ, ਸਗੋਂ ਆਪਣੇ ਆਪ ਨੂੰ ਹੋਰ ਬਿਹਤਰ ਬਣਾਉਣ ਦੀ ਇੱਛਾ ਹੈ। ਜਿਹੜਾ ਮਨੁੱਖ ਹਰ ਗੱਲ ਨੂੰ ਆਪਣੀ ਆਲੋਚਨਾ ਸਮਝ ਕੇ ਨਾਰਾਜ਼ ਹੋ ਜਾਂਦਾ ਹੈ, ਉਹ ਆਪਣੇ ਸੁਧਾਰ ਦਾ ਇੱਕ ਦਰਵਾਜ਼ਾ ਆਪ ਬੰਦ ਕਰ ਲੈਂਦਾ ਹੈ। ਇਹ ਵੀ ਜ਼ਰੂਰੀ ਹੈ ਕਿ ਸੁਝਾਅ ਦੇਣ ਵਾਲਾ ਪਿਆਰ ਅਤੇ ਸਤਿਕਾਰ ਨਾਲ ਗੱਲ ਕਰੇ ਅਤੇ ਸੁਝਾਅ ਲੈਣ ਵਾਲਾ ਖੁੱਲ੍ਹੇ ਮਨ ਨਾਲ ਸੁਣੇ। ਹਰ ਸੁਝਾਅ ਮੰਨਣਾ ਜ਼ਰੂਰੀ ਨਹੀਂ, ਪਰ ਹਰ ਸੁਝਾਅ ਨੂੰ ਸੁਣਨਾ ਜ਼ਰੂਰ ਚਾਹੀਦਾ ਹੈ। ਕਈ ਵਾਰ ਸਾਡੀ ਕਾਮਯਾਬੀ ਦਾ ਕਾਰਨ ਸਾਡੀ ਆਪਣੀ ਸੋਚ ਨਹੀਂ, ਸਗੋਂ ਕਿਸੇ ਸਿਆਣੇ ਵੱਲੋਂ ਦਿੱਤਾ ਉਹ ਸੁਝਾਅ ਬਣ ਜਾਂਦਾ ਹੈ, ਜਿਸ ਨੂੰ ਅਸੀਂ ਸਮੇਂ ਸਿਰ ਸਵੀਕਾਰ ਕਰ ਲਿਆ। ਜੋ ਮਨੁੱਖ ਸੁਝਾਅ ਸੁਣਨਾ ਸਿੱਖ ਲੈਂਦਾ ਹੈ, ਉਹ ਸਾਰੀ ਉਮਰ ਸਿੱਖਦਾ ਰਹਿੰਦਾ ਹੈ; ਅਤੇ ਜੋ ਸਿੱਖਦਾ ਰਹਿੰਦਾ ਹੈ, ਉਹ ਕਦੇ ਅੰਦਰੋਂ ਬੁੱਢਾ ਨਹੀਂ ਹੁੰਦਾ।

ਭਗਵੰਤ ਪਾਲ ਸਿੰਘ ਸੱਚਰ ਅੰਕ–20



ਮਿਹਤਰਾਨੀ, 1886

thelostheerproject:

ਮੁੰਨੀ, 16 ਸਾਲਾਂ ਦੀ ਇੱਕ **ਮੇਹਤਰਾਨੀ** ਸੀ, ਲਹੌਰ ਵਿਚ, ਜਦੋਂ ਵਿਆਨਾ (ਔਸਟ੍ਰੀਆ) ਦੇ ਕਲਾਕਾਰ Rudolf Swoboda ਨੇ 1886–1888 ਦੇ ਦਰਮਿਆਨ ਇਹ ਤਸਵੀਰ ਬਣਾਈ। ਇਸ ਕਲਾਕਾਰ ਨੂੰ ਮਹਾਰਾਣੀ ਵਿਕਟੋਰੀਆ ਨੇ ਆਪਣੇ ਵਿਸ਼ਾਲ ਭਾਰਤੀ ਸਾਮਰਾਜ ਦੀਆਂ "ਕਈ ਕੌਮਾਂ" ਦੀ ਮੁਮਾਇੰਦਗੀ ਕਰਨ ਵਾਲੇ "ਕਈ ਸਿਰ" ਪੇਂਟ ਕਰਨ ਦਾ ਕੰਮ ਦਿੱਤਾ ਸੀ। ਇਹ ਪ੍ਰਾਜੈਕਟ ਸ਼ਾਹੀ ਸੀ, ਇਸ ਲਈ ਪੰਜਾਬ ਦੀ ਇਸ ਕੁੜੀ ਦੀ ਇਹ ਤਸਵੀਰ ਹਾਸਿਲ ਹੈ, ਇੱਕਰਿਕਾਰਡ ਵਾਂਗ, ਨਹੀਂ ਤਾਂ, ਆਪਣੀਆਂ ਹਜ਼ਾਰਾਂ ਭੈਣਾਂ ਵਾਂਗ, ਇਹ ਵੀ ਇਤਿਹਾਸ ਅਤੇ ਚੇਤੇ ਵਿਚੋਂ ਵਿੱਸਰ ਗਈ ਹੁੰਦੀ।

ਨੋਟ– ਹਰਲੀਨ ਸਿੰਘ, ਟੋਰੌਂਟੋ ਤੋਂ ਇੱਕ ਵਿਦਵਾਨ, ਵੱਲੋਂ 2018 ਵਿਚ ਸ਼ੁਰੂ ਕੀਤੇ ਇਸ ਪ੍ਰਾਜੈਕਟ ਵਿਚ 1800–1947 ਤੱਕ ਦੀਆਂ ਪੰਜਾਬ ਦੀਆਂ ਨਾਰਾਂ ਉੱਤੇ ਖੋਜ ਕੀਤੀ ਗਈ ਹੈ। ਇਸ ਨਾਂ ਦੀ ਕਿਤਾਬ ਹੁਣ ਭਾਰਤ ਦੀਆਂ ਸਭ ਤੋਂ ਵੱਧ ਵਿਕ ਰਹੀਆਂ ਗ਼ੈਰ–ਗਲਪੀ ਕਿਤਾਬਾਂ ਵਿੱਚੋਂ ਸਭ ਤੋਂ ਵੱਧ ਵਿਕ ਰਹੀ ਹੈ। –ਸੰ.

ਬੰਬੇ / ਮੁੰਬਈ, ਮਹਾਨਗਰ/ ਮਾਯਾਨਗਰੀ

1992-93 ਵਿਚ ਅਚਾਨਕ ਬਾਬਰੀ ਮਸਜਿਦ ਦਾ ਮੁੱਦਾ ਭੜਕ ਗਿਆ। ਦੇਸ਼ ਦੇ ਕਈ ਹੋਰ ਸ਼ਹਿਰਾਂ ਵਾਂਗ, ਬਿਦਰ ਵਿਚ ਵੀ, ਹਲਾਤ ਖਰਾਬ ਹੋ ਗਏ! ਦੁਕਾਨਾਂ ਦੀ ਲੁੱਟਮਾਰ ਤੇ ਭੰਨਤੋੜ ਸ਼ੁਰੂ ਹੋ ਗਈ। ਭੜਕੀ ਭੀੜ ਵੱਲੋਂ ਬੱਸਾਂ-ਗੱਡੀਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਸ਼ਹਿਰ 'ਚ ਕਰਫ਼ਿਊ ਵਰਗੇ ਹਲਾਤ ਬਣ ਗਏ, ਜਿਸ ਦੇ ਮੱਦੇਨਜ਼ਰ ਓਥੋਂ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ਹਿਰ ਦੇ ਸਾਰੇ ਵਿੱਦਿਅਕ ਅਦਾਰੇ ਬੰਦ ਕਰ ਦਿੱਤੇ।

ਇਸ ਨੂੰ ਬਚਪਨਾ ਹੀ ਕਹਿ ਸਕਦੇ ਹਾਂ ਕਿ ਪੜ੍ਹਾਈ ਦੇ ਪਹਿਲੇ ਸਾਲ ਵਿਚ ਹੀ, ਅਜਿਹੇ ਨਾਜ਼ੁਕ ਮੌਕੇ, ਓਸੇ ਰਾਤ, ਮੈਂ, ਮੇਰਾ ਰੂਮਮੇਟ ਸੱਤਾ ਗੁਰਦਾਸਪੁਰ ਵਾਲਾ ਤੇ ਮੋਹਾਲੀ ਵਾਲੇ ਰਾਣੇ ਨੇ ਬੰਬੇ (ਮੁੰਬਈ) ਘੁੰਮਣ ਦਾ ਪ੍ਰੋਗਰਾਮ ਬਣਾਅ ਲਿਆ! ਬੰਬੇ ਦੇ ਥਾਣੇ ਖੇਤਰ ਵਿਖੇ ਸੱਤੇ ਦੇ ਚਾਚੇ ਰਹਿੰਦੇ ਸਨ, ਇਸ ਲਈ ਓਥੇ ਰਹਿਣ ਤੇ ਖਾਣ ਪੀਣ ਦੀ ਕੋਈ ਫ਼ਿਕਰ ਨਹੀਂ ਸੀ। ਅਸੀਂ ਤਿੰਨਾਂ ਆਪਣੇ ਸਮਾਨ ਵਾਲੇ ਬੈਗ ਪੈਕ ਕੀਤੇ -ਤੇ ਕਮਰੇ ਦੀ ਬਾਰੀ ਥਾਈਂ ਹੋਸਟਲ ਦੇ ਪਿਛਲੇ ਪਾਸੇ ਥੱਲੇ ਸੁੱਟ ਦਿੱਤੇ -ਤੇ ਆਪ ਅਸੀਂ ਤਿੰਨੇ ਹੋਸਟਲ ਦੇ ਮੇਨ ਗੇਟ ਦੇ ਸਾਹਮਣੇ ਵੱਲੋਂ ਹੀ ਆਮ ਵਾਂਗ ਤੁਰੇ ਜਾਂਦੇ ਬਾਹਰ ਨੂੰ ਨਿਕਲ ਗਏ, ਤੇ ਪਿਛਲੇ ਪਾਸਿਓਂ ਆਪਣੇ ਬੈਗ ਚੁੱਕ ਕੇ ਬਾਹਰ ਵੱਲ ਚਲੇ ਗਏ। ਉਸ ਸਮੇਂ ਉੱਥੇ ਇਕ ਚੌਂਕ ਤੋਂ ਨੋਬਲ ਟਰੈਵਲਜ਼ ਨਾਂ ਦੀ ਪ੍ਰਾਈਵੇਟ ਬੱਸ ਸ਼ਾਮੀਂ 7 ਕੁ ਵਜੇ ਬੰਬੇ ਲਈ ਚੱਲਦੀ ਹੁੰਦੀ ਸੀ। ਅਸੀਂ ਫਟਾਫਟ ਟਿਕਟਾਂ ਲਈਆਂ ਤੇ ਬੱਸ 'ਚ ਬੈਠ ਗਏ। ਸਹੀ ਸਮੇਂ ਬੱਸ ਚੱਲ ਪਈ। ਘੰਟੇ ਕੁ ਦੀ ਡ੍ਰਾਈਵ ਬਾਅਦ ਜ਼ਹੀਰਾਬਾਦ ਪਹੁੰਚ ਕੇ ਬੱਸ ਮੇਨ ਹਾਈਵੇ- ਹੈਦਰਾਬਾਦ ਤੋਂ ਸ਼ੋਲਾਪੁਰ, ਪੂਣੇ ਹੁੰਦਾ ਬੰਬੇ ਜਾਂਦਾ- 'ਤੇ ਦੌੜਨ ਲੱਗੀ। ਠੰਢ ਦਾ ਸਮਾਂ ਸੀ। ਮੈਨੂੰ ਯਾਦ ਹੈ ਕਿ ਰਾਤ ਨੂੰ 3-4 ਘੰਟੇ ਲਗਾਤਾਰ ਚੱਲਦੇ ਰਹਿਣ ਬਾਅਦ ਮੈਂ ਕੰਡਕਟਰ ਨੂੰ 2-3 ਵਾਰ ਬੇਨਤੀ ਕੀਤੀ ਪਰ ਉਹ ਟਾਲਦਾ ਰਿਹਾ- ਅਖੇ ਜ਼ਰਾ ਅੱਗੇ ਜਾ ਕੇ ਬੱਸ ਰੋਕਦੇ ਹਾਂ...। ਜਦੋਂ ਕੰਮ ਅਸਹਿ ਹੋ ਗਿਆ ਤਾਂ ਚੱਲਦੀ ਬੱਸ 'ਚੋਂ ਹੀ ਬਾਰੀ ਖੋਲ੍ਹ ਕੇ ਕੰਮ ਚਲਾਉਣਾ ਪਿਆ ਸੀ!

ਰਾਤ ਭਰ ਦੀ ਡਰਾਈਵਿੰਗ ਬਾਅਦ, ਖੰਡਾਲਾ ਘਾਟੀਆਂ ਪਾਰ ਕਰ, ਸਵੇਰੇ 7 ਕੁ ਵਜੇ ਅਸੀਂ ਮੁੰਬਈ ਟਰਮੀਨਲ ਪਹੁੰਚੇ। ਓਥੋਂ ਥਾਣੇ ਲਈ ਟੈਕਸੀ 'ਚ ਬੈਠ, ਸੱਤੇ ਦੇ ਚਾਚਿਆਂ ਦੇ ਘਰ ਪੁੱਜ ਕੇ ਨਾਸ਼ਤਾ ਕੀਤਾ। ਉਨ੍ਹਾਂ ਸਾਡੀ ਚੰਗੀ ਆਓ ਭਗਤ ਕਰਦਿਆਂ ਘਰ-ਉਪਰਲਾ ਚੌਬਾਰਾ ਅਤੇ ਘੁੰਮਣ ਲਈ ਡਰਾਈਵਰ ਸਮੇਤ ਆਪਣੀ ਜੀਪ ਸਾਡੇ ਹਵਾਲੇ ਕਰ ਦਿੱਤੀ।

ਸਰਹਿੰਦ ਵਰਗੇ ਛੋਟੇ ਜਿਹੇ ਕਸਬੇ ਤੋਂ ਕਰਣਾਟਕ ਦੇ ਬਿਦਰ ਕਸਬੇ ਵਿੱਚ ਪੜ੍ਹਾਈ ਕਰਨ ਪਹੁੰਚੇ ਸੀ- ਮੁੰਬਈ ਵਰਗੇ ਮਹਾਂਨਗਰ ਦੀ ਚਕਾਚੌਂਧ 'ਚ ਸਾਡੀਆਂ ਅੱਖਾਂ ਚੁੰਧਿਆ ਗਈਆਂ। ਇਸ ਤੋਂ ਪਹਿਲਾਂ ਮੁੰਬਈ ਮਹਾਨਗਰ ਦੀਆਂ ਅਸਮਾਨ ਛੋਂਹਦੀਆਂ ਇਮਾਰਤਾਂ ਸਿਰਫ਼ ਟੈਲੀਵਿਯਨ 'ਚ ਹੀ ਦੇਖੀਆਂ ਸਨ।

ਅਸੀਂ ਸਵੇਰੇ, ਹਰ ਰੋਜ਼, ਮਹਾਂਨਗਰੀ ਵਿੱਚ ਘੁੰਮਣ ਨਿਕਲ ਜਾਂਦੇ ਤੇ ਦੇਰ ਰਾਤ ਵਾਪਸ ਆਉਂਦੇ। ਇੱਕ ਦਿਨ ਥਾਣੇ ਦੀ ਵੱਡੀ ਸਾਰੀ ਗਾਇਮੁਖ ਚੌਪਾਟੀ 'ਚ ਬੋਟਿੰਗ ਕਰਦਿਆਂ ਸਾਡੀ ਕਿਸ਼ਤੀ ਦੂਜੇ ਕਿਨਾਰੇ ਜਾ ਪਹੁੰਚੀ। ਅਸੀਂ ਕਿਸ਼ਤੀ ਨੂੰ ਵਾਪਸੀ ਵੱਲ ਲਿਜਾਣ ਲਈ ਚੱਪੂ ਚਲਾਈ ਗਏ ਪਰ ਉਹ ਤਾਂ ਹੋਰ ਵੀ ਉਲਟ ਦਿਸ਼ਾ ਵੱਲ ਜਾਈ ਜਾਵੇ। ਏਨੇ ਨੂੰ ਕਿਸ਼ਤੀ ਦਾ ਟਾਈਮ ਪੂਰਾ ਹੋ ਗਿਆ ਤੇ ਚੌਪਾਟੀ ਦੇ ਪ੍ਰਬੰਧਕ ਉੱਚੀ-ਉੱਚੀ ਵ੍ਹਿਸਲਾਂ ਵਜਾਉਣ ਲੱਗੇ। ਦੂਜੇ ਕਿਨਾਰੇ ਤੋਂ ਅਸੀਂ ਆਪਣੇ ਹੱਥ ਖੜ੍ਹੇ ਕਰ ਕਰ ਵਿਖਾਏ! ਫੇਰ ਦੂਜੀ ਕਿਸ਼ਤੀ 'ਚ ਉਹ ਸਾਡੇ ਕੋਲ ਆਏ ਅਤੇ ਸਾਡੀ ਕਿਸ਼ਤੀ ਨੂੰ ਰੱਸੀ ਪਾ ਕਿਨਾਰੇ ਲਿਆਏ।

ਇਸੇ ਤਰ੍ਹਾਂ ਫੇਰ ਗੇਟਵੇਅ ਆਫ਼ ਇੰਡੀਆ, ਅਤੇ ਸਮੁੰਦਰ ਕਿਨਾਰੇ- ਜੂਹੂ ਬੀਚ- ਅਤੇ ਹੋਰ ਵੇਖਣਯੋਗ ਥਾਂਵਾਂ ਘੁੰਮੀਆਂ ਅਤੇ ਉਥੋਂ ਦੀ ਤੇਜ਼ ਤਰਾਰ ਜ਼ਿੰਦਗੀ ਨੂੰ ਨੇੜਿਓਂ ਵਾਚਿਆ। ਜੂਹੂ ਬੀਚ ਵਾਲਾ ਦ੍ਰਿਸ਼ ਤਾਂ ਹੂਬਹੂ ਅੱਜ ਵੀ ਅੱਖਾਂ ਸਾਹਮਣੇ ਘੁੰਮਦਾ ਹੈ। ਬੀਚ 'ਤੇ ਕੀਤੀ ਊਠ ਦੀ ਸਵਾਰੀ ਵੀ ਰੋਮਾਂਚਕ ਸੀ। ਇਥੋਂ ਦਾ ਵੜਾ-ਪਾਓ ਤਾਂ ਸਾਰੇ ਦੇਸ਼ 'ਚ ਮਸ਼ਹੂਰ ਹੈ, ਸੋ ਅਸੀਂ ਕਿੱਦਾਂ ਪਿੱਛੇ ਰਹਿੰਦੇ! ਕਿਉਂਕਿ ਓਥੇ ਸਾਡਾ ਰਹਿਣ ਦਾ ਅਤੇ ਖਾਣ ਪੀਣ ਦਾ ਜ਼ਿਆਦਾ ਖਰਚਾ ਨਹੀਂ ਸੀ, ਇਸ ਲਈ ਅਸੀਂ ਬਹੁਤ ਹੀ ਘੱਟ ਪੈਸਿਆਂ ਵਿੱਚ ਸਭ ਤੋਂ ਮਹਿੰਗਾ ਸ਼ਹਿਰ ਘੁੰਮਣ ਦਾ ਅਨੰਦ ਮਾਣਿਆ।

ਇਸੇ ਤਰਾਂ ਇੱਕ ਦਿਨ ਰਸਤੇ 'ਚ ਇੱਕ ਪੰਜਾਬੀ ਰੈਸਟੋਰੈਂਟ ਦਿਸਿਆ, ਓਥੇ ਖਾਣਾ ਖਾਣ ਦੀ ਮਨਸ਼ਾ ਨਾਲ ਅੰਦਰ ਜਾ ਕੇ ਦੇਖਿਆ ਤਾਂ ਹਿੰਦੀ ਫ਼ਿਲਮੀ ਗਾਣਿਆਂ 'ਤੇ ਕੈਬਰੇ ਡਾਂਸ ਚੱਲ ਰਿਹਾ ਸੀ। ਓਥੇ ਉਨ੍ਹਾਂ ਤਿੰਨ ਪੰਜਾਬੀਆਂ ਨੂੰ ਦੇਖ "ਤੂਤਕ ਤੂਤਕ ਤੂਤੀਆਂ" ਗਾਣਾ ਚਲਾਅ ਦਿੱਤਾ-ਜਿਸ 'ਤੇ ਅਸੀਂ ਵੀ ਖੂਬ ਨੱਚੇ। ਓਥੋਂ ਦੇ ਰੈੱਡ ਲਾਈਟ ਖੇਤਰ 'ਘਾਟਕੋਪਰ' ਵਿਖੇ ਵੀ ਗੇੜੀ ਮਾਰੀ, ਜਿਥੇ ਸੂਰਜ ਡੁੱਬਣ ਬਾਅਦ ਕਿਸੇ ਮਜਬੂਰੀ ਲਈ ਆਪਣੇ ਪੇਟ ਦੀ ਅੱਗ ਬੁਝਾਉਣ ਲਈ ਵੱਡੇ-ਵੱਡੇ ਬਲਬਾਂ ਹੇਠ ਖੜ੍ਹੀਆਂ ਕੁੜੀਆਂ ਗਾਹਕਾਂ ਨੂੰ ਵਾਜਾਂ ਮਾਰਨ ਲੱਗ ਜਾਂਦੀਆਂ ਹਨ! ਬੰਬੇ - ਹੁਣ ਮੁੰਬਈ -ਪਰ ਅਸਲ ਵਿਚ ਇਹ ਮਹਾਨਗਰੀ ਦੇ ਨਾਲ ਨਾਲ ਮਾਯਾਨਗਰੀ ਵੀ ਹੈ।

ਉਸ ਤੋਂ ਅਗਲੇ ਦਿਨ ਗੇਟਵੇਅ ਆਫ਼ ਇੰਡੀਆ ਵਾਲੀ ਥਾਂ ਸਮੁੰਦਰ ਕਿਨਾਰੇ ਦਾ ਵੀ ਕਿਆ ਨਜ਼ਾਰਾ ਸੀ, ਜਿਥੇ ਸੈਲਾਨੀਆਂ ਦੀ ਪੂਰੀ ਭੀੜ ਜਮ੍ਹਾਂ ਸੀ। ਇਥੋਂ ਅੰਦਰ ਜਾ ਕੇ ਦੇਖਿਆ ਕਿ ਸਮੁੰਦਰ 'ਚ ਕਰੂਜ਼ ਦੀ ਸਵਾਰੀ ਕਰਨ ਵਾਲਿਆਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਅਸੀਂ ਵੀ ਲਾਈਨ 'ਚ ਲੱਗ ਟਿਕਟਾਂ ਲਈਆਂ ਅਤੇ ਕਿਨਾਰੇ ਖੜ੍ਹੇ ਬੇੜੇ (ਮੋਟਰ ਬੋਟ) 'ਚ ਸਵਾਰ ਹੋ ਗਏ। ਸਮੁੰਦਰ ਦੇ ਪਾਣੀ ਦੀਆਂ ਲਹਿਰਾਂ ਨੂੰ ਚੀਰਦਾ ਬੇੜਾ ਜਿਉਂ-ਜਿਉਂ ਅੱਗੇ ਵਧ ਰਿਹਾ ਸੀ, ਤਿਉਂ-ਤਿਉਂ ਸਮੁੰਦਰ ਕਿਨਾਰੇ ਬਣੀਆਂ ਅਸਮਾਨ ਛੋਂਹਦੀਆਂ ਇਮਾਰਤਾਂ ਧੁੰਦਲੀਆਂ ਧੁੰਦਲੀਆਂ ਹੁੰਦੀਆਂ ਜਾ ਰਹੀਆਂ ਸੀ। ਇਹ ਅਦਭੁਤ ਨਜ਼ਾਰਾ ਵੀ ਅਭੁੱਲ ਹੀ ਸੀ। ਬੇੜੇ ਦੇ ਇਰਦ-ਗਿਰਦ ਬੰਨ੍ਹੇ ਮੋਟੇ ਰੱਸੇ ਨੂੰ ਹੱਥ ਪਾ ਕੇ ਖੜ੍ਹੇ ਅਸੀਂ ਤਿੰਨੋਂ ਜਿਵੇਂ ਲਹਿਰਾਂ ਨਾਲ ਲੁਕਣਮੀਟੀ ਖੇਡ ਰਹੇ ਹੋਈਏ। ਹੋਰ ਅੱਗੇ ਗਏ ਤਾਂ ਚਾਰੇ ਪਾਸੇ ਪਾਣੀ ਹੀ ਪਾਣੀ ਸੀ, ਧਰਤੀ ਦਾ ਕਿਨਾਰਾ ਪਿੱਛੇ ਰਹਿ ਗਿਆ ਸੀ! ਇੰਝ ਲੱਗਦਾ ਸੀ ਕਿ ਕਿਤੇ ਬਹੁਤ ਦੂਰ ਆ ਗਏ ਹਾਂ। ਘੰਟੇ ਕੁ ਬਾਅਦ ਮੁੜ ਕਿਨਾਰਾ ਨਜ਼ਰੀਂ ਪਿਆ। ਕਰੂਜ਼ ਦਾ ਉਹ ਪਹਿਲਾ ਝੂਟਾ ਹਾਲੇ ਤੀਕਰ ਵੀ ਪਹਿਲਾ ਹੀ ਹੈ। ਗੇਟਵੇਅ ਆਫ਼ ਇੰਡੀਆ ਦੇ ਬਾਹਰਵਾਰ, ਬਿਲਕੁਲ ਸਾਹਮਣੇ, ਬਹੁਤ ਵੱਡੀ ਗਿਣਤੀ 'ਚ ਕਬੂਤਰ ਦਾਣਾ ਚੁਗ ਰਹੇ ਸਨ- ਉਹੀ ਕਬੂਤਰ ਜਿਹੜੇ ਕਈ ਹਿੰਦੀ ਫ਼ਿਲਮਾਂ 'ਚ ਵੀ ਦਿਖਾਏ ਗਏ ਹਨ। ਇੱਥੇ ਭਾਰਤੀਆਂ ਤੋਂ ਇਲਾਵਾ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ ਵੀ ਬਹੁਤ ਸੀ।

ਉਸ ਟੂਅਰ ਦੌਰਾਨ ਓਥੇ ਇਕ ਹੀ ਘਾਟ ਰਹੀ - ਕਿ ਬਾਲੀਵੁਡ ਦੀ ਕਿਸੇ ਵੀ ਫ਼ਿਲਮੀ ਹਸਤੀ ਨੂੰ ਦੇਖਣ ਜਾਂ ਮਿਲਣ ਦਾ ਮੌਕਾ ਜਾਂ ਸਬੱਬ ਨਹੀਂ ਬਣਿਆ।

ਪੰਜਵੇਂ ਦਿਨ ਅਸੀਂ ਸਾਡੇ ਮਹਿਮਾਨ ਨਿਵਾਜ਼ ਪਰਿਵਾਰ ਨੂੰ ਅਲਵਿਦਾ ਆਖੀ ਅਤੇ ਮਹਾਂਨਗਰੀ ਦੀਆਂ ਯਾਦਾਂ ਮਨ 'ਚ ਸਮੇਟ ਫਿਰ ਉਸੇ ਨੋਬਲ ਟਰੈਵਲਜ਼ ਦੀ ਬੱਸ ਰਾਹੀਂ ਬੰਬੇ ਤੋਂ ਵਾਪਸ ਬਿਦਰ ਪਹੁੰਚ ਗਏ।

ਭਾਵੇਂ ਅੱਜ ਸੱਤਾ ਤੇ ਰਾਣਾ ਦੋਵੇਂ ਇਸ ਦੁਨੀਆਂ 'ਚ ਨਹੀਂ ਹਨ, ਪਰ ਬੰਬੇ ਸ਼ਹਿਰ ਦੀਆਂ ਯਾਦਾਂ ਵਾਂਗ ਉਹ ਦੋਏ ਯਾਰ ਵੀ ਸਦੀਵੀ ਚੇਤਿਆਂ 'ਚ ਵਸੇ ਰਹਿਣਗੇ।

ਅਮਰਬੀਰ ਸਿੰਘ ਚੀਮਾ

ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ

9888940211

ਰੇਡੀਓ ਦੀਆਂ ਯਾਦਾਂ -31

ਦੇਵਿੰਦਰ ਮਹੇਂਦਰੂ

ਸੀਜ਼ਨ -2

''ਆਕਾਸ਼ਵਾਣੀ, ਜਲੰਧਰ'' ਮਈ 1949 'ਚ ਸ਼ੁਰੂ ਹੋ ਗਿਆ ਸੀ। ਪਰ ''ਦੂਰਦਰਸ਼ਨ, ਜਲੰਧਰ'' ਬਹੁਤ ਬਾਅਦ ਵਿੱਚ, ਅਪ੍ਰੈਲ 1979 ਵਿਚ ਆਇਆ। ਹਾਂ, ਉਸ ਤੋਂ ਕੁਝ ਪਹਿਲਾਂ ਉੱਨੀ ਸੌ ਅਠੱਤਰ ਵਿੱਚ ''ਦੂਰਦਰਸ਼ਨ, ਅੰਮ੍ਰਿਤਸਰ'' ਤੋਂ ਪ੍ਰੋਗਰਾਮ ਟੈਲੀਕਾਸਟ ਹੋਣੇ ਸ਼ੁਰੂ ਹੋ ਗਏ ਸਨ। ਇਨ੍ਹਾਂ ਪ੍ਰੋਗਰਾਮਾਂ ਦੀ ਰਿਕਾਰਡਿੰਗ ''ਦਿੱਲੀ ਦੂਰਦਰਸ਼ਨ'' ਹੁੰਦੀ ਸੀ।

ਇੱਕ ਕਵੀ ਦਰਬਾਰ ਦੀ ਕਾਫ਼ੀ ਚਰਚਾ ਸੁਣੀ ਸੀ। ਹਰਭਜਨ ਸਿੰਘ ਰਤਨ ਹੋਰਾਂ ਨੇ ਰਿਕਾਰਡ ਕੀਤਾ ਸੀ, ਇਹ ਕਵੀ ਦਰਬਾਰ। ਇਸ ਵਿੱਚ ਮਨਜੀਤ ਟਿਵਾਣਾ, ਮਨਜੀਤ ਇੰਦਰਾ, ਮਨਜੀਤ ਪਾਲ, ਪ੍ਰਭਜੋਤ ਕੌਰ ਸ਼ਾਮਲ ਸਨ। ਬੁਲਾਇਆ ਤਾਂ ਅੰਮ੍ਰਿਤਾ ਪ੍ਰੀਤਮ ਨੂੰ ਵੀ ਗਿਆ ਸੀ ਪਰ ਉਹ ਇਸ ਕਵੀ ਦਰਬਾਰ ਵਿੱਚ ਸ਼ਾਮਲ ਨਹੀਂ ਸਨ ਹੋਏ -ਕਿੱਥੇ ਜਾਣਾ ਹੈ ਕਿੱਥੇ ਨਹੀਂ ਇਹ ਤਾਂ ਜਾਣ ਵਾਲੇ ਦੀ ਮਰਜ਼ੀ 'ਤੇ ਨਿਰਭਰ ਹੁੰਦਾ ਹੈ।

''ਕਥਾ ਲੋਕ'' ਵਿੱਚ ਮੈਂ ਅੰਮ੍ਰਿਤਾ ਪ੍ਰੀਤਮ ਦੀਆਂ ਬਹੁਤ ਸਾਰੀਆਂ ਕਹਾਣੀਆਂ ਡਰਾਮਾਟਾਈਜ਼ ਕਰ ਕੇ ਪ੍ਰਸਾਰਿਤ ਕੀਤੀਆਂ ਸਨ- ਪਰ ਜਦੋਂ ਉਨ੍ਹਾਂ ਘੱਟ ਫ਼ੀਸ 'ਤੇ ਇਤਰਾਜ਼ ਕੀਤਾ - ਤੇ ਫ਼ੀਸ ਵਧਾਉਣਾ ਉਨ੍ਹਾਂ ਦੇ ''ਦਿੱਲੀ ਰੇਡੀਓ ਸਟੇਸ਼ਨ'' ਦੇ ਅਧਿਕਾਰ ਖੇਤਰ ਵਿੱਚ ਆਉਂਦਾ ਸੀ- ਮੈਂ ਉਨ੍ਹਾਂ ਦੀਆਂ ਕਹਾਣੀਆਂ ਨੂੰ ''ਕਥਾ ਲੋਕ'' ਪ੍ਰੋਗਰਾਮ ਵਿੱਚ ਸ਼ਾਮਲ ਕਰਨਾ ਬੰਦ ਕਰ ਦਿੱਤਾ।

ਲੇਖਕ ਪਾਠਕ ਦਾ ਰਿਸ਼ਤਾ ਤਾਂ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਦੀਆਂ ਕਹਾਣੀਆਂ ਲੱਖਾਂ ਪਾਠਕਾਂ ਤੱਕ ਪਹੁੰਚ ਰਹੀਆਂ ਸਨ।

ਫ਼ੀਸ ਦਾ ਸਟਰੱਕਚਰ ਕੁਝ ਸਾਲਾਂ ਬਾਅਦ ਬਦਲਿਆ ਜਾਂਦਾ ਹੈ, ਰੇਡੀਓ ਵਿੱਚ। ਅੱਜਕੱਲ੍ਹ ਕਾਫ਼ੀ ਅੱਛੀ ਫ਼ੀਸ ਹੈ ਰੇਡੀਓ ਦੇ ਕਲਾਕਾਰਾਂ ਦੀ। ਸਨਮਾਨ ਯੋਗ ਫ਼ੀਸ ਹੱਕ ਹੈ, ਹਰ ਕਲਾਕਾਰ ਦਾ। ਸਤਿਕਾਰਿਤ ਵਿਵਹਾਰ ਵੀ ਜ਼ਰੂਰੀ ਹੈ। ਰੇਡੀਓ ਦੇ ਪ੍ਰੋਗਰਾਮ ਤੋਂ ਬਾਅਦ ਤੁਸੀਂ ਹਵਾ ਵਿੱਚ ਉੱਡਦੇ ਘਰ ਵਾਪਸ ਨਾ ਆਓ- ਤਾਂ ਪਤਾ ਕਿਵੇਂ ਲੱਗੇਗਾ ਕਿੱਥੇ ਸਿਜਦਾ ਕਰ ਕੇ ਆ ਰਹੇ ਹੋ!

ਪਹਿਲੇ ਡਾਇਰੈਕਟਰ, ਜਲੰਧਰ ਰੇਡੀਓ ਦੇ, ਕਰਤਾਰ ਸਿੰਘ ਦੁੱਗਲ ਸਨ। ਇੱਥੋਂ ਚਲੇ ਜਾਣ ਤੋਂ ਬਾਅਦ ਵੀ ਉਹ ਇਸ ਕੇਂਦਰ ਨਾਲ ਜੁੜੇ ਰਹੇ। ਇੱਕ ਵਾਰ ਦਿੱਲੀ ਤੋਂ ਆਉਣਾ ਸੀ ਉਨ੍ਹਾਂ, ਆਪਣੇ ਇੱਕ ਰੇਡੀਓ ਨਾਟਕ ਦੀ ਪੇਸ਼ਕਾਰੀ ਦੇ ਸਿਲਸਿਲੇ ਵਿੱਚ- ਤਾਂ ਉਨ੍ਹਾਂ ਮੈਨੂੰ ਚਿੱਠੀ ਲਿਖੀ, ਜਿਸ ਵਿੱਚ ਦੱਸਿਆ ਕਿ ਉਹ ਕਿਸ ਵਕਤ ਜਲੰਧਰ ਰੇਲਵੇ ਸਟੇਸ਼ਨ 'ਤੇ ਪਹੁੰਚਣਗੇ। ਮੈਂ ਦਫ਼ਤਰ ਦੀ ਗੱਡੀ ਲੈ ਕੇ ਉਨ੍ਹਾਂ ਨੂੰ ਲੈਣ ਗਈ। ਉਹ ਬਾਹਰ ਆਏ- ਪਰ ਰੇਡੀਓ ਦੀ ਗੱਡੀ ਦੇ ਕੋਲੋਂ ਦੀ ਲੰਘਦੇ ਹੋਏ ਆਪਣੇ ਭਰਾ ਦੀ ਗੱਡੀ ਵੱਲ ਵਧੇ- ਜਿਹੜੀ ਰੇਡੀਓ ਦੀ ਗੱਡੀ ਤੋਂ ਵੱਡੀ ਸੀ। ਮੈਨੂੰ ਚਿੱਠੀ ਲਿਖ ਕੇ ਰੇਲਵੇ ਸਟੇਸ਼ਨ 'ਤੇ ਪਹੁੰਚਣ ਦਾ ਵਕਤ ਕਿਉਂ ਦੱਸਿਆ ਗਿਆ ਸੀ, ਸਮਝ ਨਾ ਆਇਆ।

ਰੇਡੀਓ ਦੀ ਗੱਡੀ 'ਸਟੈਂਡਬਾਇ' ਅਰੇਂਜਮੈਂਟ ਸੀ? ਮੇਰੇ ਨਾਲ 'ਹੈਲੋ' ਹੋਈ, ਸਿਰਫ਼।

ਬੁਰਾ ਲੱਗਾ ਮੈਨੂੰ। ਵਕਤ ਖ਼ਰਾਬ ਕੀਤਾ ਐਵੇਂ, ਆਉਣ-ਜਾਣ ਵਿੱਚ। ਪੈਟਰੋਲ ਵੀ ਗਿਆ, ਸਰਕਾਰੀ। ਉਹ ਆਪਣੇ ਭਰਾ ਨੂੰ ਤਾਂ ਨਹੀਂ ਸੀ ਦਿਖਾਅ ਰਹੇ- 'ਦੇਖ ਮੇਰੀ ਵੁੱਕਤ ਹੈ ਅਜੇ ਵੀ, ਮੇਰੇ ਦਫ਼ਤਰ ਵਿੱਚ ਰਿਟਾਇਰਮੈਂਟ ਤੋਂ ਬਾਅਦ ਵੀ'..?

ਸ਼ਾਂਤਾ ਕੁਮਾਰ ਜੀ ਬਹੁਤ ਅੱਛੇ ਲੇਖਕ ਹਨ। ਨੇਤਾ ਉਸ ਤੋਂ ਵੀ ਵਧੀਆ। ਚੰਗੇ ਕੰਮ ਸਰਾਹੁਣ ਵੇਲੇ ਉਹ ਕਦੇ ਨਹੀਂ ਦੇਖਦੇ ਉਹ ਕੰਮ ਦੂਜੀ ਪਾਰਟੀ ਦੇ

ਕਿਸੇ ਨੇਤਾ ਨੇ ਕੀਤਾ ਹੈ। ਬੁਰੇ ਕੰਮ ਦੀ ਨਿੰਦਿਆ ਕਰਦਿਆਂ ਉਨ੍ਹਾਂ ਕਦੇ ਨਹੀਂ ਪਰਵਾਹ ਕੀਤੀ ਕਿ ਇਹ ਕਾਰਗੁਜ਼ਾਰੀ ਉਨ੍ਹਾਂ ਦੀ ਹੀ ਪਾਰਟੀ ਦੀ ਹੈ। ਪਰ ਇਸ ਤੋਂ ਵੀ ਵੱਧ ਉਹ ਇੱਕ ਸੰਵੇਦਨਸ਼ੀਲ ਇਨਸਾਨ ਹਨ।

ਹਿਮਾਚਲ ਪ੍ਰਦੇਸ਼ ਵਿੱਚ ਚੋਣਾਂ ਹੋਣੀਆਂ ਸਨ, ਤੇ ਚੋਣ ਪ੍ਰਸਾਰਨ ਦੀ ਰਿਕਾਰਡਿੰਗ ਲਈ ਉਹ ਆਏ, ਸ਼ਿਮਲਾ ਰੇਡੀਓ 'ਤੇ।

ਪ੍ਰੋਟੋਕਾਲ ਨਿਭਾਉਂਦਿਆਂ ਮੈਂ ਉਨ੍ਹਾਂ ਨੂੰ ਬਾਹਰ ਜਾ ਕੇ ਮਿਲੀ ਤੇ ਰਿਕਾਰਡਿੰਗ ਲਈ ਸਟੂਡੀਓ ਲੈ ਆਈ। ਉਨ੍ਹਾਂ ਨੋਟਿਸ ਕੀਤਾ ਕਿ ਮੈਨੂੰ ਪੌੜੀਆਂ ਚੜ੍ਹਦੇ ਦਿੱਕਤ ਹੋ ਰਹੀ ਸੀ। ਬੋਲੇ ਕੁਝ ਨਹੀਂ, ਪਰ ਰਿਕਾਰਡਿੰਗ ਤੋਂ ਬਾਅਦ ਜਦੋਂ ਮੈਂ ਉਨ੍ਹਾਂ ਨੂੰ ਬਾਹਰ ਤੱਕ ਛੱਡਣ ਆਉਣ ਲੱਗੀ- ਉਨ੍ਹਾਂ ਸਖ਼ਤੀ ਨਾਲ ਮਨ੍ਹਾ ਕਰ ਦਿੱਤਾ- 'ਨਹੀਂ'। ਸਿਰ 'ਤੇ ਹੱਥ ਰੱਖ ਕੇ ਅਸ਼ੀਰਵਾਦ ਦਿੱਤਾ। ਕਾਹਲੀ ਕਾਹਲੀ ਪੌੜੀਆਂ ਉਤਰੇ ਤੇ ਗੱਡੀ ਵਿੱਚ ਬੈਠ ਕੇ ਚਲੇ ਗਏ।

ਮਨ ਵਿੱਚ ਇੱਜ਼ਤ ਪਹਿਲਾਂ ਨਾਲੋਂ ਜ਼ਿਆਦਾ ਹੋ ਗਈ।

ਇਹ ਜਾਣਕਾਰੀ ਹੈਰਾਨ ਕਰਨ ਵਾਲੀ ਹੈ

ਇਹ ਜਾਣਕਾਰੀ ਹੈਰਾਨ ਕਰਨ ਵਾਲੀ ਹੈ - ਸਵਿੱਟਜ਼ਰਲੈਂਡ ਸਮੇਤ ਕਈ 'ਅਮੀਰ' ਮੁਲਕਾਂ ਵਿਚ ਗਰੀਬ, ਬੇਸਹਾਰਾ ਨਿੱਕੇ ਬੱਚੇ ਅਮੀਰ ਖੇਤ-ਮਾਲਿਕਾਂ ਨੂੰ ਬੋਲੀ ਲਾ ਕੇ ਵੇਚ ਦਿੱਤੇ ਜਾਂਦੇ ਸੀ- ਮਿਹਨਤ ਮਜ਼ਦੂਰੀ ਲਈ, ਭਾਵੇਂ ਹਰ ਬਦਸਲੂਕੀ ਵੀ ਕਰਨ। 15 ਸਾਲ ਦੇ ਹੋ ਕੇ ਕਈ ਬੱਚੇ 'ਅਜ਼ਾਦ' ਹੁੰਦੇ। ਸਵਿੱਟਜ਼ਰਲੈਂਡ ਵਿਚ ਇਹ ਕੁਝ 1980 ਤੱਕ ਚੱਲਿਆ! 1981 ਵਿਚ ਇਸ ਦੇ ਖ਼ਿਲਾਫ਼ ਕਨੂੰਨ ਬਣਿਆ ਸੀ। -ਸੰ.

ਰੌਸ਼ਨ ਅੱਖਰ ਡਾ. ਨਵਦੀਪ ਕੌਰ

ਪੰਜਾਬ, ਵਾਰਿਸ ਤੇ ਹੀਰ

From Waris to Heer – ਹਰੁਨ ਖ਼ਾਲਿਦ

Publisher: Penguin Random House India

ਹਰੂਨ ਖ਼ਾਲਿਦ ਨੂੰ ਉਨ੍ਹਾਂ ਦੀ ਪ੍ਰਸਿੱਧ ਰਚਨਾ Walking with Nanak ਕਰਕੇ ਭਾਰਤ ਦੇ ਇਸ ਸਾਰੇ ਖਿੱਤੇ ਵਿੱਚ ਜਾਣਿਆ ਜਾਂਦਾ ਹੈ। From Waris to Heer ਵਿੱਚ ਹਾਰੂਨ ਖ਼ਾਲਿਦ ਪੰਜਾਬ ਦੇ ਇਤਿਹਾਸ, ਸਾਹਿਤ, ਅਤੇ ਸੱਭਿਆਚਾਰ ਨੂੰ ਐਸੀ ਕੈਨਵਸ ’ਤੇ ਉਤਾਰਨ ਦੀ ਕੋਸ਼ਿਸ਼ ਕਰਦੇ ਹਨ, ਜਿਸਦੇ ਇੱਕ ਸਿਰੇ ’ਤੇ ਵਾਰਿਸ ਸ਼ਾਹ ਹੈ ਅਤੇ ਦੂਜੇ ਸਿਰੇ ’ਤੇ ਹੀਰ। ਇਹ ਕਿਤਾਬ ਇਸ ਲੋਕ-ਗਾਥਾ ਨੂੰ, ਇੱਕ ਵੱਡੇ ਨਜ਼ਰੀਏ ਵਿੱਚ ਰੱਖ ਕੇ ਪੇਸ਼ ਕਰਦੀ ਹੈ- ਉਸ ਧਰਤੀ, ਉਸ ਸਮੇਂ ਅਤੇ ਉਸ ਸਮਾਜ ਨਾਲ ਵੀ ਰੂਬਰੂ ਕਰਵਾਉਂਦੀ ਹੈ, ਜਿੱਥੇ ਹੀਰ ਦੀ ਇਹ ਦਾਸਤਾਨ ਜਨਮੀ।

ਹੀਰ ਸਿਰਫ਼ ਇੱਕ ਪ੍ਰੇਮ ਗਾਥਾ ਨਹੀਂ। ਉਹ ਪੰਜਾਬ ਦੀ ਇੱਕ ਅਜਿਹੀ ਅਵਾਜ਼ ਹੈ, ਜਿਸ ਵਿੱਚ ਸਦੀਆਂ ਦੀਆਂ ਕਈਆਂ ਅਵਾਜ਼ਾਂ ਰਲੀਆਂ ਹੋਈਆਂ ਹਨ। ਵਾਰਿਸ ਸ਼ਾਹ ਤੋਂ ਪਹਿਲਾਂ ਦਾ ਪੰਜਾਬ ਕਿਹੋ ਜਿਹਾ ਸੀ? ਉਹ ਪੰਜਾਬ ਜਿਸ ਵਿੱਚ ਬਾਬਾ ਫ਼ਰੀਦ ਦੀ ਬਾਣੀ ਨੇ ਮਨੁੱਖ ਨੂੰ ਆਪਣੇ ਅੰਦਰ ਝਾਤ ਮਾਰਨੀ ਸਿਖਾਈ, ਬਾਬਾ ਨਾਨਕ ਨੇ ‘ਇੱਕ’ ਦਾ ਸੁਨੇਹਾ ਦਿੱਤਾ, ਸ਼ਾਹ ਹੁਸੈਨ ਨੇ ਇਸ਼ਕ ਨੂੰ ਰੂਹਾਨੀ ਅਨੁਭਵ ਨਾਲ ਜੋੜਿਆ ਅਤੇ ਬੁੱਲ੍ਹੇ ਸ਼ਾਹ ਨੇ ਧਰਮ ਦੀਆਂ ਕੰਧਾਂ ਤੋਂ ਪਾਰ ਮਨੁੱਖ ਨੂੰ ਲੱਭਿਆ। ਇਹ ਸਾਰੇ ਪੰਜਾਬ ਦੀ ਇੱਕ ਲੰਮੀ ਕਹਾਣੀ ਦੇ ਵੱਖ-ਵੱਖ ਅਧਿਆਇ ਹਨ। ਇਸ ਕਹਾਣੀ ਦਾ ਮੂਲ ਤੱਤ ਇੱਕ ਸੂਖਮ ਪ੍ਰੇਮ ਦਾ ਕਣ ਹੈ, ਜੋ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ, ਇੱਕ ਕਲਮ ਤੋਂ ਦੂਜੀ ਕਲਮ ਤੱਕ, ਸਦੀਆਂ ਦਾ ਸਫ਼ਰ ਕਰਦਾ ਆਇਆ। ਕਦੇ ਬਾਣੀ ਬਣਿਆ, ਕਦੇ ਕਾਫ਼ੀ, ਕਦੇ ਸ਼ਬਦ ਅਤੇ ਕਦੇ ਲੋਕ-ਗਾਥਾ। ਫਿਰ ਇੱਕ ਦਿਨ ਵਾਰਿਸ ਸ਼ਾਹ ਦੀ ਕਲਮ ਵਿੱਚ ਸਿਆਹੀ ਬਣ ਕੇ ਕਾਗਜ਼ ਉੱਤੇ ਉਤਰਿਆ- ਕਿੱਸਾ ਹੀਰ ਦੇ ਰੂਪ ਵਿੱਚ।

ਪਰ ਜਿਸ ਪੰਜਾਬ ਵਿੱਚ ਵਾਰਿਸ ਸ਼ਾਹ ਨੇ ਹੀਰ ਲਿਖੀ, ਉਹ ਕੇਵਲ ਹਰੇ-ਭਰੇ ਖੇਤਾਂ ਤੇ ਨੱਚਦੇ-ਗਾਉਂਦੇ ਲੋਕਾਂ ਦਾ ਪੰਜਾਬ ਨਹੀਂ ਸੀ। ਉਹ ਸਿਆਸੀ ਉਥਲ-ਪੁਥਲ, ਸਮਾਜਕ ਵੰਡ ਅਤੇ ਜ਼ੁਲਮ ਦੀ ਹਕੂਮਤ ਹੇਠ ਤੜਫ਼ ਰਿਹਾ ਪੰਜਾਬ ਵੀ ਸੀ। ਜਦੋਂ ਸੱਤਾ ਦੇ ਜ਼ੁਲਮ ਹੇਠ ਮਨੁੱਖ ਦੀ ਪਹਿਚਾਨ ਉਸ ਦੇ ਧਰਮ ਦੇ ਨਾਂ ਨਾਲ ਕੀਤੀ ਜਾਣ ਲੱਗੇ, ਜਦੋਂ ਲੋਕਾਂ ਨੂੰ ਇੱਕ ਦੂਜੇ ਤੋਂ ਵੱਖ ਕਰਨ ਦੀਆਂ ਕੋਸ਼ਿਸ਼ਾਂ ਹੋਣ, ਓਦੋਂ ਕਵਿਤਾ ਸਿਰਫ਼ ਕਵਿਤਾ ਨਹੀਂ ਰਹਿੰਦੀ। ਉਹ ਸਮੇਂ ਦੀ ਗਵਾਹੀ ਬਣ ਜਾਂਦੀ ਹੈ। ਸ਼ਾਇਦ ਇਸੇ ਲਈ ਵਾਰਿਸ ਸ਼ਾਹ ਦੀ ਹੀਰ ਨੂੰ ਸਿਰਫ਼ ਹੀਰ-ਰਾਂਝੇ ਦੀ ਕਹਾਣੀ ਵਜੋਂ ਪੜ੍ਹਨਾ ਉਸਦੀ ਵਿਸ਼ਾਲਤਾ ਨੂੰ ਛੋਟਾ ਕਰ ਦੇਣਾ ਹੈ। ਲੇਖਕ ਸਾਨੂੰ ਉਸ ਵਾਰਿਸ ਨਾਲ ਮਿਲਾਉਂਦਾ ਹੈ ਜਿਹੜਾ ਕਦੇ ਰਾਂਝਾ ਬਣਦਾ ਹੈ, ਕਦੇ ਹੀਰ। ਕਦੇ ਲੁੱਡਣ, ਕਦੇ ਕੈਦੋ, ਕਦੇ ਚੂਚਕ। ਤੇ ਕਦੇ ਜਜ਼ਬਿਆਂ ਦੇ ਵੇਗ ’ਚ ਵਗਦੇ ਦਰਿਆ ਜੇਹਲਮ ਵਰਗਾ। ਅਤੇ ਇਸ ਸਾਰੇ ਵਹਾਅ ਵਿੱਚ ਉਹ ਸਿਰਫ਼ ਹੀਰ ਦੀ ਬਾਤ ਨਹੀਂ ਪਾਉਂਦਾ। ਉਹ ਪੰਜਾਬ ਦੀ ਬਾਤ ਪਾਉਂਦਾ ਹੈ।

ਇਸ ਕਿੱਸੇ ਦੀ ਇੱਕ ਹੋਰ ਤਾਕਤ ਇਹ ਰਹੀ ਕਿ ਇਹ ਕਾਗਜ਼ ‘ਤੇ ਨਾ ਰਹਿ ਕੇ ਸ਼ੁਰੂ ਤੋਂ ਹੀ ਲੋਕਾਂ ਦੀ ਜ਼ੁਬਾਨ ’ਤੇ ਵੱਸ ਗਿਆ। ਲੋਕਾਂ ਦੀ ਜ਼ੁਬਾਨ ਵਿੱਚ ਰਚਦਾ-ਵਸਦਾ ਇਹ ਪੰਜਾਬੀਆਂ ਦੀ ਰੂਹ ਦਾ ਹਿੱਸਾ ਬਣ ਗਿਆ, ਹਮੇਸ਼ਾ-ਹਮੇਸ਼ਾ ਲਈ। ਸਦੀਆਂ ਬੀਤ ਗਈਆਂ। ਪੰਜਾਬ ਦੀਆਂ ਹੱਦਾਂ ਬਦਲ ਗਈਆਂ। ਲੋਕ ਉਜੜੇ। ਲੋਕ ਵੱਸੇ। ਲੋਕ ਸਰਹੱਦਾਂ ਪਾਰ ਕਰ ਕੇ ਦੂਰ ਦੇਸ਼ਾਂ ਵਿੱਚ ਜਾ ਵੱਸੇ। ਪਰ ਹੀਰ ਪੰਜਾਬੀਆਂ ਦੇ ਦਿਲਾਂ ਵਿੱਚੋਂ ਵਿਦਾ ਨਹੀਂ ਹੋਈ। ਸ਼ਾਇਦ ਇਸੇ ਲਈ ਪੰਜਾਬ ਤੋਂ ਦੂਰ ਬੈਠਾ ਪੰਜਾਬੀ ਵੀ ਜਦੋਂ ਹੀਰ ਸੁਣਦਾ ਹੈ ਤਾਂ ਉਸ ਨੂੰ ਸਿਰਫ਼ ਇੱਕ ਪ੍ਰੇਮ ਕਹਾਣੀ ਨਹੀਂ ਸੁਣਦੀ। ਉਸ ਨੂੰ ਆਪਣੀ ਮਿੱਟੀ ਦੀ ਅਵਾਜ਼ ਸੁਣਦੀ ਹੈ।

ਕਹਿੰਦੇ ਹਨ ‘ਜਾਦੂ ਉਹ, ਜੋ ਸਿਰ ਚੜ੍ਹ ਕੇ ਬੋਲੇ’। ਹੀਰ ਸ਼ਾਇਦ ਅਜਿਹਾ ਹੀ ਜਾਦੂ ਹੈ। ਉਹ ਕਦੇ ਕਾਫ਼ੀ ਬਣ ਕੇ, ਕਦੇ ਲੋਕ-ਗੀਤ ਬਣ ਕੇ, ਕਦੇ ਕਿਸੇ ਬਜ਼ੁਰਗ ਦੀ ਜ਼ਬਾਨ ਤੋਂ ਨਿਕਲੇ ਵਾਕ ਬਣ ਕੇ, ਅੱਜ ਵੀ ਪੰਜਾਬ ਦੀ ਰੂਹ ਤੋਂ ਜ਼ਬਾਨ ਤੱਕ ਪਹੁੰਚਦੀ ਹੈ।

From Waris to Heer ਦੀ ਖ਼ੂਬਸੂਰਤੀ ਇਹ ਹੈ ਕਿ ਹਾਰੂਨ ਖ਼ਾਲਿਦ, ਹੀਰ ਰਾਹੀਂ, ਸਾਨੂੰ ਸਿਰਫ਼ ਵਾਰਿਸ ਸ਼ਾਹ ਤੱਕ ਨਹੀਂ ਲੈ ਜਾਂਦੇ। ਉਹ ਸਾਨੂੰ ਉਸ ਪੰਜਾਬ ਵੱਲ ਮੁੜ ਵੇਖਣ ਲਈ ਕਹਿੰਦੇ ਹਨ, ਜਿਸ ਨਾਲ ਸਾਡੀ ਸਾਂਝ ਤਾਂ ਹੈ, ਪਰ ਜਿਸਨੂੰ ਅਸੀਂ ਡੂੰਘਾਈ ਨਾਲ ਨਹੀਂ ਜਾਣਿਆ। ਇਹ ਕਿਤਾਬ ਪੰਜਾਬ ਨੂੰ ਸਿਰਫ਼ ਇੱਕ ਭੂਗੋਲਿਕ ਖਿੱਤੇ ਵਜੋਂ ਨਹੀਂ, ਸਗੋਂ ਇੱਕ ਸਾਂਝੀ ਯਾਦ, ਸਾਂਝੇ ਵਿਰਸੇ ਅਤੇ ਸਾਂਝੇ ਜਜ਼ਬੇ ਵਜੋਂ ਦੇਖਣ ਦਾ ਇੱਕ ਦਿਲਚਸਪ ਜ਼ਰੀਆ ਬਣ ਸਕਦੀ ਹੈ।

ਜੇ ਕੋਈ ਪੰਜਾਬ ਨੂੰ ਸਿਰਫ਼ ਨਕਸ਼ੇ ਉੱਤੇ ਨਹੀਂ, ਸਗੋਂ ਉਸ ਦੀਆਂ ਕਹਾਣੀਆਂ, ਉਸ ਦੀ ਕਵਿਤਾ, ਉਸ ਦੇ ਦਰਦ ਅਤੇ ਉਸ ਦੇ ਇਸ਼ਕ ਰਾਹੀਂ ਸਮਝਣਾ ਚਾਹੁੰਦਾ ਹੈ, ਤਾਂ From Waris to Heer ਉਸ ਲਈ ਇੱਕ ਖ਼ੂਬਸੂਰਤ ਸ਼ੁਰੂਆਤ ਹੋ ਸਕਦੀ ਹੈ। ਕਿਉਂਕਿ- ਪੰਜਾਬ ਦੀ ਬਾਤ ਹੀਰ ਤੋਂ ਬਿਨਾਂ ਕਦੇ ਵੀ ਮੁਕੰਮਲ ਨਹੀਂ ਹੋ ਸਕਦੀ।

ਚੰਗਾ ਹੋਇਆ ਸੌਂ ਲਿਆ

ਚੰਗਾ ਹੋਇਆ ਰਤਾ ਮੁੜ ਸੌਂ ਲਿਆ
ਕੁਝ ਪਿਆਰੇ ਆਏ ਸਨ
ਜਾਗੋਮੀਟੀ ਵਿਚ.....ਪਿਆਰ ਨਾਲ
ਮੇਰੇ ਆਪਣੇ: ਗੁਨਾਹਗਾਰ-ਜਿਹੇ ਜਣੇ
ਮਾਫ਼ੀ ਜਿਹੀ ਮੰਗਣ ਜਿਵੇਂ
ਤੇ ਮੁਆਫ਼ੀ
ਜਾਗ ਜਿਹੀ ਪਈ ਹੈ

ਕੁਦਰਤ ਨੇ ਜਿਵੇਂ ਜਿਸਨੂੰ ਬਣਾਇਆ
-ਕਿਸੇ ਵਜ੍ਹਾ ਨਾਲ ਹੀ ਤਾਂ?-
ਉਸ ਨੂੰ ਚੰਗਾ-ਮੰਦਾ
ਮੰਨਣ ਵਾਲੇ
ਅਸੀਂ ਕੌਣ ਹਾਂ ਆਖਿਰ?
ਇਹੀ ਨਿੱਕੀ ਜਿਹੀ ਗੱਲ
ਬਾਲ-ਮਨ ਨੂੰ ਵੀ ਸਮਝ ਆ ਗਈ ਹੈ
ਧੰਨਵਾਦ ਓਸ ਸਿਆਣੇ ਸੱਜਣ ਦਾ
ਜਿਸਦੀ ਬੇਮਲੂਮੀ ਛੋਹ, ਮੁਸਕੜੀ
ਕੁਝ ਦਿਨਾਂ ਬਾਅਦ
ਇਹ ਸੁਫ਼ਨਾ ਲੈ ਆਂਦਾ...

ਪੂਨਮ ਸਿੰਘ

ਪੰਛੀ-ਗੀਤਾਂ ਵਿੱਚ ਮਨੁੱਖ-ਭਾਸ਼ਾ ਦੀ ਝਲਕ?

ਡਾ. ਵਿਜੈ ਗਰਗ



ਅਗਲੀ ਵਾਰ ਜਦੋਂ ਸਾਨੂੰ ਆਪਣੀ ਖਿੜਕੀ ਦੇ ਬਾਹਰ ਕਿਸੇ ਪੰਛੀ ਦੇ ਗਾਉਣ ਦੀ ਅਵਾਜ਼ ਆਏ ਤਾਂ ਸਾਨੂੰ ਕੁਝ ਪਲ ਰੁਕ ਕੇ ਉਸ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ। ਅਸੀਂ ਸ਼ਾਇਦ ਉਸਦਾ ਸੁਨੇਹਾ ਨਾ ਸਮਝ ਸਕੀਏ, ਪਰ ਵਿਗਿਆਨ ਇਹ ਲੱਭ ਰਿਹਾ ਹੈ ਕਿ ਉਸਦਾ ਗੀਤ, ਸਿਰਫ਼ ਬੇਤਰਤੀਬ ਅਵਾਜ਼ਾਂ ਦਾ ਜੋੜ ਨਹੀਂ - ਇਸ ਵਿੱਚ ਬਣਤਰ, ਨੇਮ ਅਤੇ ਕੁਝ ਅਜਿਹੇ ਪਛਾਣੇ ਜਾ ਸਕਣ ਵਾਲੇ ਨਮੂਨੇ ਹੋ ਸਕਦੇ ਹਨ ਜੋ ਸਾਨੂੰ ਮਨੁੱਖ ਦੀਆਂ ਸਭ ਤੋਂ ਅਦਭੁਤ ਕਾਬਲੀਅਤਾਂ ਵਿੱਚੋਂ ਇੱਕ—ਅਵਾਜ਼ਾਂ ਨੂੰ ਵਿਓਂਤਣ ਰਾਹੀਂ ਤਾਲਮੇਲ ਕਰਨ- ਦੀ ਯਾਦ ਦਿਵਾਉਂਦੇ ਹਨ।

ਯਾਨੀ, ਪੰਛੀਆਂ ਦੇ ਗੀਤ ਇਹ ਸਾਬਤ ਨਹੀਂ ਕਰਦੇ ਕਿ ਪੰਛੀਆਂ ਕੋਲ ਮਨੁੱਖੀ ਭਾਸ਼ਾ ਹੈ- ਪਰ ਇਹ ਜ਼ਰੂਰ ਕਹਿੰਦੇ ਲੱਗਦੇ ਹਨ ਕਿ ਕੁਦਰਤ ਵਿੱਚ ਪੇਚੀਦਾ ਤਾਲਮੇਲ ਦੀਆਂ ਜੜ੍ਹਾਂ ਸਾਡੀ ਹੁਣ ਤੱਕ ਦੀ ਸੋਚ ਨਾਲੋਂ ਕਿਤੇ ਵੱਧ ਮੌਜੂਦ ਹੋ ਸਕਦੀਆਂ ਹਨ। ਪੰਛੀਆਂ ਦੇ ਗੀਤਾਂ ਵਿੱਚ ਵਿਗਿਆਨੀਆਂ ਨੂੰ ਮਨੁੱਖ-ਭਾਸ਼ਾ ਨਹੀਂ, ਪਰ ਕੁਝ ਉਨ੍ਹਾਂ ਜੱਥੇਬੰਦ ਹੋਏ ਸਿਧਾਂਤਾਂ ਦੀ ਦਿਲਚਸਪ ਝਲਕ ਲੱਭ ਰਹੀ ਹੈ ਜੋ ਭਾਸ਼ਾ ਨੂੰ ਸੰਭਵ ਬਣਾਉਂਦੇ ਹਨ।

ਪੰਛੀਆਂ ਦੇ ਗੀਤ ਮਨੁੱਖਾਂ ਨੂੰ ਚਿਰੋਕਣੇ ਮੋਂਹਦੇ ਆਏ ਹਨ। ਜੰਗਲਾਂ, ਬਗੀਚਿਆਂ ਅਤੇ ਖੇਤਾਂ ਵਿੱਚ ਗੂੰਜਦੀਆਂ ਪੰਛੀਆਂ ਦੀਆਂ ਮਿੱਠੀਆਂ ਧੁਨਾਂ ਕਿਸੇ ਖ਼ਾਸ ਹੀ ਪਿਆਰੀਆਂ ਲੱਗਦੀਆਂ ਹਨ। ਸਦੀਆਂ ਤੋਂ ਮਨੁੱਖ ਇਹ ਸੋਚਦਾ ਆਇਆ ਹੈ ਕਿ ਕੀ ਇਹ ਗੀਤ ਸਿਰਫ਼ ਸਹਿਜ-ਕੁਦਰਤੀ ਅਤੇ ਜਮਾਂਦਰੂ-ਅਨਿੱਖੜ ਪੁਕਾਰਾਂ ਹਨ ਜਾਂ ਇਨ੍ਹਾਂ ਵਿੱਚ ਮਨੁੱਖੀ ਭਾਸ਼ਾ ਦੀ ਬਣਤਰ ਵਾਂਗ ਕੋਈ ਤਰਤੀਬ ਵੀ ਮੌਜੂਦ ਹੈ?

ਜਾਨਵਰਾਂ ਦੇ ਆਪਸੀ-ਤਾਲਮੇਲ ਬਾਰੇ ਹੋ ਰਹੀਆਂ ਨਵੀਆਂ ਖੋਜਾਂ ਨੇ ਸਾਡੇ ਇਸ ਅਣਭੋਲ ਸੁਆਲ ਨੂੰ ਹੋਰ ਵੀ ਦਿਲਚਸਪ ਬਣਾਅ ਦਿੱਤਾ ਹੈ! ਵਿਗਿਆਨੀਆਂ ਨੂੰ ਲੱਭਾ ਹੈ ਕਿ ਪੰਛੀਆਂ ਦੇ ਗੀਤਾਂ ਵਿੱਚ ਕੁਝ ਅਜਿਹੇ ਗਿਣੇ-ਮਿਣੇ ਜਾ ਸਕਣ ਵਾਲੇ ਨਮੂਨੇ ਵੀ ਦਿਸ ਰਹੇ ਹਨ ਜੋ ਮਨੁੱਖ-ਭਾਸ਼ਾ ਦੀਆਂ ਖ਼ਾਸੀਅਤਾਂ ਨਾਲ ਮਿਲਦੇ ਹਨ!

ਵੇਖੋ, ਮਨੁੱਖੀ ਭਾਸ਼ਾ ਸਿਰਫ਼ ਸੁਰਾਂ-ਅਵਾਜ਼ਾਂ ਦਾ ਜੋੜ ਹੀ ਨਹੀਂ ਹੈ! ਸ਼ਬਦ ਅਤੇ ਅਵਾਜ਼ਾਂ ਖਾਸ ਤਰੀਕਿਆਂ ਨਾਲ ਇਕੱਠੀਆਂ ਕੀਤੀਆਂ ਹੁੰਦੀਆਂ ਹਨ- ਅਤੇ ਕੁਝ ਸਿਲਸਿਲੇ ਹੋਰਾਂ ਮੁਕਾਬਲੇ ਵਧੇਰੇ ਪਛਾਣੇ ਜਾ ਸਕਦੇ ਹਨ। ਮਨੁੱਖ-ਭਾਸ਼ਾਵਾਂ ਵਿੱਚ ਸ਼ਬਦਾਂ, ਧੁਨੀਆਂ ਦੀ ਬਣਤਰ ਅਤੇ ਦੁਹਰਾਅ ਨੂੰ ਕੁਝ ਅੰਕੜਿਆਂ ਵਿਚ ਮਿਣਿਆ ਜਾ ਸਕਦਾ ਹੈ। ਜ਼ਿਪਫ਼ ਦਾ ਨਿਯਮ (Zipf's Law) ਕਹਿੰਦਾ ਹੈ- 'ਕੁਝ ਕੁ ਸ਼ਬਦ ਬਹੁਤੀ ਵਾਰ ਵਰਤੇ ਜਾਂਦੇ ਹਨ, ਬਹੁਤ ਸਾਰੇ ਸ਼ਬਦ ਬਹੁਤ ਘੱਟ ਵਰਤੇ ਜਾਂਦੇ ਹਨ।'

ਪੰਛੀਆਂ ਦੇ ਗੀਤਾਂ ਦਾ ਅਧਿਐਨ ਕਰਨ ਵਾਲੇ ਖੋਜੀਆਂ ਨੂੰ ਲੱਭਾ ਹੈ ਕਿ ਇਹ ਨੇਮ ਇੱਥੇ ਵੀ ਕਿਸ ਤਰ੍ਹਾਂ ਕੰਮ ਕਰਦਾ ਹੈ!

ਪੰਛੀਆਂ ਦੇ ਗੀਤ ਵਿਗਿਆਨਕ ਖੋਜ ਲਈ ਇਸ ਲਈ ਵੀ ਮਹੱਤਵਪੂਰਨ ਹਨ ਕਿ: ਕਈ ਪੰਛੀ ਆਪਣੀਆਂ ਅਵਾਜ਼ਾਂ ਬਾਕਾਇਦਾ ਸਿੱਖਦੇ ਅਤੇ ਮੁੜ ਪੈਦਾ ਕਰਦੇ ਦਿਸਦੇ ਹਨ- ਜਿਸ ਬਾਰੇ ਵਿਗਿਆਨਕ ਤਜਰਬੇ ਵਾਂਗ ਅਧਿਐਨ ਕੀਤਾ ਜਾ ਸਕਦਾ ਹੈ। ਜਿਵੇਂ, ਕਈ ਗਾਉਂਦੇ-ਪੰਛੀਆਂ (ਬੁਲਬੁਲਾਂ, ਕੋਇਲਾਂ ਵਰਗੇ) ਦੀਆਂ ਨੌਜਵਾਨ ਪੀੜ੍ਹੀਆਂ ਆਪਣੇ ਵੱਡਿਆਂ ਤੋਂ ਗੀਤ ਦੇ ਕੁਝ ਹਿੱਸੇ ਸਿੱਖਦੀਆਂ ਹਨ। ਕੁਝ ਹੱਦ ਤੱਕ ਉਸੇ ਤਰ੍ਹਾਂ ਜਿਵੇਂ ਮਨੁੱਖ-ਬੱਚੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਸੁਣ ਸੁਣ ਕੇ ਭਾਸ਼ਾ ਸਿੱਖਦੇ ਹਨ। ਸੋ, ਪੰਛੀਆਂ ਵੱਲੋਂ ਆਪਣੇ ਗੀਤ ਸਿੱਖਣ ਦਾ ਸਿਲਸਿਲਾ ਸਿੱਖਣ, ਯਾਦ ਰੱਖਣ, ਨਕਲ ਕਰਨ ਅਤੇ ਆਪਸੀ-ਤਾਲਮੇਲ ਨੂੰ ਸਮਝਣ ਲਈ ਇੱਕ ਅਹਿਮ ਨਮੂਨਾ ਬਣ ਗਿਆ ਹੈ।

ਕੁਦਰਤ ਦੇ ਸਾਰੇ ਜੀਵਾਂ ਦੀਆਂ ਕਿਸਮਾਂ ਵਿਚ ਹੀ, ਇੱਕ ਆਪਸੀ-ਤਾਲਮੇਲ ਆਮ ਵਿਖਦਾ ਹੈ! (ਬਨਸਪਤੀ ਵਿਚ ਵੀ!) ਇੱਕ ਆਪਸੀ-ਤਾਲਮੇਲ ਅਤੇ ਭਾਸ਼ਾਈ-ਤਾਲਮੇਲ ਵਿਚ ਕੀ ਫ਼ਰਕ ਹੁੰਦਾ ਹੈ, ਇਹ ਸਮਝਣ ਵਿਚ ਵੀ ਪੰਛੀਆਂ ਦੇ ਗੀਤ ਮਦਦ ਕਰ ਰਹੇ ਹਨ-

ਮਧੂਮੱਖੀਆਂ ਆਪਣੇ ਨਾਚ ਰਾਹੀਂ ਖ਼ੁਰਾਕ ਦੇ ਸਰੋਤਾਂ ਬਾਰੇ ਜਾਣਕਾਰੀ ਦਿੰਦੀਆਂ ਹਨ; ਵ੍ਹੇਲ ਮੱਛੀਆਂ ਆਪਣੀਆਂ ਪੇਚੀਦਾ-ਅਵਾਜ਼ਾਂ ਨਾਲ ਆਪਸੀ ਤਾਲਮੇਲ ਰੱਖਦੀਆਂ ਹਨ; ਥਣਧਾਰੀ ਜੀਵ (ਜੋ ਕਿ ਵੱਡੇ ਦਿਮਾਗ, ਅੰਗੂਠੇ ਦੀ ਮਦਦ ਨਾਲ ਕੁਝ ਫੜਨ ਵਿਚ ਮਦਦ ਲੈਣ, ਅੱਗੇ ਨੂੰ ਵੇਖਦੀਆਂ ਅੱਖਾਂ ਦੀ ਖ਼ਾਸੀਅਤ ਰੱਖਦੇ ਹੁੰਦੇ ਹਨ- ਜਿਵੇਂ ਵਾਨਰ, ਮਨੁੱਖ ਅਤੇ ਅਜਿਹੀਆਂ ਕੁਝ ਕਿਸਮਾਂ- ਸੰ.) ਹਾਵ-ਭਾਵਾਂ ਦੀ ਵਰਤੋਂ ਵੀ ਕਰਦੀਆਂ ਹਨ); ਪੰਛੀ ਆਪਣੇ ਕਾਮ-ਸਾਥੀ ਦਾ ਧਿਆਨ ਖਿੱਚਣ, ਆਪਣੇ ਖੇਤਰ ਦੀ ਰੱਖਿਆ ਕਰਨ, ਖ਼ਤਰੇ ਦੀ ਚੇਤਾਵਨੀ

ਦੇਣ ਜਾਂ ਸਮਾਜਕ ਤਾਲਮੇਲ ਬਣਾਈ ਰੱਖਣ ਲਈ ਵੱਖੋ-ਵੱਖਰੀਆਂ ਸੁਰਾਂ, ਅਵਾਜ਼ਾਂ ਵਰਤਦੇ ਹਨ। (ਇਨਸਾਨ ਅਤੇ ਹੋਰ ਜੀਵ, ਜੰਗਲ ਵਿਚ ਪੰਛੀਆਂ ਦੇ ਗਾਉਣ ਤੋਂ, ਕੋਈ ਖਤਰਾ ਨਾ ਹੋਣ ਦਾ ਸੁਨੇਹਾ ਲੈਂਦੇ ਆਏ ਹਨ)।

ਮਨੁੱਖ-ਭਾਸ਼ਾ ਸਾਡੇ ਆਪਸੀ ਤਾਲਮੇਲ: ਚਿੰਨ੍ਹਾਂ, ਪ੍ਰਤੀਕਾਂ, ਹਾਵ ਭਾਵਾਂ ਅਤੇ ਨਿਰਾਲੀ ਰਚਨਾਤਮਕਤਾ ਰਾਹੀਂ ਜੋੜੇ ਸ਼ਬਦਾਂ ਦੇ ਜੋੜ ਨਾਲ ਬਣਦੀ ਹੈ। ਭਾਸ਼ਾ ਦੇ ਥੋੜ੍ਹੇ ਜਿਹੇ ਤੱਤਾਂ ਨੂੰ ਵੀ, ਅਣਗਿਣਤ ਤਰੀਕਿਆਂ ਨਾਲ ਜੋੜ ਜੋੜ, ਨਵੇਂ ਨਵੇਂ ਅਰਥ ਪੈਦਾ ਕੀਤੇ ਜਾਂਦੇ ਹਨ! ਇਹ ਸਮਰੱਥਾ ਮਨੁੱਖੀ ਭਾਸ਼ਾ ਨੂੰ ਬੇਹੱਦ ਸ਼ਕਤੀਸ਼ਾਲੀ ਬਣਾਉਂਦੀ ਹੈ।

ਫਿਰ ਵੀ, ਹੁਣ, ਪੰਛੀਆਂ ਦੇ ਗੀਤਾਂ ਵਿੱਚ ਵੀ ਭਾਸ਼ਾ-ਵਰਗੇ ਹੀ ਗਿਣਨ-ਮਿਨਣ-ਪਛਾਨਣ ਵਿਚ ਆ ਸਕਣ ਵਾਲੇ ਨਮੂਨੇ ਲੱਭ ਪੈਣ ਕਰਕੇ, ਇਹ ਵਿਗਿਆਨਕ ਪੱਖੋਂ ਬਹੁਤ ਮਹੱਤਵਪੂਰਨ ਸਮਝੀ ਜਾ ਰਹੀ ਹੈ। ਪਤਾ ਲੱਗਦਾ ਹੈ ਕਿ ਵਿਓਂਤਬੱਧ ਤਾਲਮੇਲ ਸ਼ਾਇਦ ਸਿਰਫ਼ ਮਨੁੱਖਾਂ ਤੱਕ ਸੀਮਤ ਨਹੀਂ। ਸਿਲਸਿਲੇ ਸਿੱਖਣੇ, ਧੁਨੀਆਂ ਨੂੰ ਖ਼ਾਸ ਸਾਧ ਸਾਧ ਕੇ- ਇਹ ਕੁਝ ਅਜਿਹੇ ਬੁਨਿਆਦੀ ਗੁਣ ਹਨ ਜਿਹੜੇ ਕੁਝ ਜੀਵਾਂ ਵਿੱਚ ਵੀ ਵਾਹਵਾ-ਬਣੇ-ਹੋਏ ਹੋ ਸਕਦੇ ਹਨ - ਉਹ ਜੀਵ ਜਿਨ੍ਹਾਂ ਜਿਨ੍ਹਾਂ ਨੂੰ ਅਜਿਹੇ ਪੇਚੀਦਾ ਇਸ਼ਾਰਿਆਂ ਨੂੰ ਸਿੱਖਣ ਅਤੇ ਪੈਦਾ ਕਰਨ ਦੀ ਲੋੜ ਪੈਂਦੀ ਹੈ।

ਪੰਛੀਆਂ ਦੇ ਗੀਤ ਮਨੁੱਖ-ਬੋਲੀ ਦੇ ਬਣਨ ਦੀਆਂ ਬੁਨਿਆਦਾਂ ਨੂੰ ਸਮਝਣ ਵਿੱਚ ਵੀ ਵਿਗਿਆਨੀਆਂ ਦੀ ਮਦਦ ਕਰ ਸਕਦੇ ਹਨ। ਗਾਉਣ ਵਾਲੇ ਪੰਛੀਆਂ ਵਿੱਚ ਧੁਨੀਆਂ ਨੂੰ ਸਿੱਖਣ ਅਤੇ ਪੈਦਾ ਕਰਨ ਨਾਲ ਜੁੜੇ ਦਿਮਾਗੀ ਤੰਤਰ ਦੇ ਪੇਚੀਦਾ ਸਿਲਸਿਲਿਆਂ ਨੂੰ ਯੰਤਰਾਂ ਰਾਹੀਂ ਵੀ ਵੇਖਣਾ-ਸਮਝਣਾ-ਮਾਪਣਾ- ਇਹ, ਮਨੁੱਖ ਬਾਰੇ ਹੋ ਰਹੇ ਅਜਿਹੇ ਹੀ ਅਧਿਐਨ ਲਈ ਵੀ ਮਹੱਤਵਪੂਰਨ ਮਾਡਲ ਹਨ। ਖੋਜੀ ਇਹ ਵੇਖਣ-ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਧੁਨੀਆਂ ਸਿੱਖਣ ਨਾਲ ਦਿਮਾਗੀ ਤੰਤਰ ਕਿਸ ਕਿਸ ਤਰ੍ਹਾਂ ਬਦਲਦਾ ਰਹਿੰਦਾ ਹੈ ਅਤੇ ਕਿਵੇਂ ਦਿਮਾਗ ਸਿੱਖੇ ਹੋਏ ਕੁਝ ਨਮੂਨਿਆਂ ਨੂੰ ਯਾਦ ਰੱਖਦਾ ਹੈ, ਸਾਂਭਦਾ ਅਤੇ ਦੁਬਾਰਾ ਪੇਸ਼ ਕਰਦਾ ਹੈ।

ਪੰਛੀ-ਗਾਉਣ- ਇਹ ਕੁੱਲ ਜ਼ਿੰਦਗੀ ਦੇ ਸ਼ੁਰੂਆਤ ਤੋਂ ਬਨਣ-ਵਧਣ-ਫੁੱਲਣ ਬਾਰੇ ਇੱਕ ਸਵਾਲ ਨਾਲ ਵੀ ਜੁੜਿਆ ਹੋਇਆ ਹੈ: ਕੀ ਪੰਛੀਆਂ ਦੇ ਗੀਤਾਂ ਅਤੇ ਮਨੁੱਖੀ ਭਾਸ਼ਾ ਵਿਚਕਾਰ ਇਹ ਮਿਲਦੇ-ਜੁਲਦੇ ਗੁਣ, ਸਾਡੇ ਦੋਹਾਂ ਦਰਮਿਆਨ ਕਿਸੇ ਸਾਂਝੇ ਜੈਵਿਕ-ਨੇਮ ਕਰਕੇ ਪੈਦਾ ਹੋਏ ਹਨ ਜਾਂ ਕਿ ਵੱਖ-ਵੱਖ ਜੀਵ-ਕਿਸਮਾਂ ਨੇ ਪੇਚੀਦਾ ਸੁਰ-ਤਾਲਮੇਲ ਸਿੱਖਣ ਦੀ ਚੁਣੌਤੀ ਦਾ ਮੁਕਾਬਲਾ ਆਪਣੀ ਆਪਣੀ ਤੌਰ ’ਤੇ ਕੁਝ ਮਿਲਦੇ-ਜੁਲਦੇ ਹਲ ਪੈਦਾ ਕਰਨ ਨਾਲ ਕੀਤਾ? ਆਖਿਰਕਾਰ- ਪੰਛੀਆਂ ਅਤੇ ਮਨੁੱਖਾਂ ਵਿਚਕਾਰ ਬਣਨ-ਵਧਣ-ਫੁੱਲਣ ਦੀ ਸਮੇਂ-ਕਾਲ ਪੱਖੋਂ ਦੂਰੀ ਬਹੁਤ ਹੀ ਜ਼ਿਆਦਾ ਹੈ। ਇਸੇ ਲਈ, ਸਾਡੀਆਂ ਦੋਹਾਂ ਕਿਸਮਾਂ ਦੇ ਤਾਲਮੇਲ ਦੇ ਸਿਲਸਿਲਿਆਂ ਵਿਚ ਲੱਭਦੇ ਕੁਝ ਇੱਕੋ-ਜਿਹੇਪੁਣੇ, ਵਿਗਿਆਨ ਲਈ, ਖ਼ਾਸ ਦਿਲਚਸਪ ਹਨ।

ਇਸ ਦਾ ਅਰਥ ਇਹ ਨਹੀਂ ਹੈ ਕਿ ਪੰਛੀ ਗੁਪਤ ਰੂਪ ਵਿੱਚ ਮਨੁੱਖੀ ਭਾਸ਼ਾਵਾਂ ਹੀ ਬੋਲ ਰਹੇ ਹਨ! ਸ਼ਾਇਦ ਇਸ ਤੋਂ ਵੀ ਵੱਧ ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਦਾ ਤਹਿਦਾਰ ਤਾਲਮੇਲ ਸਾਡੇ ਵਾਂਗ ਹੀ- ਸਿੱਖਣ, ਬੁੱਝਣ, ਦੁਹਰਾਉਣ ਅਤੇ ਵਿਓਂਤਣ ਵਰਗੇ ਸਾਂਝੇ ਸਿਧਾਂਤਾਂ- ਕਰਕੇ ਹੋ ਰਿਹਾ ਹੋ ਸਕਦਾ ਹੈ। ਇਓਂ, ਪੰਛੀਆਂ ਦੇ ਗੀਤ, ਤਾਲਮੇਲ ਵਿਗਿਆਨ ਨੂੰ ਸਮਝਣ ਲਈ ਇੱਕ ਦਿਲਚਸਪ ਖਿੜਕੀ ਖੋਲ੍ਹ ਰਹੇ ਹਨ। ਜੋ ਧੁਨ ਸਾਡੇ ਕੰਨਾਂ ਨੂੰ ਆਮ-ਸਧਾਰਨ ਲੱਗ ਸਕਦੀ ਹੈ, ਉਸ ਵਿੱਚ ਕੁਝ ਅਜਿਹੇ ਗੁੰਝਲਦਾਰ ਨਮੂਨੇ ਹੋ ਸਕਦੇ ਹਨ ਜਿਨ੍ਹਾਂ ਦਾ ਕਿ ਵਿਗਿਆਨੀ ਵਿਸ਼ਲੇਸ਼ਣ ਕਰ ਸਕਦੇ ਹਨ - ਅੰਕੜਿਆਂ ਵਿਚ ਅਤੇ ਭਾਸ਼ਾ ਦੇ ਹੀ ਤਰੀਕਿਆਂ ਨਾਲ- ।

ਮਹਿਜ਼ ਸੁੰਦਰ ਸੁਰਾਂ ਵਿਚ ਲੱਭਦੇ ਸਿਲਸਿਲੇ, ਅਸਲ ਵਿੱਚ, ਸਿੱਖਣ ਸਿਖਾਉਣ ਲਈ ਅਤੇ ਫ਼ੌਰੀ ਤੌਰ ’ਤੇ ਸਿਰ ’ਤੇ ਆਏ ਔਖੇ ਸਮੇਂ ਲਈ ਦਿੱਤੇ ਜਾ ਰਹੇ ਸੁਨੇਹਿਆਂ ਦੇ ਉੱਚ-ਪੱਧਰੀ ਕਾਰਜ ਦਰਸਾਉਂਦੇ ਹੋ ਸਕਦੇ ਹਨ। 9465682110

ਖ਼ਬਰ: *ਇਸੇ ਸਾਲ, 2026 ਵਿਚ, ਫ੍ਰਾਂਸ ਦੇ ਕੁਝ ਵਿਗਿਆਨੀਆਂ ਨੇ ਕਿਹਾ ਹੈ ਕਿ ਉਨ੍ਹਾਂ AI ਯਾਨੀ ਬਨਾਵਟੀ ਬੁੱਧੀਮਾਣਤਾ ਦੀ ਮਦਦ ਨਾਲ, ਪੰਛੀਆਂ ਦੇ ਗੀਤਾਂ ਦੀਆਂ, ਦੁਨੀਆ ਭਰ ਵਿਚੋਂ, ਮੰਨਣ ਵਿਚ ਨਾ ਆਉਣ ਵਾਲੀਆਂ ਵੱਖਰਤਾਈਆਂ ਵਿੱਚੋਂ ਬੁਨਿਆਦੀ-ਸਾਂਝੇ-ਅੰਗ ਲੱਭੇ ਹਨ! 3000 ਕਿਸਮਾਂ ਦੇ ਪੰਛੀਆਂ ਦੇ 1 ਲੱਖ ਗੀਤਾਂ ਨੂੰ ਘੋਖਿਆ ਗਿਆ ਅਤੇ ਪਤਾ ਲੱਗਾ ਕਿ ਇਹ ਤਾਂ ਸਿਰਫ਼ ਅੱਠ ਬੁਨਿਆਦੀ ਅਵਾਜ਼ਾਂ ਦੇ ਹੀ ਬਣੇ ਹਨ, ਜਿਨ੍ਹਾਂ ਨੂੰ ਇਨ੍ਹਾਂ ਖੋਜੀਆਂ “ਮੋਟਿਫ਼” ਯਾਨੀ ਨਮੂਨੇ ਸੱਦਿਆ ਹੈ। ਹਰੇਕ ਗੀਤ ਹੀ, ਇਨ੍ਹਾਂ ਅੱਠਾਂ ਦੇ ਮੇਲ ਨਾਲ ਬਣਿਆ ਹੈ- ਭਾਵੇਂ ਇਹ ਸ਼ੀਟੀ ਵਰਗੀ ਅਵਾਜ਼, ਬੇਪਛਾਣ ਜਾਪਦਾ ਰੌਲਾ ਜਾਂ ਆਵਾਜ਼ ਦੀ ਕੰਬ-ਕੰਬਾਉਂਦੀ ਚੀਕ ਹੀ ਕਿਉਂ ਨਾ ਹੋਏ। ਇਹ ਦੁਨੀਆ ਦਾ ਸਭ ਤੋਂ ਵੱਧ ਅਗਾਂਹ ਦਾ ਅਵਾਜ਼ੀ-ਤਾਲਮੇਲ ਹੈ। ਇਹ ਅੱਠ ਨਮੂਨੇ ਇਹ ਹਨ: ਤਿੰਨ ਕਿਸਮਾਂ ਦੇ ਕੰਬਕੰਬਾਅ, ਤਿੰਨ ਕਿਸਮ ਦੀਆਂ ਸੀਟ੍ਹੀਆਂ, ਰੌਲੇ ਵਾਲੇ ਸੁਰ ਅਤੇ ਮਿੱਠੀਆਂ ਸੰਗੀਤਕ ਧੁਨਾਂ। ਟੀਮ ਦਾ ਮੁੱਖ ਖੋਜੀ, University of Saint-Etienne ਦਾ PhD ਕਰ ਰਹੇ Quentin Bacquelé ਇਓਂ ਸਮਝਾਉਂਦੇ ਹਨ:*

“ਵੱਖਰਤਾਈ ਤਾਂ ਹੱਦੋਂ ਵੱਡੀ ਹੈ। ਅਤੇ ਜੇ ਤੁਸੀਂ ਏਸ਼ੀਆ, ਅਫ਼ੀਕਾ, ਐਮੇਜ਼ੋਨੀਆ ਜਾਓਗੇ, ਤੁਹਾਨੂੰ ਬਿਲਕੁਲ ਹੀ ਵੱਖੋ ਵੱਖਰਾ ਗਾਉਣ ਸੁਣੇਗਾ।”

ਉਹ ਅਤੇ ਉਨ੍ਹਾਂ ਦੇ ਸਾਥੀਆਂ ਪੰਛੀ-ਗਾਉਣ ਦਾ ਸਾਰੀ ਭੁਗੋਲੀ ਡਾਟਾ ਲਿਆ - ਹਜ਼ਾਰਾਂ ਵਲੰਟੀਅਰਾਂ ਵੱਲੋਂ ਰਿਕਾਰਡ ਕੀਤਾ। AI ਦੀ ਮਦਦ ਨਾਲ 3000 ਤੋਂ ਵੱਧ ਪੰਛੀਆਂ ਦੀਆਂ ਕੋਈ 1 ਲੱਖ 16 ਹਜ਼ਾਰ ਸੰਗੀਤਕ ਅਵਾਜ਼ਾਂ ਦਾ ਵਿਸ਼ਲੇਸ਼ਣ ਕੀਤਾ। ਲੱਭਾ ਕਿ ਹਰ ਆਲੇ ਦੁਆਲੇ ਵਿਚ ਉਨ੍ਹਾਂ ਦੀ ਲੋੜ ਮੁਤਾਬਕ ਹੀ ਇਹ ਗੀਤ ਘੜੇ ਹਨ! ਸੋਚੋ, ਉਨ੍ਹਾਂ ਨੂੰ ਆਪਣੇ ਖ਼ਾਸ ਦ੍ਰਖਤ ਨਾ ਲੱਭੇ ਤਾਂ ਇਹ ਗੀਤ ਕਿੱਥੇ ਜਾਣਗੇ?

(SCIENCE ਰਸਾਲੇ ਤੋਂ)

https://youtu.be/yG9h84J2JzE:
ਸੁਣੋ ਕੋਇਲ ਦੀ ਅਵਾਜ਼: KARAN GAMBHIR

ਸਮਾਧ ਤੇ ਪੀਰ ਸਬਾਕ, ਲੋਕਾਂ ਨਾਲ ਮੇਰੀ ਪਹਿਲੀ ਛੂਹ ਦੇ ਦਾਤੇ
-ਅਗਸਤ 1936 ਤੱਕ-

ਗੁਰਦੁਆਰਾ ਨਨਕਾਣਾ ਸਾਹਿਬ ਨੇ ਆਪਣੇ ਮਾਸਕ-ਪੱਤਰ "ਗੁਰੂ ਨਾਨਕ ਦਰਸ਼ਨ" ਨੂੰ ਮੇਰੇ ਖਿਲਾਫ਼ ਲਿਖਣੋਂ ਵਰਜ ਦਿੱਤਾ। ਇਹ ਫ਼ੈਸਲਾ ਗੁਰਦੁਆਰੇ ਦੇ ਸੁਹਿਰਦ ਪ੍ਰਬੰਧਕ ਸਰਦਾਰ ਬਹਾਦਰ ਸਰਦਾਰ ਮਹਿਤਾਬ ਸਿੰਘ ਜੀ ਦਾ ਸੀ, ਪਰ ਮੇਰੇ ਨਾਲ ਬੜੇ ਨਾਰਾਜ਼ ਸੰਪਾਦਕ ਸਾਹਬ ਨੇ ਨੌਕਰੀ ਛੱਡ ਕੇ ਮੇਰੇ ਖਿਲਾਫ਼ ਮੁਹਿੰਮ ਅਗੇ ਨਾਲੋਂ ਵੀ ਵਧੇਰੇ ਗਰਮ ਕਰ ਦਿੱਤੀ। ਗੁਰਦੁਆਰਾ ਪੰਜਾ ਸਾਹਿਬ ਨੇ ਮੈਨੂੰ ਸਿਰੋਪਾ ਦੇ ਦਿੱਤਾ, ਪਰ ਹੋਰ *ਅਨੇਕਾਂ ਗੁਰਦੁਆਰਿਆਂ ਵਿਚ ਮੇਰੇ ਖਿਲਾਫ਼ ਗੁਰਮਤੇ ਪਾਸ ਹੋ ਗਏ*, ਤੇ ਕਈਆਂ ਤੋਂ ਇਹ ਆਵਾਜ਼ ਵੀ ਉਠੀ ਕਿ ਇੱਕ ਨਾਸਤਕ ਨੂੰ ਗੁਰੂ-ਘਰ ਦੀ ਜ਼ਮੀਨ ਉਤੇ ਕੋਈ ਅਧਿਕਾਰ ਨਹੀਂ ਮਿਲਣਾ ਚਾਹੀਦਾ। ਪਰ ਸਮਾਧ ਕਮੇਟੀ ਦੇ ਪ੍ਰਧਾਨ ਸਰਦਾਰ ਸਾਹਿਬ ਸਰਦਾਰ ਕਿਰਪਾਲ ਸਿੰਘ ਨੇ, ਸ਼ਾਇਦ ਮਸ਼ੀਨੀ ਖੇਤੀ ਉਤੇ ਮੇਰੇ ਸਾਰੇ ਸਰਮਾਏ ਦੀ ਖੱਪਤ ਦੇ ਖਿਆਲੋਂ, ਮੈਨੂੰ ਯਕੀਨ ਦੁਆਇਆ ਕਿ ਉਹ ਓਥੋਂ ਮੇਰਾ ਚਲੇ ਜਾਣਾ ਬਿਲਕੁਲ ਪਸੰਦ ਨਹੀਂ ਕਰਨਗੇ, ਤੇ ਮੇਰੇ ਉਥੇ ਰਹਿਣ ਦੇ ਹੱਕ ਵਿਚ ਜੋ ਕੁਝ ਵੀ ਕਰਨਾ ਲੋੜੀਂਦਾ ਹੋਇਆ, ਕਰਨਗੇ।

ਪਰ ਪੈਰੋ-ਪੈਰ ਵਧਦੀ ਧਾਰਮਕ ਵਿਰੋਧਤਾ ਦੇ ਰੂਬਰੂ ਮੇਰਾ (ਮੇਰੇ) ਉਪਰਲਾ ਯਕੀਨ ਡੋਲਣੋਂ ਰਹਿ ਨਾ ਸਕਿਆ। ਤੇ ਇਹੋ ਜਿਹੇ ਸਮੇਂ, ਜਦੋਂ ਆਪ ਮੈਂ ਕੋਈ ਫ਼ੈਸਲਾ ਨਾ ਕਰ ਸਕਾਂ, ਮੇਰੀ ਆਦਤ ਕਿਸੇ ਕੋਲੋਂ ਪੁਛਣ ਦੀ ਨਹੀਂ। ਇਕਾਂਤ, ਜਾਂ ਵਗਦੇ ਪਾਣੀਆਂ, ਜਾਂ ਚੜ੍ਹਦੇ ਸੂਰਜ, ਜਾਂ ਡੁੱਬਦੇ ਸੂਰਜ ਕੋਲ ਮੈਂ ਆਪਣਾ ਦਿਲ ਰਖ ਦਿਆ ਕਰਦਾ ਹਾਂ। ਓਸ ਸਮੇਂ ਭਾਵੇਂ *ਸ੍ਰਿਸ਼ਟੀ ਦੀ ਇੱਕ-ਜਾਨਤਾ ਵਿਚ* ਮੇਰਾ ਭਰੋਸਾ ਅੱਜ ਵਰਗਾ ਸਪਸ਼ਟ ਨਹੀਂ ਸੀ, ਤਾਂ ਵੀ ਵਗਦੇ ਪਾਣੀਆਂ ਤੇ ਚੜ੍ਹਦੇ ਜਾਂ ਡੁੱਬਦੇ ਸੂਰਜ ਨਾਲੋਂ ਮੇਰਾ ਰਿਸ਼ਤਾ ਦੇਰ ਤੋਂ ਬੜੀ ਨੇੜਤਾ ਦਾ ਰਿਹਾ ਹੈ। ਇਹਨਾਂ ਵਿੱਚ ਕੋਈ ਭਾਗ ਮੈਨੂੰ ਜਾਪਦੈ ਜਿਹੜਾ ਮੇਰੇ ਭਾਗਾਂ ਵਿਚ ਦਿਲਚਸਪੀ ਰਖਦਾ ਹੈ। ਵਿਗਿਆਨਕ ਹਕੀਕਤ ਇਹ ਹੋਵੇ ਨਾ ਹੋਵੇ, ਮੇਰੇ ਲਈ ਇਹ ਜਜ਼ਬਾਤੀ ਹਕੀਕਤ ਹੋਣ ਕਰਕੇ ਇਹਦਾ ਅਸਰ ਅਮੋੜ ਹੁੰਦਾ ਹੈ।

ਦੂਜੀ ਸਵੇਰ, ਦੁਚਿਤੀ ਵਿਚ ਹੌਲੇ ਹੌਲੇ ਪੈਰ ਪੁੱਟਦਾ, ਮੈਂ ਕਾਬਲ ਦਰਿਆ ਦੇ ਕੰਢੇ ਧਰਤੀ 'ਚੋਂ ਮਲ੍ਹਕੜੇ ਉਠਦੇ ਸੂਰਜ ਨੂੰ ਪਰਨਾਮ ਕਰ ਰਿਹਾ ਸਾਂ ਤੇ ਫੇਰ ਇੱਕ ਵੱਡੀ ਟਾਹਲੀ ਦੇ ਮੁੱਖ ਬੈਠਾ ਕਦੇ ਸੂਰਜ ਭਗਵਾਨ ਤੇ ਕਦੇ ਖ੍ਵਾਜਾ ਖਿਜ਼ਰ ਕੋਲੋਂ ਮੈਂ ਉਹਨਾਂ ਦਾ ਮਸ਼ਵਰਾ ਮੰਗ ਰਿਹਾ ਸਾਂ।

ਅੱਧਾ ਘੰਟਾ ਮਸਾਂ ਗੁਜ਼ਰਿਆ ਹੋਵੇਗਾ ਕਿ ਤਿੱਖੇ ਤਿੱਖੇ ਪੈਰ ਪੁੱਟਦਾ ਮੈਂ ਘਰ ਵੱਲ ਮੁੜਿਆ ਜਾ ਰਿਹਾ ਸਾਂ। ਕੋਈ ਮੁਸ਼ਕਲ ਏਡੀ ਮੁਸ਼ਕਲ ਨਹੀਂ ਹੁੰਦੀ, ਜੇਡੀ ਦੁਚਿਤੀ ਹੁੰਦੀ ਹੈ। ਘਬਰਾਹਟ ਵੀ ਸਾਰੀ ਦੁਚਿਤੀ ਵਿਚ ਹੀ ਹੁੰਦੀ ਹੈ। ਜਦੋਂ ਚਿਤ ਇੱਕ ਹੋ ਗਿਆ, ਓਦੋਂ ਹੀ ਅਗਲੇ ਕਦਮ ਦਾ ਨਿਰਣਾ ਹੋ ਗਿਆ, ਇੱਕਦਮ ਰਾਹ ਦਿੱਸਣ ਲੱਗ ਪੈਂਦਾ ਹੈ, ਤੇ ਨਵੇਂ ਮਾਰਗ ਦਾ ਉਤਸ਼ਾਹ ਸਾਡੇ ਅੰਦਰ ਨਵੀਆਂ ਸ਼ਕਤੀਆਂ ਸੁਰਜੀਤ ਕਰ ਦੇਂਦਾ ਹੈ। ਓਦੋਂ ਸਾਡੇ ਬੱਚੇ ਤਾਂ ਸਲਾਹ ਦੇਣ ਦੀ ਉਮਰ ਨਾਲੋਂ ਛੋਟੇ ਸਨ। ਪਤਨੀ ਨੂੰ ਜਦੋਂ ਮੈਂ ਆਪਣਾ ਫ਼ੈਸਲਾ ਦੱਸਿਆ ਕਿ ਸਾਨੂੰ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਏਥੋਂ ਚਲੇ ਜਾਣਾ ਚਾਹੀਦਾ ਹੈ, ਤਾਂ ਉਸ ਨੇ ਮਾਇਕ ਅਵਸਥਾ ਵਲ ਇਸ਼ਾਰਾ ਕੀਤਾ ਕਿ ਸਾਡਾ ਸਰਮਾਇਆ ਮਸ਼ੀਨੀ ਖੇਤੀਬਾੜੀ ਤੇ ਕੱਚੇ ਮਕਾਨਾਂ ਦੀ ਉਸਾਰੀ ਉਤੇ ਲੱਗਾ ਹੋਇਆ ਹੈ, ਤੇ ਏਥੋਂ ਲਾਹੌਰ ਸ਼ਹਿਰ ਵਰਗੀ ਥਾਂ ਜਾ ਕੇ ਪੈਰ ਜਮਾਣ ਲਈ ਬੜਾ ਹੋਰ ਖਰਚ ਕਰਨਾ ਪਵੇਗਾ।

"ਇਹ ਸਾਰੀਆਂ ਹੀ ਗੱਲਾਂ ਮੈਂ ਸੋਚ ਲਈਆਂ ਹਨ। ਪਰ ਸਾਡਾ ਏਥੋਂ ਹੁਣ ਚਲੇ ਜਾਣਾ ਹੀ ਠੀਕ ਹੈ। ਗੁਰਦੁਆਰਿਆਂ ਤੋਂ ਮੈਨੂੰ 'ਸੋਧ ਕੱਢਣ' ਦੀਆਂ ਆਵਾਜ਼ਾਂ ਉਠ ਖਲੋਤੀਆਂ ਹਨ, ਤੇ ਅਸੀਂ ਗੁਰੂ ਘਰ ਦੀ ਜ਼ਮੀਨ ਉਤੇ ਬੈਠੇ ਰਹੇ ਤਾਂ ਦਿਨੋ ਦਿਨ ਸਾਡੇ ਖਿਲਾਫ਼ ਨਾਰਾਜ਼ਗੀ ਦੇ ਛੁਟ ਈਰਖਾ ਵੀ ਪੈਦਾ ਹੋ ਜਾਏਗੀ, ਜਿਹੜੀ ਬੜੀ ਖਤਰਨਾਕ ਵੀ ਸਾਬਤ ਹੋ ਸਕਦੀ ਹੈ।"

ਮਾਇਕ ਨੁਕਸਾਨ ਕਦੇ ਮੇਰੀ ਵੱਡੀ ਚਿੰਤਾ ਨਹੀਂ ਬਣੇ। ਕਈ ਕਦਮ ਮੈਂ ਜ਼ਿੰਦਗੀ ਵਿਚ ਇਹੋ ਜਿਹੇ ਵੀ ਚੁੱਕੇ ਹਨ ਕਿ ਉਦੋਂ ਤਕ ਦੇ ਕੀਤੇ ਸਾਰੇ ਸਫ਼ਰ ਉਤੇ ਲਕੀਰ ਫੇਰਨੀ ਪਈ। ਖੇਤੀਬਾੜੀ ਦੇ ਨੁਕਤੇ ਤੋਂ ਤਾਂ ਸਮਾਧ ਨੇ ਮੈਨੂੰ ਕੋਈ ਲਾਭ ਨਹੀਂ ਸੀ ਦਿੱਤਾ, ਪਰ ਓਥੋਂ ਦੇ ਮੇਰੇ ਜੀਵਨ-ਢੰਗ ਨੇ ਮੈਨੂੰ ਬੜਾ ਕੁੱਝ ਦਿੱਤਾ ਸੀ। 1911 ਤੱਕ ਮੈਂ ਸਿਆਲਕੋਟ ਸ਼ਹਿਰ ਵਿਚ ਰਿਹਾ ਸਾਂ, ਬਾਅਦ ਵਿਚ ਕਦੇ ਪੜ੍ਹਦਾ, ਕਦੇ ਨੌਕਰੀ ਕਰਦਾ, ਕਦੇ ਪ੍ਰਦੇਸੀਂ ਫਿਰਦਾ, ਤੇ ਓੜਕ ਨੌਂ ਦਸ ਵਰ੍ਹੇ ਸਰਕਾਰੀ ਨੌਕਰੀ ਕਰਦਾ ਰਿਹਾ ਸਾਂ। ਨੌਕਰੀ ਵੀ ਮੇਰੀ ਇਹੋ ਜਿਹੀ ਸੀ ਕਿ ਕੀ ਖਨਾਈ, ਕੀ ਨੌਸ਼ਹਿਰਾ, ਕੀ ਚਿਨਿਓਟ ਤੇ ਕੀ ਮੈਲਸੀ, ਛੋਟੇ ਥਾਵਾਂ ਉਤੇ ਇਕੱਲਾ ਵੱਡਾ ਸਰਕਾਰੀ ਅਫ਼ਸਰ ਹੋਣ ਕਰਕੇ ਨਵੇਕਲੇ ਸਰਕਾਰੀ ਬੰਗਲਿਆਂ ਵਿਚ ਜਨ-ਸਾਧਾਰਨ ਦੀ ਨਰੋਈ ਛੁਹ ਤੋਂ ਬਿਲਕੁਲ ਵਿਰਵਾ ਰਹਿੰਦਾ ਰਿਹਾ ਸਾਂ। ਸਿਰਫ਼ ਏਥੇ ਹੀ ਸਿੱਖ ਤੇ ਮੁਸਲਮਾਨ ਕਿਸਾਨਾਂ ਨਾਲ ਮੇਰਾ ਬਰਾਬਰ ਦਾ ਵਾਹ ਪਿਆ ਸੀ। ਜਨ-ਸਾਧਾਰਨ ਨਾਲ ਬਰਾਬਰੀ ਦੇ ਪੱਧਰ ਉਤੇ ਵਾਹ ਆਤਮਾ ਦੀਆਂ ਅਨੇਕਾਂ ਕੂਣਾਂ ਕੱਢ ਦੇਂਦਾ ਹੈ। ਕੱਚੇ ਕੋਠਿਆਂ ਵਿਚ ਸਾਡੀ ਖੁੱਲੀ ਰਹਿਣੀ ਨੇ ਨਵੇਕਲੇ ਬੰਗਲਿਆਂ ਦੇ ਆਪ ਹੁਦਰੇਪਨ ਨੂੰ ਹੌਲਾ ਕਰ ਵਿਖਾਇਆ ਸੀ।

ਏਥੇ ਹੀ ਸਾਡੇ ਦੋ ਬੱਚੇ, ਹਿਰਦੇਪਾਲ ਤੇ ਅਨੁਸੂਈਆ, ਸਾਡੇ ਘਰ ਆਏ ਸਨ,

ਗੁਰਬਖ਼ਸ਼ ਸਿੰਘ

ਤੇ ਪਰਵਾਰ ਵਿੱਚ ਹੋਰ ਵਾਧਾ ਨਾ ਕਰਨ ਦੇ ਫ਼ੈਸਲੇ ਨੇ ਸਾਡੀ ਆਪਰੀ ਪਿਆਰ-ਕਮਾਈ ਨੂੰ ਹੋਰ ਵੀ ਪਿਆਰਾ ਬਣਾ ਦਿੱਤਾ ਸੀ। ਕਾਬਲ ਦਰਿਆ ਨਾਲ ਵੀ ਮੈਨੂੰ ਬੜੀ ਉਨਸ ਹੋ ਗਈ ਸੀ। ਇਹਦੇ ਨੱਚਦੇ ਪਾਣੀਆਂ ਦੀ ਤਾਲ ਵਿੱਚ ਮੈਂ ਆਪਣੀ ਜ਼ਿੰਦਗੀ ਦੇ ਕਈ ਨੇਮ ਬਣਾਏ ਜਿਨ੍ਹਾਂ ਵਿਚੋਂ ਕਈ ਹੁਣ ਤੱਕ ਮੇਰੇ ਮਨ ਕਾਬੂ ਦਾ ਭਾਗ ਹਨ। ਓਦੋਂ ਤੱਕ, "ਪ੍ਰੀਤ ਲੜੀ" ਵਿਚ ਛਪੇ ਬਹੁਤੇ ਲੇਖ ਮੈਂ ਇਹਦੇ ਕੰਢੇ ਉਤੇ ਹੀ ਕਲਪੇ ਸਨ। ਦਰਿਆ ਦਾ ਕੰਢਾ, ਸਾਗਰ ਦਾ ਲਾਗਾ, ਜਾਂ ਕਿਸੇ ਮਿੱਠੀ ਚੌੜੀ ਝੀਲ ਦੀ ਨੇੜਤਾ ਮਨੁੱਖ ਨੂੰ ਕੁਦਰਤ ਨਾਲ ਸੰਜੋਗ ਦਾ ਅਹਿਸਾਸ ਕਰਾਂਦੇ ਤੇ ਉਹਦੇ ਮਨ ਦੀ ਨਿਰਮਲਤਾ ਵਧਾਣ ਵਿੱਚ ਸਹਾਈ ਹੁੰਦੇ ਹਨ।
ਫ਼ੈਸਲੇ ਮੇਰੇ ਗ਼ਲਤ ਜਾਂ ਸਹੀ ਹੋਣ, ਇੱਕ ਵਾਰੀ ਉਹਨਾਂ ਉਤੇ ਮੇਰਾ ਦ੍ਰਿੜ੍ਹ ਹੋ ਜਾਣਾ ਮੇਰੇ ਮਨ ਨੂੰ ਏਹੋ ਜਿਹਾ ਚੈਨ ਦੇ ਦੇਂਦਾ ਹੈ ਜਿਹੋ ਜਿਹਾ ਕਿਸੇ ਜਰਨੈਲ ਨੂੰ ਕੋਈ ਮੋਰਚਾ ਫ਼ਤਿਹ ਕਰ ਲਿਆਂ ਮਿਲਦਾ ਹੈ। ਫ਼ੈਸਲਾ ਕਰ ਲੈਣ ਦੇ ਬਾਅਦ ਸਹਾਇਕ ਘਟਨਾਵਾਂ ਦੀ ਮੇਰੀ ਆਸ ਮੇਰਾ ਲੰਮਾ ਤਜਰਬਾ ਹੈ, ਕਦੇ ਨਿਰਮੂਲ ਨਹੀਂ ਰਹਿੰਦੀ।

ਉਸੇ ਹਫ਼ਤੇ ਮੇਰੇ ਪਿਤਾ ਜੀ ਦੇ ਬੜੇ ਸਤਿਕਾਰੇ ਮਿੱਤਰ ਰਾਇ ਬਹਾਦਰ ਸਰਦਾਰ ਲਹਿਣਾ ਸਿੰਘ ਜੀ ਸਾਨੂੰ ਮਿਲਣ ਆ ਗਏ। ਮੇਰਾ ਫ਼ੈਸਲਾ ਸੁਣ ਕੇ ਉਨ੍ਹਾਂ ਆਖਿਆ ਕਿ ਉਹ ਤੇ ਉਨ੍ਹਾਂ ਦੇ ਕੁੜਮ, ਸਰਦਾਰ ਸਾਹਿਬ ਸਰਦਾਰ ਸ਼ਾਹ ਸਿੰਘ ਜੀ, ਮਾਡਲ ਟਾਊਨ ਲਾਹੌਰ ਵਿੱਚ ਦੋ ਕੋਠੀਆਂ ਨਵੀਆਂ ਬਣਵਾ ਰਹੇ ਹਨ। ਦੋ ਤਿੰਨ ਮਹੀਨਿਆਂ ਵਿਚ ਇਹ ਦੋਵੇਂ ਮੁਕੰਮਲ ਹੋ ਜਾਣਗੀਆਂ ਤੇ ਉਹ ਇਹ ਦੋਵੇਂ, ਇੱਕ ਸਾਡੇ ਰਹਿਣ ਲਈ ਤੇ ਦੂਜੀ ਇੰਤਜ਼ਾਮ ਲਈ ਮੈਨੂੰ ਸੌਂਪ ਦੇਣਗੇ।
ਮੇਰੀ ਪਤਨੀ ਨੂੰ, ਛੇ ਬੱਚਿਆਂ ਦੀ ਮਾਂ ਹੋਣ ਕਰਕੇ, ਵੱਡੀ ਚਿੰਤਾ ਲਾਹੌਰ ਸ਼ਹਿਰ ਵਿਚ ਰਹਿਣ ਵਾਲੇ ਘਰ ਦੀ ਸੀ। ਕਿਸੇ ਤਰ੍ਹਾਂ ਇਹ ਚਿੰਤਾ ਉਹਦੀ ਦੂਰ ਹੋ ਗਈ। ਇੱਕਦਮ ਖੇੜਾ ਜਿਹਾ ਕਿਧਰੋਂ ਸਾਡੀਆਂ ਸੋਚਾਂ ਵਿੱਚ ਆ ਵੜਿਆ। ਅਸੀਂ ਆਪਣੇ ਨਵੇਂ ਘਰ ਵਿੱਚ ਰਹਿਣੀ ਦੀ ਵਿਓਂਤ ਬਣਾਨ ਲੱਗ ਪਏ। ਮੇਰੇ ਵਿਰੁੱਧ ਗਿਆਨੀ ਸਤਿਨਾਮ ਸਿੰਘ ਜੀ ਦੇ ਕੀਤੇ ਭੰਡੀ-ਪਰਚਾਰ ਤੇ ਧਾਰਮਕ ਸਨੇਹੀਆਂ ਸਾਥੀਆਂ ਦੇ ਦੁਖਾਵੇਂ ਹੁੰਦੇ ਜਾਂਦੇ ਰਵੱਈਏ ਵਲ ਅਸਾਂ ਪਿੱਠ ਕਰ ਲਈ; ਤੇ ਮੂੰਹ ਅਗਾਂਹ ਵੱਲ ਸੇਧ ਲਿਆ। ਆਸ਼ਾਵਾਦੀ ਮਨੁੱਖ ਦੀਆਂ ਅੱਖਾਂ ਵਿਚ ਬਹੁ-ਰੰਗੀ ਫ਼ਿਲਮ ਖਿੱਚਣ ਵਾਲਾ ਇੱਕ ਸ਼ੀਸ਼ਾ ਲੱਗਾ ਹੁੰਦਾ ਹੈ। ਤਸਵੀਰ ਉਤੇ ਤਸਵੀਰ ਚਿੱਤਰ ਕੇ ਮੈਂ ਆਪਣੀ ਪਤਨੀ ਦੇ ਸਾਰੇ ਤੌਖਲੇ ਉਸ ਘੜੀ ਦੂਰ ਕਰ ਦਿੱਤੇ, ਤੇ ਮੇਰੇ ਆਪਣੇ ਰੌਂ ਵਿਚ ਵੀ ਭਵਿੱਖ ਦੀ ਕਿਸੇ ਬਗੀਆ ਦਾ ਖ਼ੁਸ਼ਬੂਦਾਰ ਸਾਹ ਆ ਰਲਿਆ। ਸਮਾਧ ਤੇ ਪੀਰ ਸਬਾਕ ਵਿਚ ਆਪਣੇ ਚੰਗੇ ਹਮਸਾਇਆਂ ਨੂੰ ਆਪਣਾ ਫ਼ੈਸਲਾ ਦੱਸਣ ਲਈ ਮੈਂ ਆਪਣੇ ਖ਼ਿਆਲ ਇਕੱਠੇ ਕੀਤੇ ਤੇ ਇਹ ਸੁਨੇਹਾ ਉਹਨਾਂ ਲਈ "ਪ੍ਰੀਤ ਲੜੀ" ਵਿਚ ਛਾਪਿਆ :

"ਜ਼ਿੰਦਗੀ ਦੀਆਂ ਪੌਣਾਂ ਫੇਰ ਕਦੇ ਮੈਨੂੰ ਤੁਹਾਡੇ ਪਾਸੇ ਲਿਆਉਣ ਜਾਂ ਨਾ ਲਿਆਉਣ, ਮੇਰੇ ਦਿਲ ਵਿੱਚ ਤੁਹਾਡੀ ਯਾਦ ਸਦਾ ਸਜਰੀ ਰਹੇਗੀ। ਏਥੇ ਤੁਹਾਡੇ ਵਿੱਚ ਮੈਂ ਆਪਣੀ ਉਮਰ ਦੇ ਬੜੇ ਚੰਗੇ ਪੰਜ ਵਰ੍ਹੇ ਬਿਤਾਏ ਹਨ, ਭਾਵੇਂ ਉਹ ਇਰਾਦੇ ਪੂਰੇ ਨਹੀਂ ਹੋਏ ਜਿਹੜੇ ਲੈ ਕੇ ਮੈਂ ਏਥੇ ਆਇਆ ਸਾਂ। ਆਇਆ ਸਾਂ ਏਥੋਂ ਦੇ ਸਿਖ ਤੇ ਮੁਸਲਮਾਨ ਭਰਾਵਾਂ ਨੂੰ ਕੁੱਝ ਦੇਣ ਦੀ ਖ਼ੁਸ਼ੀ ਲੈਣ ਲਈ, ਦੇ ਮੈਂ ਕੁਝ ਨਹੀਂ ਸਕਿਆ, ਪਰ ਆਪ ਭਰੀਆਂ ਝੋਲੀਆਂ ਲੈ ਕੇ ਏਥੋਂ ਜਾ ਰਿਹਾ ਹਾਂ। ਤੁਹਾਡੇ ਦਰਿਆ ਦਾ ਕੰਢਾ, ਇਹਦੀਆਂ ਸਾਵੀਆਂ ਸਲਾਮੀਆਂ ਦੇ ਹੁੰਗਾਰੇ ਦੇਂਦੀ ਇਕਾਂਤ, ਤੇ ਸਰਲ ਕਿਸਾਨਾਂ ਦਾ ਸਾਥ ਮੇਰੀ ਯਾਦ ਦਾ ਅਭੁੱਲ ਭਾਗ ਬਣੇ ਰਹਿਣਗੇ। ਤੁਸੀਂ ਸਮਾਧ ਤੇ ਪੀਰ ਸਬਾਕ ਦੇ ਲੋਕ ਹੀ ਨਹੀਂ ਨੌਸ਼ਹਿਰੇ, ਹੋਤੀ ਮਰਦਾਨ, ਪਿਸ਼ਾਵਰ ਤੇ ਸਾਰੇ ਏਸ ਪਾਸੇ ਦੇ ਲੋਕਾਂ ਦੀਆਂ ਮਿਹਰਬਾਨੀਆਂ ਨਾਲ ਮੇਰਾ ਦਿਲ ਭਰਪੂਰ ਹੈ। ਇਨ੍ਹਾਂ ਪੰਜਾਂ ਵਰ੍ਹਿਆਂ ਵਿਚ ਇੱਕ ਘੜੀ ਵੀ ਇਹੋ ਜਿਹੀ ਮੈਨੂੰ ਚੇਤੇ ਨਹੀਂ ਕਿ ਕਿਸੇ ਮੈਨੂੰ ਖਰ੍ਹਵਾ ਬੋਲ ਬੋਲਿਆ ਹੋਵੇ।
"ਸਮਾਧ ਕਮੇਟੀ ਦਾ ਮੈਂ ਬੜਾ ਦੇਣਦਾਰ ਹਾਂ। ਸਾਰੇ ਮੈਂਬਰਾਂ ਦੀ ਹਮਦਰਦੀ ਮੇਰੇ ਲਈ ਬਹੁ-ਮੁੱਲੀ ਸੀ। ਪ੍ਰਧਾਨ ਸਾਹਿਬ ਦੇ ਉਚੇਚੇ ਪਿਆਰ ਲਈ ਮੈਂ ਰਿਣੀ ਹਾਂ। ਮੇਰੇ ਕੰਮਾਂ ਦੀ ਮੇਰੇ ਨਾਲੋਂ ਵੀ ਬਹੁਤੀ ਚਿੰਤਾ ਉਹ ਕਰਦੇ ਸਨ। ਸਕੱਤਰ ਭਗਤ ਸਿੰਘ ਜੀ ਤੇ ਮੈਨੇਜਰ ਅਮਰੀਕ ਸਿੰਘ ਜੀ ਦੀ ਕਿਰਪਾ ਖ਼ਾਸ ਰਹੀ ਹੈ। ਇਹ ਦੋਵੇਂ ਸੱਜਣ, ਮੇਰੇ ਬਾਹਰ ਆਏ ਗਏ ਹੋਣ ਦੇ ਸਮੇਂ, ਮੇਰੇ ਪਰਵਾਰ ਦੀਆਂ ਲੋੜਾਂ ਪੂਰੀਆਂ ਕਰਦੇ ਰਹੇ ਹਨ- ਪਰ ਜਿਨ੍ਹਾਂ ਕੋਲੋਂ ਵਿਛੜਿਆਂ ਮੇਰੇ ਦਿਲ ਨੂੰ ਖੋਹ ਪੈ ਰਹੀ ਹੈ, ਉਹ ਸਮਾਧ ਦੇ ਸਿੱਖ ਤੇ ਪੀਰ ਸਬਾਕ ਦੇ ਮੁਸਲਮਾਨ ਕਿਸਾਨ ਹਨ। ਮੁਸਲਮਾਨ ਭਰਾਵਾਂ ਦੀ ਫ਼ਰਾਖ਼-ਦਿਲੀ ਮੈਂ ਕਦੇ ਭੁਲਾ ਨਹੀਂ ਸਕਾਂਗਾ। ਪਛਮ ਤੋਂ ਮੁੜਨ ਬਾਅਦ, ਮਹਿਮਾਨ ਦਾ ਆਦਰ ਮੈਨੂੰ ਪਠਾਨ ਭਰਾਵਾਂ ਨੇ ਹੀ ਦਿੱਤਾ ਹੈ। ਮੇਰੇ ਜਾਨਵਰ ਬਿਨਾਂ ਰਾਖੀ ਖੁੱਲ੍ਹੇ ਬੱਝਦੇ ਰਹੇ ਹਨ, ਮੇਰੇ ਟ੍ਰੈਕਟਰ ਤੇ ਮਸ਼ੀਨਾਂ ਖੇਤਾਂ ਵਿਚ ਹੀ ਪਏ ਰਹਿੰਦੇ ਰਹੇ ਹਨ। ਮੇਰ ਘਰ ਦੇ ਫਾਟਕਾਂ ਨੂੰ ਕੋਈ ਜੰਦਰਾ ਨਹੀਂ ਸੀ, ਬਾਰੀਆਂ ਨੂੰ ਕੋਈ ਸੀਖਾਂ ਨਹੀਂ ਸਨ, ਕੋਈ ਚੌਕੀਦਾਰ ਰਾਤੀਂ ਟਾਹਰਾਂ ਨਹੀਂ ਸੀ ਮਾਰਦਾ। ਤਾਂ ਵੀ ਜਿੰਨਾ ਬੇ-ਖ਼ਬਰ ਮੈਂ ਤੁਹਾਡੇ ਵਿੱਚ ਰਿਹਾ ਹਾਂ ਏਨਾ ਬੰਦੂਕਾਂ ਵਾਲੇ ਚੌਕੀਦਾਰ ਦੇ ਪਹਿਰੇ ਵਿਚ ਵੀ ਨਹੀਂ ਸਾਂ ਰਿਹਾ। ਤੁਹਾਡੇ ਵਿਚ ਜਿਨ੍ਹਾਂ ਨੂੰ ਪੁਲਸ ਦਸ ਨੰਬਰੀਏ ਆਖਦੀ ਸੀ, ਉਹ ਵੀ ਸਿਖ-ਮੁਸਲਮਾਨ ਫ਼ਸਾਦਾਂ ਦੇ ਦੌਰਾਨ ਆ ਕੇ ਮੇਰੇ ਬੱਚਿਆਂ ਦੀ ਰਾਖੀ ਕਰਦੇ ਰਹੇ ਸਨ।

"ਏਥੇ ਮੇਰੀਆਂ ਭੈਣਾਂ, ਭਰਜਾਈਆਂ, ਧੀਆਂ ਤੇ ਸੱਜਣੀਆਂ ਖੁੱਲ੍ਹੇ ਮੂੰਹ, ਨੰਗੇ ਸਿਰ, ਪੂਰਨ ਆਜ਼ਾਦੀ ਨਾਲ ਦੌੜਦੀਆਂ, ਗੌਂਦੀਆਂ, ਖੇਡਦੀਆਂ ਤੇ ਹਨੇਰੇ ਸਵੇਰੇ ਬੇ-ਸੰਕੋਚ ਫਿਰਦੀਆਂ ਰਹੀਆਂ ਹਨ। ਪਠਾਣ ਭਰਾਵਾਂ ਨੇ, ਇਹ ਸਭ ਕੁੱਝ ਇਸਲਾਮੀ ਮਰਯਾਦਾ ਦੇ ਉਲਟ ਹੁੰਦਿਆਂ ਹੋਇਆਂ ਵੀ, ਇਹਨਾਂ ਦਾ ਸਤਿਕਾਰ ਕੀਤਾ ਹੈ। ਏਸ ਅਖ਼ਲਾਕ ਦੀ ਆਸ ਮੈਂ ਪੰਜਾਬ ਦੇ ਕਿਸੇ ਪਿੰਡ ਕੋਲੋਂ ਸ਼ਾਇਦ ਨਾ ਹੀ ਰਖ ਸਕਾਂ।
"ਇਕ ਵਾਰੀ ਤਿੰਨ ਬੀਬੀਆਂ ਏਥੇ ਸਾਨੂੰ ਮਿਲਣ ਆਈਆਂ। ਇਹਨਾਂ ਵਿੱਚ ਇੱਕ ਬੜੀ ਰਸਿਕ ਬੰਗਾਲਣ ਸੀ। ਏਥੋਂ ਦੀ ਖੁੱਲ੍ਹ, ਕਿਸਾਨਾਂ ਦਾ ਅਦਬ-ਭਰਪੂਰ ਵਤੀਰਾ, ਪੈਲੀਆਂ ਵਿੱਚ ਜਾ ਕੇ ਉਹਨਾਂ ਕੋਲੋਂ ਮੰਗ ਕੇ ਅਮੁੱਲ ਮੂਲੀਆਂ ਖਾਣ ਦੇ ਅਚਰਜ ਸੁਆਦ ਨੇ ਉਹਨਾਂ ਨੂੰ ਕਈ ਦਿਨ ਏਥੇ ਰਖਿਆ। ਚਾਨਣੀ ਰਾਤੇ, ਭਰੇ ਦਰਿਆ ਦੀ ਹਿੱਕ ਉਤੇ ਮੁਸਲਮਾਨ ਮਲਾਹਾਂ ਦੀ ਰੱਖਿਆ ਹੇਠਾਂ , ਬੇੜੀ ਵਿਚ ਉਹ ਤਰਦੀਆਂ ਸਨ, ਬੰਗਾਲਣ ਬੀਬੀ ਗੌਂਦੀ ਸੀ। ਮੁਸਲਮਾਨ ਮਲਾਹਾਂ ਨੂੰ ਖ਼ੁਸ਼ ਕਰਨ ਲਈ ਉਰਦੂ ਦੀਆਂ ਗਜ਼ਲਾਂ ਦਿਨੇਂ ਉਚੇਚਿਆਂ ਯਾਦ ਕਰ ਕੇ ਰਾਤੀਂ ਉਹਨਾਂ ਨੂੰ ਸੁਣਾਂਦੀ ਸੀ। ਤੇ ਜਦੋਂ ਪ੍ਰਸੰਨਤਾ ਭਰੀ

ਸਮਾਧ ਤੇ ਪੀਰ ਸਬਾਕ...

ਅਸਚਰਜਤਾ ਨਾਲ ਅੱਖਾਂ ਚੌੜੀਆਂ ਕਰ ਕੇ ਅਖ਼ਤਰੀਆ ਮਲਾਹ ਉਹਦੇ ਤਿੱਖੇ ਖ਼ੁਸ਼ ਨਕਸ਼ਾਂ ਵੱਲ ਤੱਕਦਾ ਸੀ, ਤਾਂ ਉਹ ਲਜਿਤ ਹੋਣ ਦੀ ਥਾਂ ਇੱਕ ਸਰਲ ਮਨੁੱਖ ਦੀ ਖ਼ੁਸ਼ੀ ਵਿਚ ਖ਼ੁਸ਼ ਹੋ ਕੇ ਮੁਸਕਰਾ ਪੈਂਦੀ ਸੀ। ਤੇ ਜਦੋਂ ਬੇੜੀ ਕੰਢੇ ਲੱਗਦੀ ਤੇ ਅਖ਼ਤਰੀਆ ਹੱਥ ਦਾ ਆਸਰਾ ਦੇ ਉਹਨੂੰ ਕੁਦਾਂਦਾ ਤਾਂ ਉਹ ਖ਼ੁਸ਼-ਚਰਿਤਰ ਬੰਗਾਲਣ ਕੁਝ ਹਿੰਦੀ, ਕੁਝ ਬੰਗਾਲੀ, ਕੁਝ ਪਸ਼ਤੋ ਵਿਚ ਤੋਤਲੀਆਂ ਮਾਰ ਕੇ "ਸਸਾਯੰ ਕਾਲ" (ਸ਼ੁਭ-ਰਾਤ) ਆਖਦੀ ਸੀ, ਓਦੋਂ ਅਖ਼ਤਰੀਏ ਮਲਾਹ ਦੇ ਮੈਲੇ ਕੱਪੜਿਆਂ ਹੇਠੋਂ ਉਹਦਾ ਚਿੱਟਾ ਪ੍ਰਸੰਨ ਦਿਲ ਮੈਨੂੰ ਧੜਕਦਾ ਸੁਣਾਈ ਦੇਂਦਾ ਸੀ।
"ਸ਼ਹੀਦ-ਗੰਜ" ਲਾਹੌਰ ਦੇ ਫ਼ਸਾਦਾਂ ਦੇ ਦਿਨੀਂ ਜਦੋਂ ਪੌਣ ਜ਼ਹਿਰੀਲੀ ਹੋ ਗਈ ਸੀ, ਪੀਰ ਸਬਾਕ ਦੇ ਸਾਰੇ ਮਲਿਕ ਤੁਸੀਂ ਮੇਰੇ ਕੋਲੇ ਆਏ ਸੋ, ਤੇ ਮੇਰੇ ਪਰਵਾਰ ਨੂੰ ਆਪਣੀ ਜਾਨ ਨਾਲ ਰਖਣ ਦਾ ਵਿਸ਼ਵਾਸ ਤੁਸਾਂ ਦੁਆਇਆ ਸੀ। ਇਲਾਕੇ ਦੇ ਮੈਜਿਸਟਰੇਟ ਨੇ ਮੇਰੇ ਘਰ ਦੀ ਹਿਫ਼ਾਜ਼ਤ ਲਈ ਪੁਲਸ ਭੇਜਣੀ ਚਾਹੀ ਸੀ, ਪਰ ਤੁਸਾਂ ਆਖਿਆ ਸੀ, ਇਹ ਤੁਹਾਡੇ ਲਈ ਸ਼ਰਮ ਦੀ ਗੱਲ ਹੋਵੇਗੀ। ਆਪਣੇ ਮਹਿਮਾਨ ਦੀ ਹਿਫ਼ਾਜ਼ਤ ਤੁਹਾਡਾ ਆਪਣਾ ਕੰਮ ਹੈ, ਕਿਸੇ ਪੜੀ ਪੁਲਸ ਦਾ ਨਹੀਂ।

"ਸਿਖ ਕਿਸਾਨ ਭਰਾਵਾਂ ਦੀਆਂ ਮਿਹਰਬਾਨੀਆਂ ਨਾਲ ਮੇਰਾ ਰੋਮ ਰੋਮ ਪ੍ਰੋਤਾ ਹੈ। ਲੋਹੜੀ, ਦੀਵਾਲੀ, ਵਿਸਾਖੀ, ਗਾਹ ਵਾਢੀਆਂ ਤੇ ਉਡਾਈਆਂ, ਹਰ ਮੌਕੇ ਉਤੇ ਤੁਸੀਂ ਮੈਨੂੰ ਆਪਣੇ ਨਾਲ ਖਿਡਾਂਦੇ ਤੇ ਕੰਮ ਕਰਾਂਦੇ ਰਹੇ ਹੋ, ਤੇ ਮੇਰੀ ਕਲਮ ਨੂੰ ਸੁਹਣਾ ਮਸਾਲਾ ਦੇਂਦੇ ਰਹੇ। ਨਿਰਛੱਲ ਮਿੱਤਰਤਾ ਦੇ ਅਨੇਕਾਂ ਸ਼ਬਦ ਮੈਂ ਤੁਹਾਥੋਂ ਸਿਖੇ ਹਨ। ਮੇਰੀ ਬੋਲੀ ਨੂੰ ਤੁਸਾਂ ਆਪਣੇ ਰੰਗ ਵਿਚੋਂ ਆਪਣੇ ਬਲ ਵਿਚੋਂ, ਜਿੰਨਾ ਮੈਂ ਲੈ ਸਕਿਆ ਓਨਾ ਹਿੱਸਾ ਦਿੱਤਾ ਹੈ।
"ਹੁਣ ਜਦੋਂ ਤੁਸੀਂ ਬਾਰ ਬਾਰ ਮੇਰੇ ਕੋਲ ਆ ਕੇ ਮੈਨੂੰ ਏਥੋਂ ਨਾ ਜਾਣ ਲਈ ਆਖਦੇ ਹੋ, ਤੇ ਮੈਂ ਹੋਣੀ ਦੇ ਹੁਕਮ ਹੇਠਾਂ ਤੁਹਾਡਾ ਆਖਾ ਮੰਨਣ ਦੀ ਸਮਰਥਾ ਆਪਣੇ ਵਿਚ ਨਹੀਂ ਵੇਖਦਾ, ਤਾਂ ਮੇਰਾ ਕਲੇਜਾ ਭਰ ਜਾਂਦਾ ਹੈ। ਭਾਵੇਂ ਵੇਖੇ ਤਾਂ ਤੁਸੀਂ ਨਹੀਂ ਹੋਣੇ, ਪਰ ਅੱਖਾਂ ਮੇਰੀਆਂ ਅਣਵਗੇ ਅੱਥਰੂਆਂ ਨਾਲ ਭਰੀਆਂ ਪਈਆਂ ਨੇ। ਤੁਹਾਡੇ ਨਾਲ ਗੱਲ ਕਰਦਾ ਜਦੋਂ ਮੈਂ ਦੂਜੇ ਪਾਸੇ ਤੱਕਣ ਦਾ ਪੱਜ ਢੂੰਡ ਲੈਂਦਾ ਹਾਂ, ਓਦੋਂ ਮੈਂ ਅੱਥਰੂ ਛਲਕਣ ਜਾਂ ਅੰਦਰੋ-ਅੰਦਰ ਘੁਟ ਭਰ ਲੈਣ ਦਾ ਜਤਨ ਕਰਦਾ ਹੁੰਦਾ ਹਾਂ।

"ਵੀਰ ਮੇਰੇ ਇਹ ਹਰਗਿਜ਼ ਨਾ ਸਮਝਣ ਕਿ ਮੈਂ ਉਹਨਾਂ ਦਾ ਆਖਾ ਨਹੀਂ ਮੰਨਿਆ। ਸਾਰੇ ਸਾਡੇ ਇਰਾਦੇ ਅਸਲ ਵਿਚ ਨਿਰੋਲ ਸਾਡੇ ਆਪਣੇ ਨਹੀਂ ਹੁੰਦੇ। ਕਈ ਸਾਡੀ ਹੋਣੀ ਦੇ ਵਿਉਂਤੇ ਵੀ ਹੁੰਦੇ ਹਨ। ਹੋਣੀ ਤੋਂ ਮੇਰਾ ਭਾਵ ਸਾਡੇ ਅਮਲਾਂ ਤੇ ਸਾਡੀ ਜ਼ਿੰਦਗੀ ਦੇ ਇਤਫ਼ਾਕਾਂ ਦਾ ਅਮੁੜਵਾਂ ਪ੍ਰਤੀਕਰਮ ਹੈ। ਪਰ ਜਿਹੜੇ ਮੇਰੇ ਇਰਾਦੇ ਉਤੇ ਮੇਰਾ ਸੁਤੰਤਰ ਅਧਿਕਾਰ ਹੈ , ਉਹ ਇਹ ਹੈ ਕਿ ਜਿਥੇ ਵੀ ਰਹਾਂਗਾ, ਜਿਸ ਜਲ ਜਾਂ ਥਲ ਉਤੇ ਜ਼ਿੰਦਗੀ ਦੀਆਂ ਪੌਣਾਂ ਮੈਨੂੰ ਖੜਨਗੀਆ, ਉਥੇ ਮੈਂ ਤੁਹਾਨੂੰ ਨਿਰਾ ਯਾਦ ਹੀ ਨਹੀਂ ਕਰਾਂਗਾ, ਤੁਹਾਡੇ ਕੰਮ ਆਉਣ ਦੀ ਚਾਹ ਵੀ ਮੇਰੇ ਮਨ ਵਿਚ ਪ੍ਰਬਲ ਰਹੇਗੀ ਤੇ ਜਦੋਂ ਕਦੇ ਤੁਹਾਡੇ ਵਿੱਚੋਂ ਕਿਸੇ ਨੂੰ ਮਿਲਣ ਦਾ ਸੁਭਾਗ ਮੈਨੂੰ ਮਿਲੇਗਾ, ਉਹਦੀ ਗਲ-ਲੱਗਣੀ ਵਿੱਚ ਮੈਂ ਤੁਹਾਡੇ ਦਰਿਆ, ਤੁਹਾਡੀ ਪਹਾੜੀ, ਤੁਹਾਡੀ ਨਿਤ ਆਰ-ਪਾਰ ਜਾਂਦੀ ਕਿਸ਼ਤੀ, ਤੁਹਾਡੀ ਨਿੱਘੀ ਹੱਥ-ਘੁੱਟਣੀ ਤੇ ਹਸੂੰ ਹਸੂੰ ਕਰਦੇ "ਜੋੜੇ-ਖ਼ੁਸ਼ਹਾਲੇ" ਦੀ ਯਾਦ ਤਾਜ਼ਾ ਕਰ ਕੇ ਦੋ ਘੜੀਆਂ ਮੁੜ ਤੁਹਾਡੇ ਨਾਲ ਜੀਉਣ ਦਾ ਸੁਪਨਾ ਵੇਖ ਲਵਾਂਗਾ।

"ਮੈਂ ਜਾ ਰਿਹਾ ਹਾਂ, ਤੁਹਾਡੇ ਵਿਚੋਂ ਕਈਆਂ ਨਾਲ ਮੇਰਾ ਮੁੜ ਮੇਲ ਹੋਵੇਗਾ; ਪਰ ਬਹੁਤਿਆਂ ਨਾਲ ਇਹ ਮੇਲ ਮੇਰਾ ਹੋਣਾ ਨਹੀਂ। ਪੰਜ ਵਰ੍ਹਿਆਂ ਦੇ ਗੁਆਂਢ-ਵਸੇਬੇ ਦਾ ਕਾਂਡ ਸਮਾਪਤ ਹੋ ਰਿਹਾ ਹੈ। ਏਸ ਕਾਂਡ ਦੇ ਪੰਨਿਆਂ ਵਿਚ ਕਿਸੇ ਥਾਂ ਕੋਈ ਕੌੜਾ ਵਚਨ ਹੋ ਵੀ ਸਕਦਾ ਹੈ, ਕਿਸੇ ਮਾੜੀ ਇੱਛਾ ਦਾ ਧੱਬਾ ਵੀ ਦਿੱਸ ਸਕਦਾ ਹੈ, ਤਾਂ ਵੀ ਏਸ ਕਾਂਡ ਦੀ ਸਾਰੀ ਕਹਾਣੀ ਨੂੰ ਮੈਂ "ਸਹੀ ਪਛਾਣ" ਦਾ ਵਚਨੰਤ ਦੇਂਦਾ ਹਾਂ।
"ਦੇਣਾ ਲੈਣਾ ਇਹਨਾਂ ਵਰ੍ਹਿਆਂ ਵਿਚ ਬਥੇਰਾ ਹੋਇਆ, ਪਰ ਅੱਜ ਜਦੋਂ ਅੰਕੜੇ ਮੇਲ ਕੇ ਮੈਂ ਬਾਕੀ ਕੱਢੀ ਏ, ਤਾਂ "ਮਿਹਰਬਾਨੀ" ਤੇ "ਸਨਮਾਨ" ਦੇ ਸਿਵਾ ਕੋਈ ਰਕਮ ਕਿਸੇ ਪਾਸੇ ਮੇਰੀ ਰੋਕੜ ਵਿਚ ਬਾਕੀ ਨਹੀਂ। ਪਰ ਜੇ ਤੁਹਾਡੀਆਂ ਰੋਕੜਾਂ ਵਿੱਚ ਮੇਰੇ ਨਾਂ ਕੁੱਝ ਨਿਕਲਦਾ ਹੋਵੇ ਤਾਂ ਆਪਣੀ ਸਮਰਥਾ ਦੀ ਤੋੜ ਹੱਦ ਤੱਕ ਮੈਂ ਕਰਜ਼ਾ ਮੁਕਾਣ ਦਾ ਇਕਰਾਰ ਤੁਹਾਨੂੰ ਦੇਂਦਾ ਹਾਂ।

"ਮੈਂ ਤੇ ਮੇਰੀ ਪਤਨੀ ਸਦਾ ਤੁਹਾਨੂੰ ਪਿਆਰ ਨਾਲ ਯਾਦ ਕਰਾਂਗੇ, ਤੇ ਜੇ ਕਦੇ ਕਿਸੇ ਨੇ ਸਾਨੂੰ ਆ ਦੱਸਿਆ ਕਿ ਤੁਸਾਂ ਵੀ ਸਾਨੂੰ ਆਪਣੀ ਚੰਗੀ ਯਾਦ ਵਿਚ ਆਂਦਾ ਹੈ, ਤਾਂ ਉਹ ਖ਼ੁਸ਼ੀ ਸਾਡੀਆਂ ਵੱਡੀਆਂ ਖ਼ੁਸ਼ੀਆਂ ਵਿਚੋਂ ਹੋਵੇਗੀ।
"ਤੁਸਾਂ ਸਾਨੂੰ "ਪ੍ਰੀਤ ਲੜੀ" ਬਖਸ਼ੀ ਹੈ। ਏਸ ਬੱਚੇ ਨੂੰ ਅਸੀਂ ਦੋਵੇਂ ਤੁਹਾਡੀ ਸੇਵਾ ਲਈ ਵੱਡਿਆਂ ਕਰਾਂਗੇ, ਤੇ ਇਹਦੇ ਕੋਲੋਂ ਆਸ ਰਖਾਂਗੇ ਕਿ ਜੋ ਕੁਝ ਅਸੀਂ ਆਪਣੀ ਇੱਛਾ ਦੇ ਬਾਵਜੂਦ ਤੁਹਾਡੇ ਲਈ ਨਹੀਂ ਕਰ ਸਕੇ, ਉਹ ਇਹ ਕਿਸੇ ਸਮੇਂ ਕਰ ਕੇ ਸਾਨੂੰ ਸੰਤੁਸ਼ਟਤਾ ਦੇਵੇਗੀ।

"ਤੁਹਾਡੀ ਸਾਡੀ ਜ਼ਿੰਦਗੀ ਵਿਚ ਕਈ ਬੱਦਲ ਆਉਣਗੇ, ਕਈ ਨਵੇਂ ਸੂਰਜ ਵੀ ਚੜ੍ਹਣਗੇ। ਬੱਦਲਾਂ ਦੇ ਹਨੇਰੇ ਵਿਚ ਸਾਡੀ ਹਮਦਰਦੀ ਤੁਹਾਡੇ ਨਾਲ ਹੋਵੇਗੀ, ਧੁੱਪਾਂ ਵਿਚ ਅਸੀਂ ਆਸ ਕਰਾਂਗੇ ਕਿ ਤੁਸੀਂ ਸਾਨੂੰ ਆਪਣੇ ਚੇਤੇ ਵਿਚ ਰਖੋਗੇ।"

ਮੇਰੇ ਖੇਤਾਂ ਦੇ ਕਾਮੇ ਸਾਰੇ ਪਠਾਣ ਹੀ ਸਨ। ਉਹਨਾਂ ਵਿਚੋਂ ਇੱਕ ਅਨਾਥ ਗੁਲ ਦਾ ਕੰਮ ਮੈਨੂੰ ਬੜਾ ਪਸੰਦ ਸੀ। ਉਹ ਤੇ ਉਹਦੀ ਖ਼ੂਬਸੂਰਤ ਬੀਵੀ ਦੋਵੇਂ ਮੇਰੇ ਕੋਲ ਆ ਕੇ ਕਹਿਣ ਲੱਗੇ, "ਜੇ ਸਾਡੇ ਲੋਕੀਂ ਸੱਚੀਂ ਮੁੱਚੀਂ ਤੁਹਾਨੂੰ ਚੰਗੇ ਲੱਗੇ ਹਨ ਤਾਂ ਉਹਨਾਂ ਦੀ ਕੋਈ ਨਿਸ਼ਾਨੀ ਤੁਸੀਂ ਆਪਣੇ ਨਾਲ ਲੈ ਜਾਓ"।

"ਜ਼ਰੂਰ ਲੈ ਜਾਵਾਂਗਾ, ਦੱਸੋ ਕਿਹੋ ਜਿਹੀ ਨਿਸ਼ਾਨੀ ਠੀਕ ਹੋਵੇਗੀ?" ਮੈਂ ਪੁੱਛਿਆ ।
"ਤੁਸੀਂ ਸਾਨੂੰ ਦੋਹਾਂ ਨੂੰ ਨਾਲ ਲੈ ਜਾਓ – ਤੁਹਾਡੇ ਜਾਣ ਬਾਅਦ, ਸਾਨੂੰ ਜਾਪਦੈ, ਕੰਮ ਕਰਨ ਦਾ ਸੁਆਦ ਮੁੜ ਇਹੋ ਜਿਹਾ ਆਉਣਾ ਨਹੀਂ।"
ਉਹਨਾਂ ਦੀ ਭੇਟ ਦਾ ਸੁਆਦ ਮੈਨੂੰ ਆਇਆ ਤਾਂ ਬਹੁਤ, ਪਰ ਆਪਣੇ ਅੱਗੇ ਦਾ ਪੂਰਾ ਅਨੁਭਵ ਨਾ ਹੋਣ ਕਰਕੇ ਇਹ ਭੇਟ ਮੈਂ ਉਸ ਵੇਲੇ ਪ੍ਰਵਾਨ ਨਾ ਕਰ ਸਕਿਆ।
"ਤੁਹਾਡੀ ਮਿਹਰਬਾਨੀ, ਤੁਹਾਡੀ ਇਹ ਇੱਛਾ ਮੈਂ ਆਪਣੇ ਮਨ ਵਿਚ ਰਖਾਂਗਾ ਤੇ ਜਿਸ ਵੇਲੇ ਵੀ ਮੈਂ ਤੁਹਾਡੇ ਲਈ ਕੋਈ ਮੁਨਾਸਬ ਥਾਂ ਬਣਾ ਸਕਿਆ, ਤਾਂ ਤੁਹਾਨੂੰ ਸੁਨੇਹਾ ਭੇਜਾਂਗਾ।"

ਡੇਢ ਵਰ੍ਹੇ ਬਾਅਦ ਅਨਾਥ ਗੁਲ ਤੇ ਉਹਦਾ ਸਾਰਾ ਪਰਵਾਰ ਮੇਰੇ ਕੋਲ ਆ ਗਏ, ਜਦੋਂ ਮੈਂ ਪ੍ਰੀਤ ਨਗਰ ਦੀ ਉਸਾਰੀ ਸ਼ੁਰੂ ਕੀਤੀ।

ਧੰਨਵਾਦ ਸ.ਸ. ਹੁੰਦਲ- ਸੰ.

Sardar Ajit Singh- freedom fighter who held on till the day of Independence

Sardar Ajit Singh Sandhu (23 Feb 1881-15 Aug 1947) was from a prominent family. His elder brother was Sardar Kishen Singh Sandhu- the father of Sardar Bhagat Singh. Ajit Singh was one of the first men in Punjab to openly show resentment of the high-handedness of the British rulers and publicly criticize the government. Even as a child he questioned the 'Salaaming' (bowing in courtesy) that his elder grandfather did to younger men- British Sahibs (masters) who in his opinion were ill mannered and too stupid of being able to learn to speak Punjabi any better than a child!

Early Years

He was born at Khatkar Kalan village in the then Jalandhar District, the son of Arjan Singh and Jai Kaur. Educated as a child in the village school, he matriculated from his uncle's middle school at Jalandhar (Sain Dass Anglo Sanskrit High School), and went on to study at DAV College, Lahore. Later, he attended the Law College, at Bareily, but soon his childhood dislike of the British rulers of Punjab was rekindled and he plunged, heart and soul, into the freedom movement - dropping his law studies.

Arya Samaj philosophy, which emphasised social reform and nationalism, had a profound influence on Singh and his family. This philosophy also significantly impacted his nephew, Bhagat Singh, who later become one of India's most iconic revolutionaries.

In 1903, Lord Curzon held a Darbar for all Kings and Queens of the Princely States of India- after which, Ajit Singh decided to organize these Maharajas (Rulers) of the Princely States to unite against the British!

In an effort to fully understand the minds of his adversaries, he started giving lessons in Urdu and Punjabi -many British officers too were his students!

After attending the 1906 Congress session in Calcutta, he was not satisfied with it's approach and path, and wished to find a different path.

Agrarian agitation in Punjab

In 1906-07 there was an agrarian agitation in Punjab, due to the passing of the Punjab Land Colonization Bill (1906)- which had increased the rates of land revenue and irrigation tax - thereby creating widespread discontent in the rural areas. The Colonization Bill also aimed to stop any further fragmentation of land holdings in the Chenab Colony by introducing the idea of "primogeniture" - eldest son being passed all the property of his father, as was the custom with British Royals. The Chenab Colony was mostly inhabited by Sikh ex-soldiers. This Bill was resented by the farmers, seeing it as unjustified interference in their traditional rights related

to the division of property.

Popular feelings were further aroused by the 1907 prosecution of the editor of the "Punjabee", an English language bi-weekly newspaper, which often published anti-government views.

Ajit Singh and his elder brother, Sardar Kishen Singh and Ghasita Ram formed the Bharat Mata Society, hoping to arouse the public against the Bill. They also launched a campaign of agitation against British rule in India. To help with this, they sought to enlist the assistance of Lala Lajpat Rai, who however considered the idea rash, going so far as to call Ajit Singh a hothead. A large number of protest meetings and demonstrations against the Colonization Bill were held in Punjab- not only in villages but also in important cities such as Rawalpindi, Gujranwala, Multan, Lahore

1940, In Brazil, in disguise

and Amritsar. Many of these were addressed by Ajit Singh who had become a virulent critic of the government. Besides referring to the immediate problems the peasantry faced, he exhorted the people to strive for the freedom of the country and work towards ending foreign rule.

Ajit Singh famously led the Pagri Sambhal Jatta Movement and was declared a political rebel. In 1907, after giving a speech after which the crowds grew unruly and threatening for British citizens and businesses (it was the 50th anniversary of the Sepoi Mutiny and the British were growing very fearful of their small numbers).

Lala Lajput Rai was arrested, a warrant was out for Ajit Singh's arrest too. Ajit volunteered his own arrest - informing the British as to when and where he would be walking alone!

On the recommendation of the Punjab Government, the Government of India deported Lala Lajpat Rai and Ajit to Mandalay Jail in Burma. On November 11th, he returned to Punjab amid much popular acclaim. He soon resumed his anti-British activities.

He launched a newspaper, "Peshwa", with Sufi Amba Prasad as its editor. He also brought out a series of tracts and pamphlets, such as Baghi Masiha, Muhibban-i-Watan (Lovers of the Nation), "Bandar Baant" (monkey's justice- Tr.) and "Ungali Pakarte Panja Pakra", (an idiom) attacking British rule in India.

Fearing prosecution for an article in the "Peshwa", Ajit Singh, along with Zia ul Haq, escaped to Persia in 1908. There he continued to work for India`s freedom and succeeded in building up a small revolutionary centre at Shiraz. The recruits to these groups included young nationalists like Rhishikesh Letha and Thakur Das.

In May 1910, he and his associates started a revolutionary journal, the Hayat, in Persian. In September 1910, he shifted to Bushire, with a view to establishing contact with his comrades in India through Indian traders and seamen. His activities alarmed the British government. Considering further residence in Iran unsafe, Ajit Singh proceeded to Turkey via Russia - where he met Mustafa Kamal Pasha (Atta Turk) the Turkish general and statesman who later became the father of modern Turkey.

Towards the end of 1913, Ajit departed from Turkey and shifted to Paris, France, where, after working briefly with Indian revolutionaries, he left soon after the outbreak of World War I, to go to Brazil - where he remained from 1914 to 1932.

From Brazil it was easier for him to be in touch with the leaders of the Ghadar Party in the United States. He also formed a society of Indians settled in Brazil to make them aware of their duty towards their mother country and also to raise funds to support India`s struggle for freedom.

In 1918, he came in close contact with the Ghadar Party in San Francisco. Later he shifted to Switzerland where



he made the acquaintance of Lala Har Dayal and revolutionaries from other parts of the world- South America, Germany, Italy, Poland, Russia, Egypt and Morocco. Here he also met the Italian leader and future dictator -Mussolini- and the famous Russian revolutionist - Trotsky. From 1932 to 1938, Ajit Singh worked in France, Switzerland and Germany renewing his contacts with the Indian revolutionaries working in Europe.

He wanted to return to India where, he thought, he could work more effectively for the cause dear to his heart- but the government, viewing him as a "dangerous agitator" and an "undesirable foreigner" (he had secured Brazilian citizenship), did not allow his entry into the country.

In 1939, he returned to Europe and on the eve of World War II, Ajit Singh shifted to Italy, where, in order to intensify his activities and mobilise Italian public and government-support in favour of India, he formed the Friends of India Society. Later on he broadcasted rebellion to Indian troops in Africa and worked to raise troops from the captured

Indian soldiers imprisoned in Italy -forming a revolutionary army of the Indian prisoners of war. His passionate speeches in Hindustani broadcast from Rome by Radio and his own example of sacrifice and suffering for the country had a deep impact on the Indian soldiers.

He advised Netaji Subhas Chandra Bose to learn to speak Hindustani, as Netaji had only been able to enlist 25 members in his Berlin Azad Hind Fauj, whereas Ajit and his partners in Italy had raised more than 10,000 men.

After the fall of Italy, Ajit Singh was imprisoned and kept in an Italian jail and later, when the Germans surrendered, he was shifted to a jail in Germany. The British intended to see that he was punished for his work on behalf of the Axis powers. At one time in the care of an American camp, he shared the facts of why he had worked against the British in the war - and was promtly freed to go where he wanted - by an American officer who considered him a patriot like those that had worked to win America's freedom from the British rule. But the British were quick to arrest him again. After suffering from imprisonment in bad, often cold, damp conditions with little food or medical treatment (once he thought he was purposely mis-diagnosed with tuberculosis and then forced to sleep between two very ill tuberculosis patients!) Locked up in Germany, he was eventually released. He finally made it to Britain -and the good care of his well wishers and admirers.

In 1946, he came back to India at the invitation of Pandit Jawaharlal Nehru -reaching Karachi on 8 March, 1847. After participating in the Asian Relations Conference then in session in Delhi, he came to Dalhousie. There in poor health, he breathed his last, ironically, on the very day that India got its Independence -the cause for which he had laboured his whole adult life.

His last words were - "Thank God, my mission is fulfilled."

Ajit Singh Memorial

A samadhi in his memory is located at Panjpula, a popular and scenic picnic spot in Dalhousie. Perhaps less well known than Bose, and not featured in films like his famous nephew Sardar Bhagat Singh, he was never-the-less a leading figure in the cause of India's independence.

(with sikhnet and Wiki

Femina means - 'one who breastfeeds' !!

Fēmina is the Latin word for "woman". It traces back to the Proto-Indo-European (PIE) root *d\textsuperscript{\textsymbol{h}}eh\textsubscript{1}(y)- meaning "to suck" or "suckle".

Literally translated, fēmina means "she who suckles", originally describing a nursing mother or one who breastfeeds.

The Latin fēmina is the source of many English words directly related to women and the female sex:

Feminine: Traces back to Latin fēminīnus (meaning feminine or characteristic of women).

Female: Derives from Latin fēella, the diminutive form of fēmina (meaning "little woman").

Despite the similar spellings, it has no historical connection to the word "male".

Feminism: Builds upon the root to describe movements for women's equality.

This ancient root also spawned a vast linguistic family tree connected to motherhood, fertility, and nourishment. For example, the Latin word fīlius (son) and fīlia (daughter) share the same origin, translating literally to "the one who is suckled". Similarly, words like fēcundus (fertile/fruitful) and felix (which originally meant fruitful/nursing but evolved to mean "happy" or "lucky") belong to this group.

Explore the detailed lineage on Etymonline or consult the entry on Wiktionary.

OVER TEA-

Stories from an Earlier India

By: Inderjit Singh Jaijee; Narrated to and Edited by: Dona Suri

2026, Kindle Direct Publishing.

Dedicated to his late wife,
Daljit Kaur Jaijee, IAS. Punjab.

"A work of memoir, not history. The stories are drawn from memory, conversation and personal recollection."



Anecdotal, historical, humorous, poignant

Just finished reading this delightful little book of 125 pages (by a ninety five year old, who has seen "a rapidly changing Punjab" of the past nine decades and more). Obviously one is curious to know first hand the sights, sounds and feel of the Punjab and indeed, India, of all these nine decades.

The writer's promise is that we shall "find all manner of people in this small book—from ayahs and mirasis to princelings, tribal chiefs, bureaucrats, and dacoits." ... "farmers ...bureaucrats and dacoits all looking for a way out.. and around...power..")

And "what I witnessed in 1947... The stories span my corporate career, which took me to many remote parts of India, my return to Punjab after Operation Blue Star, my experiences of arrest and jail, my time in politics, and—to me, my most important work—three decades supporting rural families affected by the suicide crisis" (the unrelenting agriculture related suicides).

"I belong to the Sangrur District. My childhood unfolded against the backdrop of the Praja Mandal, Singh Sabha, and Akali Dal movements. My father was prominent among those challenging princely autocracy. When Punjab plunged into turmoil in the mid-'80s and '90s, like my father, I felt a responsibility to stand up for human rights. In the last decades of my life, I have tried to help the destitute families of Punjab's rural suicide victims."

Belonging to an elite family, but with a democratic spirit and approach that rings true. The humour is infectious and springs out from the printed page, so much so that we could well find ourselves guffawing!

The language in itself is a delight and each word seems well crafted and in its right place. As is the title of the book- "Over Tea"- the format chosen to tell varied stories in an informal, unchronicled manner.

Are you ready to meet a notorious yet worry-eaten dacoit of Punjab? The renowned bhalwan Gama, who, the author informs us, was quite small in size in comparison to his equally felicitated adversary? And - Gama revealing his secret weapon to this curious youngster? A North Eastern chief who has a wife, a first divorced wife and a second divorced wife- all living under the same roof (formally introduced to the author as such)?

The writer, adventurous and dynamic from adolescence, has been active all his life and at ninety five he has very energetically offered us a book with a twinkle in his eye and also a clear conscience- with a sense of having done his utmost to physically and financially lessen the burden of the farmers of his state- as a controversial human rights activist - despite his "angelic wife's high post in the government". He stood and won in the most important yet threatened elections to the state assembly, something that needed conviction and even - bravery (S.S. Barnala's election as CM of Punjab)- when few committed voters were humorously termed "imminent shaheeds". A few authentic illustrative sketches add to the mood and power of the book.

Poonam Singh, ED

Available online, Amazon offers free online reading (free sample preview, via Kindle Unlimited). Details, sample pages at amazon.in

HARTEJ HOSPITAL

Email: hartejnursinghome@gmail.com www.hartejnursinghome.com

RANJIT AVENUE, AMRITSAR

25 *years of Care Compassion and Commitment*

Always with you and for you

HARTEJ HOSPITAL

A- 290-293, Ranjit Avenue,
Ajnala Road, Amritsar
Ph: 2503613, 93177-35711

FACILITIES

SURGERY
- General Surgery
- Surgery for Hernias
- Breast Surgery
- Thyroid Surgery
- Abdominal Surgeries

CARDIAC SURGERIES
- CABG
- Valve Replacement

GYNAE & OBSTS.
- Antenatal Normal & High risk deliveries
- Hysterectomy Laproscopic
- Abdominal Vaginal
- NDVH (Stichless Hysterectomy)
- Diagnostic & Operative Hysteroscopy
- Recanalisation

LAPROSCOPIC SURGERIES
- For Gallbladder Stones
- Appendix
- Hernia
- Other advanced Lapro. Surgeries
- Lap. Hysterectomy
- Lap. Ovarian
- Lap. Ectopic

ORTHOPAEDIC & JOINT REPLACEMENT
- All sorts of Fracture Management
- Interlocking
- Joint Replacement Hip & Knee (THR & TKR)
- Arthroscopy
- Spine Disease & Injuries

GASTROENTROLOGY
- Diseases of Liver & Pancreas
- Endoscopy
- ERCP

UROLOGY & ENDOUROLOGY
- All types of Urology Surgeries
- TURP
- PCNL
- TURBT
- Lap. Nephrectomy
- Lap. Pyeloplasty

- All sorts of Trauma
- Poisoning Cases
- Burns Management
- 24hrs. Emergency Services
- Dialysis
- Plastic Surgery
- Orofacial Surgery
- ENT Surgery
- General Medicine
- Pediatrics

A PROJECT BY
PSP GROUP
A Tradition of Trust
LUXURIO
SUKH PLAZA
BETTER THAN EXPECTED
SMART INVESTMENT CHOICE
PREMIUM
COMMERCIAL SPACES
Invest in a destination designed for
business, lifestyle & long-term growth.
LEMON TREE
DRIVE-THRU
SHOWROOMS
ENTERTAINMENT
FOOD COURT
HOTEL
AMPLE PARKING
SUKH CITY SAROVAR
PREMIUM HOMES.
PROMISING TOMORROWS.
SUKH CITY SAROVAR
SECURE | GREEN | TRANQUIL LIVING
THOUGHTFULLY PLANNED SPACES
NH-05, Chandigarh-Ludhiana Highway
Kharar, SAS Nagar (Mohali), Punjab
www.pspgroup.co.in